ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 161| 5 Feb. to 11 Feb., 2025 | Ph.: (510) 240-5949 | Email: asrtimes@gmail.com



## ਡੰਕੀ ਤੋਂ ਡਿਪੋਰਟ ਤੱਕ - ਪਰਵਾਸ ਦਾ ਦੁਖਾਂਤ

# ਟਰੰਪ ਦੀਆਂ ਨੀਤੀਆਂ ਨੇ ਪੂਰੀ ਦੁਨੀਆਂ 'ਚ ਮਚਾਈ ਖਲਬਲੀ

**ਬਲਰਾਜ ਪਨੂੰ**

ਜਨਵਰੀ ਦੇ ਅਖੀਰ ਤੋਂ ਹੀ ਇਹ ਖ਼ਬਰ ਸੁਰਖ਼ੀਆਂ ਦੇ ਵਿੱਚ ਰਹੀ ਹੈ ਕਿ ਅਮਰੀਕਾ ਦੇ ਕਈ ਏਅਰਪੋਰਟ 'ਤੇ ਭਾਰਤੀਆਂ ਦੀ ਭੀੜ ਜੁੜੀ ਹੋਈ ਹੈ। ਅਸਲ ਦੇ ਵਿੱਚ ਡੋਨਾਲਡ ਟਰੰਪ ਦੀ ਸਰਕਾਰ ਨੇ ਗ਼ੈਰਕਾਨੂੰਨੀ ਢੰਗ ਦੇ ਨਾਲ ਅਮਰੀਕਾ ਵਿੱਚ ਰਹਿ ਰਹੇ ਵੱਖ- ਵੱਖ ਮੁਲਕਾਂ ਦੇ ਲੋਕਾਂ ਨੂੰ ਉਹਨਾਂ ਦੇ ਵਤਨ ਵਾਪਸ ਭੇਜਣ ਦੀ ਪ੍ਰਕ੍ਰਿਆ ਸ਼ੁਰੂ ਕੀਤੀ ਸੀ। ਆਪ੍ਰੇਸ਼ਨ ਘਰ ਵਾਪਸੀ ਦੇ ਨਾਮ ਨਾਲ ਭਾਰਤ ਦੇ ਵਿੱਚ ਪ੍ਰਸਿੱਧ ਹੋਇਆ। ਇਹ ਮਾਈਗ੍ਰੇਸ਼ਨ ਭਾਰਤ ਦੇ ਇਤਿਹਾਸ ਦੀ ਸਭ ਤੋਂ ਵੱਡੀ ਵਾਪਸੀ ਹੋਵੇਗੀ। ਇਸ ਪ੍ਰਕ੍ਰਿਆ ਤਹਿਤ 104 ਭਾਰਤੀਆਂ ਨੂੰ ਅੱਜ ਡਿਪੋਰਟ ਕੀਤਾ ਗਿਆ ਅਤੇ ਅਮਰੀਕੀ ਫ਼ੌਜ ਦੇ ਜਹਾਜ਼ ਦੇ ਰਾਹੀਂ ਭਾਰਤ ਰਵਾਨਾ ਕੀਤਾ ਗਿਆ। ਅਮਰੀਕਾ ਦੀ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ ਭਾਵ ਆਈ.ਸੀ.ਈ. ਦੀ ਲਿਸਟ ਦੇ ਅਨੁਸਾਰ 19 ਹਜ਼ਾਰ ਦੇ ਕਰੀਬ ਭਾਰਤੀਆਂ ਨੂੰ ਡਿਪੋਰਟ ਕੀਤਾ ਜਾਣਾ ਹੈ। 31 ਜਨਵਰੀ ਤੱਕ ਆਈ.ਸੀ.ਈ. ਦੀ ਟੀਮ ਨੇ ਕਾਰਵਾਈ



ਕਰਕੇ 1700 ਪ੍ਰਵਾਸੀ ਭਾਰਤੀਆਂ ਨੂੰ ਹਿਰਾਸਤ ਦੇ ਵਿੱਚ ਲੈ ਲਿਆ ਸੀ। ਤੁਹਾਨੂੰ ਯਾਦ ਕਰਵਾ ਦੇਈਏ ਕਿ ਅਕਤੂਬਰ 2023 ਤੋਂ ਸਤੰਬਰ 2024 ਦੇ ਦੌਰਾਨ ਅਮਰੀਕਾ ਤੋਂ 1100 ਗ਼ੈਰਕਾਨੂੰਨੀ ਪਰਵਾਸੀਆਂ ਨੂੰ ਚਾਰਟਰਡ ਫ਼ਲਾਈਟ ਦੇ ਵਿੱਚ ਭਾਰਤ ਭੇਜਿਆ ਗਿਆ ਸੀ। ਟਰੰਪ ਸਰਕਾਰ ਦੇ ਵੱਲੋਂ ਜਿਸ ਸਮੇਂ ਇਹ ਕਾਰਵਾਈ ਹੋ ਰਹੀ ਹੈ, ਉਸੇ ਸਮੇਂ ਦੌਰਾਨ 12 ਫ਼ਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋ ਦਿਨਾਂ ਦੀ ਅਮਰੀਕਾ ਯਾਤਰਾ 'ਤੇ ਜਾ ਰਹੇ ਹਨ। ਟਰੰਪ ਸਰਕਾਰ ਹੁਣ ਤਕ 4 ਛੋਟੇ ਦੇਸ਼ ਗੁਆਟੇਮਾਲਾ, ਹੋਨਡੂਰਾਸ, ਇਕਵਾਡੋਰ ਤੇ ਪੇਰੂ ਦੇ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰ ਚੁੱਕੀ ਹੈ ਤੇ ਭਾਰਤ ਪੰਜਵਾਂ ਦੇਸ਼ ਹੈ, ਜਿਸ ਦੇ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸ਼ਾਇਦ ਹੀ ਕਿਸੇ ਅਮਰੀਕੀ ਰਾਸ਼ਟਰਪਤੀ ਬਣਨ 'ਤੇ ਦੁਨੀਆਂ ਵਿੱਚ ਖਲਬਲੀ ਮਚੀ ਹੋਵੇ, ਜਿੰਨੀ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ 'ਤੇ ਮਚੀ ਹੈ ਕਿਉਂਕਿ ਸੁਭਾਅ ਤੋਂ ਥੋੜ੍ਹਾ ਜਿਹਾ ਸਨਕੀ, ਥੋੜ੍ਹਾ ਜਿਹਾ ਹੰਕਾਰੀ ਤੇ ਹੋਰ ਵੀ ਕਈ ਨਿੱਕੇ ਮੋਟੇ ਗੁਣਾਂ ਤੇ ਔਗੁਣਾਂ ਵਾਲਾ ਬੰਦਾ ਦੁਨੀਆਂ ਦਾ ਸਭ ਤੋਂ ਤਾਕਤਵਰ ਆਦਮੀ ਬਣ ਗਿਆ। ਰਾਸ਼ਟਰਪਤੀ ਬਣਨ ਤੋਂ ਲੈ ਕੇ ਹੁਣ ਤੱਕ ਕੈਨੇਡਾ, ਚੀਨ, ਭਾਰਤ, ਪਨਾਮਾ, ਗ੍ਰੀਨਲੈਂਡ, ਬ੍ਰਿਕਸ ਦੇਸ਼ਾਂ, ਡੈਨਮਾਰਕ, ਮੈਕਸੀਕੋ, ਰੂਸ ਤੇ ਪਤਾ ਨਹੀਂ ਹੋਰ ਕਿੰਨਿਆਂ ਕੁ ਨੂੰ ਧਮਕੀਆਂ ਦੇ ਦੇ ਕੇ ਸੁੱਕਣੇ ਪਾਇਆ ਹੋਇਆ ਹੈ। ਹਰ ਰੋਜ਼ ਇੱਕ ਨਵਾਂ ਨਿਸ਼ਾਨਾ ਫ਼ੁੰਡ ਦਿੰਦਾ ਹੈ। ਕਦੇ ਚੀਨ ਨੂੰ ਟੈਰਿਫ਼ ਵਧਾਉਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਵਾਧਾ ਕਦੇ 60 ਫ਼ੀਸਦੀ ਦੱਸਿਆ ਜਾਂਦਾ ਹੈ ਕਦੇ 20 ਫ਼ੀਸਦੀ ਤੇ ਕਦੇ 10 ਫ਼ੀਸਦੀ। ਹਾਸੋਹੀਣੀ ਗੱਲ ਤਾਂ ਉਦੋਂ ਲੱਗਦੀ ਹੈ ਜਦੋਂ ਬ੍ਰਿਕਸ ਦੇਸ਼, ਜਿਨ੍ਹਾਂ ਵਿੱਚ ਭਾਰਤ ਤੇ ਚੀਨ ਵੀ ਸ਼ਾਮਲ ਹਨ, ਨੂੰ 100 ਫ਼ੀਸਦੀ ਟੈਰਿਫ਼ ਦੀਆਂ ਧਮਕੀਆਂ ਮਿਲ ਰਹੀਆਂ ਸਨ। ਉਂਝ ਟਰੰਪ ਨੇ ਆਪਣੇ ਸਹੁੰ ਚੁੱਕ ਸਮਾਗਮ ਦੇ ਵਿੱਚ ਪਹਿਲੇ 100 ਦਿਨਾਂ ਵਿੱਚ ਬੀਜਿੰਗ ਜਾਣ ਦੀ ਇੱਛਾ ਵੀ ਪ੍ਰਗਟਾਈ ਸੀ।

(ਬਾਕੀ ਸਫ਼ਾ 30 'ਤੇ)

## ਅਮਰੀਕੀ ਜਹਾਜ਼ ਡਿਪੋਰਟ ਕੀਤੇ ਭਾਰਤੀਆਂ ਨੂੰ ਲੈ ਕੇ ਅੰਮ੍ਰਿਤਸਰ ਏਅਰਪੋਰਟ 'ਤੇ ਉਤਰਿਆ




ਅੰਮ੍ਰਿਤਸਰ/ਏ.ਟੀ.ਨਿਊਜ਼: ਅਮਰੀਕਾ ਵੱਲੋਂ ਡਿਪੋਰਟ ਕੀਤੇ ਗਏ ਭਾਰਤੀਆਂ ਦਾ ਜਹਾਜ਼ ਅੰਮ੍ਰਿਤਸਰ ਏਅਰਪੋਰਟ 'ਤੇ ਲੈਂਡ ਹੋ ਗਿਆ ਹੈ। ਅਮਰੀਕਾ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖ਼ਤ ਹੁਕਮਾਂ ਮਗਰੋਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ, ਜਿਸ ਤਹਿਤ ਭਾਰਤ ਦੇ 104 ਲੋਕਾਂ ਨੂੰ ਲੈ ਕੇ ਪਹਿਲਾ ਜਹਾਜ਼ ਅੱਜ ਅੰਮ੍ਰਿਤਸਰ ਪਹੁੰਚਿਆ ਹੈ। ਇੱਥੇ ਹੁਣ ਇਸ ਵਿੱਚ ਸਵਾਰ ਲੋਕਾਂ ਦੀ ਪੂਰੀ ਪੜਤਾਲ ਕੀਤੀ ਜਾ ਰਹੀ ਹੈ ਤੇ ਅਪਰਾਧਕ ਪਿਛੋਕੜ ਵਾਲੇ ਲੋਕਾਂ ਨੂੰ ਮੌਕੇ ਤੋਂ ਹੀ ਗ੍ਰਿਫ਼ਤਾਰ ਵੀ ਕੀਤਾ ਜਾਵੇਗਾ।

ਜਾਣਕਾਰੀ ਮੁਤਾਬਕ ਅਮਰੀਕਾਂ ਵੱਲੋਂ ਡਿਪੋਰਟ ਕੀਤੇ ਗਏ ਇਨ੍ਹਾਂ ਲੋਕਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਟ੍ਰੈਵਲ ਏਜੰਟ, ਰੂਟ ਤੇ ਵਿਦੇਸ਼ ਜਾਣ ਦੇ ਕਾਰਨ ਸਣੇ ਕਈ ਤਰ੍ਹਾਂ ਦੇ ਸਵਾਲ ਪੁੱਛੇ ਜਾ ਰਹੇ ਹਨ। ਇਸ ਦੇ ਨਾਲ ਹੀ ਇੱਥੇ ਕੋਈ ਅਪਰਾਧ ਕਰ ਕੇ ਅਮਰੀਕਾ ਭੱਜੇ ਲੋਕਾਂ ਨੂੰ ਏਅਰਪੋਰਟ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

(ਬਾਕੀ ਸਫ਼ਾ 30 'ਤੇ)

## ਦੇਸ਼ ਨਿਕਾਲਾ ਮੁਹਿੰਮ ਖ਼ਿਲਾਫ਼ ਅਮਰੀਕਾ 'ਚ ਪ੍ਰਦਰਸ਼ਨ

ਲਾਸ ਏਂਜਲਸ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪਰਵਾਸੀਆਂ ਦੀ ਵੱਡੇ ਪੱਧਰ 'ਤੇ ਦੇਸ਼ ਨਿਕਾਲਾ ਮੁਹਿੰਮ ਦੇ ਵਿਰੋਧ 'ਚ ਦੱਖਣੀ ਕੈਲੀਫ਼ੋਰਨੀਆ 'ਚ ਹਜ਼ਾਰਾਂ ਲੋਕਾਂ ਨੇ ਰੋਸ ਮਾਰਚ ਕੀਤਾ। ਲਾਸ ਏਂਜਲਸ 'ਚ ਪ੍ਰਦਰਸ਼ਨਕਾਰੀਆਂ ਨੇ ਕਰੀਬ ਪੰਜ ਘੰਟੇ ਤੱਕ ਅਹਿਮ ਮਾਰਗ ਨੂੰ ਜਾਮ ਰੱਖਿਆ। ਪ੍ਰਦਰਸ਼ਨਕਾਰੀ ਸਵੇਰੇ ਹੀ ਲਾਸ ਏਂਜਲਸ ਦੀ ਇਤਿਹਾਸਕ ਓਲਵੇਰਾ ਸਟਰੀਟ 'ਤੇ ਇਕੱਠੇ ਹੋਏ ਅਤੇ ਸਿਟੀ ਹਾਲ ਵੱਲ ਮਾਰਚ ਸ਼ੁਰੂ ਕੀਤਾ। ਉਨ੍ਹਾਂ ਹੱਥਾਂ 'ਚ 'ਕੋਈ ਵੀ ਗ਼ੈਰ-ਕਾਨੂੰਨੀ ਨਹੀਂ' ਵਰਗੇ ਬੈਨਰ ਫ਼ੜੇ ਹੋਏ ਸਨ ਅਤੇ ਉਹ ਇਮੀਗਰੇਸ਼ਨ ਸੁਧਾਰਾਂ ਨੂੰ ਲੈ ਕੇ ਨਾਅਰੇਬਾਜ਼ੀ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਹੱਥਾਂ 'ਚ ਮੈਕਸਿਕੋ ਅਤੇ ਅਮਰੀਕਾ ਦੇ ਝੰਡੇ ਵੀ ਫ਼ੜੇ ਹੋਏ ਸਨ। ਇਕ ਬੈਨਰ 'ਤੇ 'ਇਮੀਗਰੈਂਟਸ ਮੇਕ ਅਮਰੀਕਾ ਗਰੇਟ' ਲਿਖਿਆ ਹੋਇਆ ਸੀ। ਦੁਪਹਿਰ ਤੱਕ ਪ੍ਰਦਰਸ਼ਨਕਾਰੀਆਂ ਨੇ ਯੂਐੱਸ 101 ਦੀਆਂ ਸਾਰੀਆਂ ਲੇਨਾਂ ਨੂੰ ਜਾਮ ਕਰ ਦਿੱਤਾ ਜਿਸ ਨਾਲ ਦੋਵੇਂ ਪਾਸਿਆਂ 'ਤੇ ਆਵਾਜਾਈ ਠੱਪ ਹੋ ਗਈ। ਕੈਲੀਫ਼ੋਰਨੀਆ ਹਾਈਵੇਅ ਪੈਟਰੋਲ ਅਤੇ ਲਾਸ ਏਂਜਲਸ ਪੁਲੀਸ ਵਿਭਾਗ ਨੇ ਕਿਹਾ ਕਿ ਕਿਸੇ ਵੀ ਪ੍ਰਦਰਸ਼ਨਕਾਰੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਰਿਵਰਸਾਈਡ ਸ਼ਹਿਰ 'ਚ ਵੀ ਸੈਂਕੜੇ ਲੋਕਾਂ ਨੇ ਪ੍ਰਦਰਸ਼ਨ ਕੀਤੇ। ਵਾਹਨ ਚਾਲਕਾਂ ਨੇ ਪ੍ਰਦਰਸ਼ਨਕਾਰੀਆਂ ਦੇ ਹੱਕ 'ਚ ਹਾਰਨ ਵਜਾਏ। ਸਾਂ ਡਿਏਗੋ 'ਚ ਸੈਂਕੜੇ ਲੋਕਾਂ ਨੇ ਸ਼ਹਿਰ ਦੇ ਕਨਵੈਨਸ਼ਨ ਸੈਂਟਰ ਨੇੜੇ ਪ੍ਰਦਰਸ਼ਨ ਕੀਤਾ। ਟੈਕਸਸ ਅਤੇ ਡੱਲਾਸ 'ਚ ਕਰੀਬ 1,600 ਵਿਅਕਤੀਆਂ ਨੇ ਰੈਲੀਆਂ ਕੀਤੀਆਂ।

## ਗ਼ੈਰ-ਕਾਨੂੰਨੀ ਦੇਸ਼ ਨਿਕਾਲਾ ਕੂਟਨੀਤਕ ਅਸਫ਼ਲਤਾ ਨੂੰ ਉਜਾਗਰ ਕਰਦੈ ਅਤੇ ਪੰਜਾਬੀਆਂ ਨੂੰ ਨਿਸ਼ਾਨਾ ਬਣਾਉਂਦੈ: ਅਜੈਪਾਲ ਸਿੰਘ ਬਰਾੜ

ਚੰਡੀਗੜ੍ਹ/ਏ.ਟੀ.ਨਿਊਜ਼ :-ਅਜੈਪਾਲ ਸਿੰਘ ਬਰਾੜ ਨੇ ਅਮਰੀਕਾ ਤੋਂ ਭਾਰਤੀ ਪ੍ਰਵਾਸੀਆਂ ਨੂੰ ਹਾਲ ਹੀ ਵਿੱਚ ਦੇਸ਼ ਨਿਕਾਲਾ ਦਿੱਤੇ ਜਾਣ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਇਸ ਨੂੰ ਟਰੰਪ ਪ੍ਰਸ਼ਾਸਨ ਵੱਲੋਂ ਰਾਜਨੀਤਿਕ ਅਤੇ ਫ਼ੌਜੀ ਸਰਦਾਰੀ ਦਾ ਸਪੱਸ਼ਟ ਪ੍ਰਦਰਸ਼ਨ ਦੱਸਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਨਿਕਾਲੇ ਲਈ 'ਸੀ-17' ਵਰਗੇ ਫ਼ੌਜੀ ਜਹਾਜ਼ ਦੀ ਵਰਤੋਂ ਕਰਨਾ 'ਭਾਵੇਂ ਇਹ ਇੱਕ ਨਾਗਰਿਕ ਉਡਾਣ ਨਾਲੋਂ ਪੰਜ ਤੋਂ ਅੱਠ ਗੁਣਾ ਮਹਿੰਗਾ ਹੈ' ਪ੍ਰਧਾਨ ਮੰਤਰੀ ਮੋਦੀ ਦੇ ਅਮਰੀਕਾ ਦੌਰੇ ਤੋਂ ਕੁਝ ਦਿਨ ਪਹਿਲਾਂ ਦਬਦਬਾ ਸਥਾਪਤ ਕਰਨ ਅਤੇ ਭਾਰਤ ਨੂੰ ਅਪਮਾਨਿਤ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਸੀ। ਉਨ੍ਹਾਂ ਕਿਹਾ ਕਿ ਇਹ ਭਾਰਤ ਸਰਕਾਰ ਦੀ ਪੂਰੀ ਕੂਟਨੀਤਕ ਅਸਫ਼ਲਤਾ ਨੂੰ ਉਜਾਗਰ ਕਰਦਾ ਹੈ। ਇਸ ਤੋਂ ਇਲਾਵਾ, ਬਰਾੜ ਨੇ ਭਾਰਤ ਸਰਕਾਰ ਦੇ ਦੇਸ਼ ਨਿਕਾਲੇ ਦੇ ਜਹਾਜ਼ ਨੂੰ ਦਿੱਲੀ ਦੀ ਬਜਾਏ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਉਤਾਰਨ ਦੇ ਫ਼ੈਸਲੇ ਦੀ ਆਲੋਚਨਾ ਕੀਤੀ, ਇਸਨੂੰ ਆਪਣੀ ਛਵੀ ਬਚਾਉਣ ਲਈ ਇੱਕ ਕਦਮ ਦੱਸਿਆ। ਉਨ੍ਹਾਂ



ਦਲੀਲ ਦਿੱਤੀ ਕਿ ਜੇਕਰ ਜਹਾਜ਼ ਰਾਸ਼ਟਰੀ ਰਾਜਧਾਨੀ ਵਿੱਚ ਉਤਰਿਆ ਹੁੰਦਾ, ਤਾਂ ਇਹ ਸਰਕਾਰ ਲਈ ਇੱਕ ਵੱਡੀ ਸ਼ਰਮਿੰਦਗੀ ਵਾਲੀ ਗੱਲ ਹੁੰਦੀ ਜੋ ਅਮਰੀਕੀ ਪ੍ਰਸ਼ਾਸਨ ਨਾਲ ਮਜ਼ਬੂਤ ਸਬੰਧਾਂ ਦਾ ਦਾਅਵਾ ਕਰਦੀ ਹੈ। ਉਨ੍ਹਾਂ ਨੇ ਪੰਜਾਬੀਆਂ ਨੂੰ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਵਿੱਚ ਸ਼ਾਮਲ ਮੁੱਖ ਸਮੂਹ ਵਜੋਂ ਗਲਤ ਢੰਗ ਨਾਲ ਪੇਸ਼ ਕਰਕੇ ਉਨ੍ਹਾਂ ਦੇ ਅਕਸ ਨੂੰ ਖਰਾਬ ਕਰਨ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ ਦੀ ਵੀ ਨਿੰਦਾ ਕੀਤੀ। ਬਰਾੜ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼ ਨਿਕਾਲਾ ਦਿੱਤੇ ਗਏ ਵਿਅਕਤੀ ਭਾਰਤ ਭਰ ਦੇ ਵੱਖ-ਵੱਖ ਰਾਜਾਂ ਤੋਂ ਸਨ, ਪਰ ਸਰਕਾਰ ਅਤੇ ਮੀਡੀਆ ਚੋਣਵੇਂ ਤੌਰ 'ਤੇ ਇੱਕ ਅਜਿਹੇ ਬਿਰਤਾਂਤ ਨੂੰ ਅੱਗੇ ਵਧਾ ਰਹੇ ਸਨ ਜੋ ਪੰਜਾਬ ਨੂੰ ਗਲਤ ਢੰਗ ਨਾਲ ਨਿਸ਼ਾਨਾ ਬਣਾਉਂਦਾ ਹੈ। ਬਰਾੜ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਰਸਤਿਆਂ ਤੋਂ ਬਚਣ ਅਤੇ ਇਸ ਦੀ ਬਜਾਏ ਸੂਬੇ ਦੇ ਅੰਦਰ ਕਾਰੋਬਾਰ ਅਤੇ ਰੁਜ਼ਗਾਰ ਰਾਹੀਂ ਆਪਣੇ ਲਈ ਮੌਕੇ ਪੈਦਾ ਕਰਨ 'ਤੇ ਧਿਆਨ ਕੇਂਦਰਿਤ ਕਰਨ। ਉਨ੍ਹਾਂ ਨੇ ਮੌਜੂਦਾ ਅਤੇ ਪਿਛਲੀਆਂ ਸਰਕਾਰਾਂ ਦੀ ਆਲੋਚਨਾ ਕੀਤੀ ਕਿ ਉਹ ਪੰਜਾਬ ਵਿੱਚ ਅਰਥਪੂਰਨ ਨੌਕਰੀਆਂ ਅਤੇ ਆਰਥਿਕ ਵਿਕਾਸ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਨ ਵਿੱਚ ਅਸਫ਼ਲ ਰਹੀਆਂ, ਜਿਸ ਕਾਰਨ ਬਹੁਤ ਸਾਰੇ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਜੋਖਮ ਭਰੇ ਵਿਕਲਪ ਲੱਭਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਪੰਜਾਬ ਵਿੱਚ ਬੇਰੁਜ਼ਗਾਰੀ ਦੇ ਸੰਕਟ ਨੂੰ ਹੱਲ ਕਰਨ ਅਤੇ ਇੱਕ ਅਜਿਹਾ ਭਵਿੱਖ ਯਕੀਨੀ ਬਣਾਉਣ ਲਈ ਤੁਰੰਤ ਨੀਤੀਗਤ ਬਦਲਾਅ ਕਰਨ ਦੀ ਮੰਗ ਕੀਤੀ ਜਿੱਥੇ ਨੌਜਵਾਨਾਂ ਨੂੰ ਬਿਹਤਰ ਜ਼ਿੰਦਗੀ ਲਈ ਗੈਰ-ਕਾਨੂੰਨੀ ਪ੍ਰਵਾਸ ਦਾ ਸਹਾਰਾ ਨਾ ਲੈਣਾ ਪਵੇ।

# ਨਿਊਜ਼ੀਲੈਂਡ ਵਿੱਚ ਖ਼ਾਲਸਾ ਪੰਥ ਦਾ ਬੋਲਬਾਲਾ


## ਤੇਜ਼ੀ ਨਾਲ ਵਧ ਰਿਹੈ ਸਿੱਖ ਆਬਾਦੀ ਦਾ ਇਤਿਹਾਸਕ ਅਤੇ ਸੱਭਿਆਚਾਰਕ ਸਫ਼ਰ

## ਡੇਅਰੀ ਫ਼ਾਰਮਿੰਗ ਅਤੇ ਖੇਤੀਬਾੜੀ 'ਚ ਸਰਗਰਮ ਹਨ ਸਿੱਖ


ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਨਿਊਜ਼ੀਲੈਂਡ ਵਿੱਚ ਸਿੱਖ ਪੰਥ ਸਭ ਤੋਂ ਤੇਜ਼ੀ ਨਾਲ ਵਧ ਰਹੀ ਧਾਰਮਿਕ ਆਬਾਦੀ ਵਜੋਂ ਉਭਰਿਆ ਹੈ। ਹਾਲ ਹੀ ਵਿੱਚ ਜਾਰੀ ਕੀਤੇ ਗਏ 2023 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, ਨਿਊਜ਼ੀਲੈਂਡ ਵਿੱਚ ਸਿੱਖਾਂ ਦੀ ਗਿਣਤੀ 53,406 ਹੈ, ਜੋ ਕਿ ਦੇਸ਼ ਦੀ ਕੁੱਲ ਆਬਾਦੀ 49,93,923 ਦਾ 1% ਹੈ। ਪਿਛਲੇ ਦਹਾਕੇ ਦੌਰਾਨ, ਇਹ ਗਿਣਤੀ ਲਗਭਗ ਤਿੰਨ ਗੁਣਾ ਹੋ ਗਈ ਹੈ। ਹਾਲਾਂਕਿ, 2018 ਤੋਂ ਬਾਅਦ ਸਿੱਖ ਆਬਾਦੀ ਦੀ ਵਿਕਾਸ ਦਰ ਵਿੱਚ ਗਿਰਾਵਟ ਆਈ ਸੀ।

ਟਾਈਮਜ਼ ਆਫ਼ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ, 2013 ਵਿੱਚ ਸਿੱਖ ਧਰਮ ਦੇ ਪੈਰੋਕਾਰਾਂ ਦੀ ਗਿਣਤੀ 19,191 ਸੀ, ਜੋ 2018 ਵਿੱਚ ਵੱਧ ਕੇ 40,908 ਹੋ ਗਈ। ਇਹ ਵਿਕਾਸ ਦਰ 113% ਸੀ। ਹਾਲਾਂਕਿ, 2018 ਅਤੇ 2023 ਦੇ ਵਿਚਕਾਰ, ਇਹ ਵਾਧਾ 31% ਸੀ। ਇਸ ਦੇ ਪਿੱਛੇ ਕਾਰਨ 2017 ਵਿੱਚ ਲਾਗੂ ਕੀਤੇ ਗਏ ਵਿਦਿਆਰਥੀ ਵੀਜ਼ਾ ਅਤੇ ਘੱਟ ਹੁਨਰਮੰਦ ਕਾਮਿਆਂ 'ਤੇ ਪਾਬੰਦੀਆਂ ਦੱਸਿਆ ਜਾ ਰਿਹਾ ਹੈ। ਇਸ ਦੇ ਬਾਵਜੂਦ, ਸਿੱਖ ਧਰਮ ਨਿਊਜ਼ੀਲੈਂਡ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਧਰਮ ਬਣਿਆ ਹੋਇਆ ਹੈ।







ਹੋਰ ਧਾਰਮਿਕ ਕੌਮਾਂ ਦੀ ਸਥਿਤੀ ਮਰਦਮਸ਼ੁਮਾਰੀ ਦੇ ਅਨੁਸਾਰ, ਨਿਊਜ਼ੀਲੈਂਡ ਵਿੱਚ ਹਿੰਦੂਆਂ ਦੀ ਗਿਣਤੀ 1,42,008 ਹੋ ਗਈ ਹੈ, ਜੋ ਕਿ 2013 ਵਿੱਚ 89,085 ਅਤੇ 2018 ਵਿੱਚ 1,21,644 ਸੀ। ਹਾਲਾਂਕਿ, ਇਹਨਾਂ ਵਿੱਚੋਂ ਬਹੁਤ ਸਾਰੇ ਹਿੰਦੂ ਭਾਰਤੀ ਮੂਲ ਦੇ ਨਹੀਂ ਹਨ, ਕਿਉਂਕਿ ਉਹ ਫ਼ਿਜੀ ਤੋਂ ਆਏ ਪਰਵਾਸੀ ਹਨ। ਇਸ ਦੇ ਨਾਲ ਹੀ, ਨਿਊਜ਼ੀਲੈਂਡ ਦੀ ਇਸਾਈ ਆਬਾਦੀ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ। ਐਂਗਲੀਕਨ, ਕੈਥੋਲਿਕ ਅਤੇ ਮੈਥੋਡਿਸਟ ਵਰਗੇ ਇਸਾਈ ਸੰਪਰਦਾਵਾਂ ਵਿੱਚ ਗਿਰਾਵਟ ਆਈ ਹੈ। ਇਸ ਤੋਂ ਇਲਾਵਾ, 50% ਤੋਂ ਵੱਧ ਨਿਊਜ਼ੀਲੈਂਡ ਵਾਸੀ ਹੁਣ ਆਪਣੇ ਆਪ ਨੂੰ ਧਰਮਹੀਣ ਦੱਸਦੇ ਹਨ।

**ਸਿੱਖ ਭਾਈਚਾਰੇ ਦਾ ਇਤਿਹਾਸ ਅਤੇ ਯੋਗਦਾਨ**

ਨਿਊਜ਼ੀਲੈਂਡ ਵਿੱਚ ਸਿੱਖਾਂ ਦੀ ਪਛਾਣ ਪਹਿਲੀ ਵਾਰ 1890 ਦੇ ਦਹਾਕੇ ਵਿੱਚ ਹੋਈ ਜਦੋਂ ਦੋ ਭਰਾ, ਫ਼ੁੰਮਣ ਸਿੰਘ ਅਤੇ ਬੀਰ ਸਿੰਘ ਗਿੱਲ, ਪੰਜਾਬ ਤੋਂ ਆਏ। ਸ਼ੁਰੂਆਤੀ ਦੌਰ ਦੌਰਾਨ ਸਿੱਖ ਪਰਵਾਸੀਆਂ ਨੇ ਵਾਈਕਾਟੋ, ਆਕਲੈਂਡ, ਵੈਲਿੰਗਟਨ ਅਤੇ ਕ੍ਰਾਈਸਟਚਰਚ ਵਰਗੇ ਖੇਤਰਾਂ ਵਿੱਚ ਆਪਣੀਆਂ ਜੜ੍ਹਾਂ ਸਥਾਪਿਤ ਕੀਤੀਆਂ। ਉਹ ਮੁੱਖ ਤੌਰ 'ਤੇ ਡੇਅਰੀ ਫ਼ਾਰਮਿੰਗ ਅਤੇ ਖੇਤੀਬਾੜੀ ਵਿੱਚ ਸਰਗਰਮ ਸਨ ਅਤੇ ਮਾਓਰੀ ਸੱਭਿਆਚਾਰ ਨੂੰ ਵੀ ਅਪਣਾਇਆ। 1980 ਦੇ ਦਹਾਕੇ ਵਿੱਚ ਨਿਊਜ਼ੀਲੈਂਡ ਦੀ ਇਮੀਗ੍ਰੇਸ਼ਨ ਨੀਤੀ ਬਦਲ ਗਈ, ਨਸਲੀ ਵਿਤਕਰੇ ਨੂੰ ਖਤਮ ਕਰਕੇ ਇਸਦੀ ਥਾਂ ਅੰਕ-ਆਧਾਰਿਤ ਪ੍ਰਣਾਲੀ ਲਾਗੂ ਕੀਤੀ ਗਈ। ਇਸ ਤੋਂ ਬਾਅਦ, ਸਿੱਖ ਭਾਈਚਾਰੇ ਦਾ ਵੱਡੇ ਪੱਧਰ 'ਤੇ ਪਰਵਾਸ ਸ਼ੁਰੂ ਹੋ ਗਿਆ। 1991 ਤੱਕ, ਨਿਊਜ਼ੀਲੈਂਡ ਵਿੱਚ ਸਿੱਖਾਂ ਦੀ ਗਿਣਤੀ 2,061 ਸੀ। ਸਿੱਖ ਗੁਰਦੁਆਰੇ ਅਤੇ ਸੱਭਿਆਚਾਰਕ ਵਿਰਾਸਤ ਨਿਊਜ਼ੀਲੈਂਡ ਵਿੱਚ ਪਹਿਲਾ ਸਿੱਖ ਗੁਰਦੁਆਰਾ 1977 ਵਿੱਚ ਤੇ ਰਾਪਾ (ਹੈਮਿਲਟਨ) ਵਿਖੇ ਬਣਾਇਆ ਗਿਆ ਸੀ। ਇਸ ਤੋਂ ਬਾਅਦ, 1986 ਵਿੱਚ, ਓਟਾਹੂਹ ਵਿੱਚ ਦੂਜਾ ਗੁਰਦੁਆਰਾ ਸਥਾਪਿਤ ਕੀਤਾ ਗਿਆ।

ਨਿਊਜ਼ੀਲੈਂਡ ਵਿੱਚ ਸਿੱਖ ਗੁਰਦੁਆਰਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। 18 ਸਤੰਬਰ, 2022 ਦੌਰਾਨ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ ਸੀ, ਜੋ ਕਿ 25 ਗੁਰਦੁਆਰਿਆਂ ਅਤੇ ਵੱਖ-ਵੱਖ ਸੰਗਠਨਾਂ ਦੀ ਨੁਮਾਇੰਦਗੀ ਕਰਦੀ ਸੀ। ਇਹ 25 ਗੁਰੂ ਘਰਾਂ, ਸਮਾਜਿਕ ਭਲਾਈ ਦੇ ਖੇਤਰ ਕੰਮ ਕਰਦੀਆਂ ਸੰਸਥਾਵਾਂ ਤੇ ਖੇਡਾਂ ਵਿੱਚ ਗਤੀਸ਼ੀਲ ਕਲੱਬਾਂ ਵੱਲੋਂ ਰਲਕੇ ਗਠਨ ਕੀਤੀ ਗਈ ਸੀ । ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ (ਇਨਕਾਰਪੋਰੇਟਿਡ) ਦਾ ਪਹਿਲਾ ਪ੍ਰਧਾਨ ਸ. ਦਲਜੀਤ ਸਿੰਘ ਨੂੰ ਚੁਣਿਆ ਗਿਆ ਸੀ। ਬਜ਼ੁਰਗ ਆਗੂ ਸ. ਪ੍ਰਿਥੀਪਾਲ ਸਿੰਘ ਬਸਰਾ ਸੰਸਥਾ ਦੇ ਚੇਅਰਮੈਨ , ਸੈਕਟਰੀ ਜਰਨਲ ਕਰਮਜੀਤ ਸਿੰਘ ਤਲਵਾਰ, ਮੀਤ ਪ੍ਰਧਾਨ ਇਸਤਰੀ ਵਿੰਗ ਦੇ ਚੇਅਰਪਰਸਨ ਬੀਬੀ ਜੀਤ ਕੌਰ, ਨੌਜਵਾਨ ਮਾਮਲਿਆਂ ਦੇ ਚੇਅਰਪਰਸਨ ਅੰਮ੍ਰਿਤਪਾਲ ਸਿੰਘ ਮਾਨ ਬਣਾਏ ਗਏ ਸਨ। ਇਨ੍ਹਾਂ ਦਾ ਮਨੋਰਥ ਮੁਲਕ ਭਰ ਤੋਂ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਤੇ ਮਸਲਿਆਂ 'ਤੇ ਨੀਤੀਗਤ ਤਰੀਕੇ ਨਾਲ ਕੰਮ ਕਰਨਾ ਹੈ। ਸੰਸਥਾ ਦੇ ਸਾਰੇ ਚੁਣੇ ਮੁਢਲੇ ਮੈਂਬਰਾਂ ਦੀ ਪਿਛਲੇ ਦੋ ਸਾਲ ਦੀ ਕਾਰਗੁਜਾਰੀ ਨੂੰ ਦੇਖ ਕਿ ਚੋਣ ਕੀਤੀ ਗਈ ਸੀ। ਇੱਥੇ ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੀ ਅਗਲੀ ਜਣਗਣਨਾ ਤੱਕ ਸਿੱਖ ਭਾਈਚਾਰਾ ਜਿੱਥੇ ਇੱਕ ਲੱਖ ਦੀ ਗਿਣਤੀ ਤੋਂ ਪਾਰ ਹੋ ਕੇ ਮੁਲਕ ਦੀ 2% ਅਬਾਦੀ ਹੋ ਜਾਵੇਗਾ। ਅਜਿਹੇ ਸਮੇ ਵਿੱਚ ਅਜਿਹੀ ਸੈਂਟਰਲ ਤੇ ਲੋਕਤੰਤਰਿਕ ਕੌਮੀ ਸੰਸਥਾ ਦੀ ਸਥਾਨਿਕ ਭਾਈਚਾਰੇ ਨੂੰ ਲੰਬੇ ਸਮੇਂ ਤੋਂ ਜ਼ਰੂਰਤ ਸੀ। ਜੋ ਹੁਣ ਨਿਊਜ਼ੀਲੈਂਡ ਸੈਂਟਰਲ ਸਿੱਖ ਐਸੋਸੀਏਸ਼ਨ ਦੇ ਮਾਧਿਅਮ ਰਾਹੀਂ ਪੂਰੇ ਸਿੱਖ ਭਾਈਚਾਰੇ ਲਈ ਸਰਬ ਸਾਂਝਾ ਮੰਚ ਸਾਬਿਤ ਹੋਵੇਗੀ। ਨਿਊਜ਼ੀਲੈਂਡ ਦੇ ਸਿੱਖਾਂ ਨੇ ਗੋਲਕਾਂ ਤੇ ਪ੍ਰਧਾਨਗੀਆਂ ਪਿੱਛੇ ਹੁੰਦੀਆਂ ਲੜਾਈਆਂ ਨੂੰ ਝੁਠਲਾਉਂਦੇ ਨਵੀ ਮਿਸਾਲ ਪੇਸ਼ ਕੀਤੀ ਹੈ।

ਆਕਲੈਂਡ ਦੇ ਪਾਪਾਟੋਏ ਇਲਾਕੇ ਨੂੰ ਸਿੱਖ ਭਾਈਚਾਰੇ ਦਾ ਕੇਂਦਰ ਮੰਨਿਆ ਜਾਂਦਾ ਹੈ, ਜਿੱਥੇ ਤਿੰਨ ਗੁਰਦੁਆਰੇ ਸਥਿਤ ਹਨ।

**ਆਰਥਿਕ ਅਤੇ ਸਮਾਜਿਕ ਯੋਗਦਾਨ**

ਸਿੱਖ ਭਾਈਚਾਰੇ ਨੇ ਨਿਊਜ਼ੀਲੈਂਡ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿੱਖ ਪਰਵਾਸੀਆਂ ਨੇ ਸਖ਼ਤ ਮਿਹਨਤ ਕਰਕੇ, ਖਾਸ ਕਰਕੇ ਡੇਅਰੀ ਫ਼ਾਰਮਿੰਗ ਅਤੇ ਹੋਰ ਖੇਤੀਬਾੜੀ ਧੰਦਿਆਂ ਵਿੱਚ ਆਪਣੀ ਪਛਾਣ ਬਣਾਈ। ਉਨ੍ਹਾਂ ਦੇ ਯਤਨਾਂ ਨੇ ਨਾ ਸਿਰਫ਼ ਸਿੱਖ ਭਾਈਚਾਰੇ ਨੂੰ ਮਜਬੂਤ ਬਣਾਇਆ, ਸਗੋਂ ਉਸਨੂੰ ਸਥਾਨਕ ਮਾਓਰੀ ਅਤੇ ਹੋਰ ਭਾਈਚਾਰਿਆਂ ਵਿੱਚ ਵੀ ਸਤਿਕਾਰ ਮਿਲਿਆ ਹੈ। ਨਿਊਜੀਲੈਂਡ ਦੇ ਸਿੱਖ ਪੁਲਿਸ ਤੇ ਫ਼ੌਜ ਵਿੱਚ ਭਰਤੀ ਹੋ ਰਹੇ ਹਨ। 2024 ਦੌਰਾਨ 26 ਸਾਲਾ ਨਵਦੀਪ ਸਿੰਘ ਨਿਊਜ਼ੀਲੈਂਡ ਫ਼ੌਜ ਵਿੱਚ ਸ਼ਾਮਲ ਕੀਤਾ ਗਿਆ ਸੀ। ਨਵਦੀਪ ਇਸ ਸਮੇਂ ਫ਼ੌਜ ਵਿੱਚ ਇੱਕ ਲੌਜਿਸਟਿਕਸ ਮਾਹਿਰ ਵਜੋਂ ਸੇਵਾ ਨਿਭਾ ਰਿਹਾ ਹੈ।


ਲੂਈਸ ਸਿੰਘ ਖ਼ਾਲਸਾ, ਜੋ ਕਿ ਇੱਕ ਅੰਮ੍ਰਿਤਧਾਰੀ ਗੋਰਾ ਸਿੱਖ ਹੈ। ਉਸਦਾ ਅੰਗਰੇਜ਼ੀ ਨਾਮ ਲੂਈਸ ਟੈਲਬੋਟ ਸੀ, ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਛਕਿਆ ਸੀ ਅਤੇ ਫ਼ਿਰ ਨਿਊਜ਼ੀਲੈਂਡ ਫ਼ੌਜ ਵਿੱਚ ਭਰਤੀ ਹੋ ਗਿਆ ਸੀ।

ਪ੍ਰਮੁੱਖ ਸਿੱਖਾਂ ਵਿੱਚ ਸੁੱਖੀ ਟਰਨਰ ਸ਼ਾਮਲ ਹਨ, ਜੋ 1995 ਤੋਂ 2004 ਤੱਕ ਡੁਨੇਡਿਨ ਦੇ ਮੇਅਰ ਰਹੇ ਸਨ ਅਤੇ ਕੰਵਲਜੀਤ ਸਿੰਘ ਬਖਸ਼ੀ, ਜੋ 2008 ਵਿੱਚ ਨੈਸ਼ਨਲ ਪਾਰਟੀ ਦੀ ਸੂਚੀ ਵਿੱਚ ਚੁਣੇ ਜਾਣ 'ਤੇ ਨਿਊਜ਼ੀਲੈਂਡ ਦੇ ਪਹਿਲੇ ਸਿੱਖ ਸੰਸਦ ਮੈਂਬਰ ਬਣੇ ਸਨ।

**ਚੁਣੌਤੀਆਂ ਅਤੇ ਭਵਿੱਖ ਦੀਆਂ ਸੰਭਾਵਨਾਵਾਂ**

ਭਾਵੇਂ ਸਿੱਖ ਭਾਈਚਾਰਾ ਨਿਊਜ਼ੀਲੈਂਡ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ, ਪਰ 2018 ਤੋਂ ਬਾਅਦ ਉਨ੍ਹਾਂ ਦੀ ਵਿਕਾਸ ਦਰ ਵਿੱਚ ਗਿਰਾਵਟ ਆਈ ਹੈ। ਇਹ ਮੁੱਖ ਤੌਰ 'ਤੇ ਵੀਜ਼ਾ ਨੀਤੀਆਂ ਵਿੱਚ ਬਦਲਾਅ ਅਤੇ ਘੱਟ ਹੁਨਰਮੰਦ ਕਾਮਿਆਂ ਲਈ ਸੀਮਤ ਪਹੁੰਚ ਕਾਰਨ ਸੀ। ਇਸ ਦੇ ਬਾਵਜੂਦ, ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰਾ ਇਸਲਾਮ ਅਤੇ ਬੁੱਧ ਧਰਮ ਤੋਂ ਵੱਧ ਗਿਣਤੀ ਵਿੱਚ ਹੈ। ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਦੀ ਵੱਧ ਰਹੀ ਗਿਣਤੀ ਅਤੇ ਉਨ੍ਹਾਂ ਦਾ ਸੱਭਿਆਚਾਰਕ ਯੋਗਦਾਨ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਉਨ੍ਹਾਂ ਨੇ ਦੇਸ਼ ਦੀ ਵਿਭਿੰਨਤਾ ਵਿੱਚ ਇੱਕ ਪਹਿਲੂ ਜੋੜਿਆ ਹੈ।

ਭਾਵੇਂ ਸਿੱਖਾਂ ਦੇ ਰਵਾਇਤੀ ਕੱਪੜੇ ਅਤੇ ਕਲਾਕ੍ਰਿਤੀਆਂ ਸਭਿਆਚਾਰ ਸਿੱਖ ਸਮਾਜਿਕ ਏਕਤਾ ਅਤੇ ਪਛਾਣ ਨੂੰ ਉਤਸ਼ਾਹਿਤ ਕਰਦੀਆਂ ਹਨ, ਪਰ ਉਨ੍ਹਾਂ ਨੂੰ ਦੂਜੇ ਨਿਊਜ਼ੀਲੈਂਡ ਵਾਸੀਆਂ ਤੋਂ ਵੱਖਰਾ ਵੀ ਕਰਦੀਆਂ ਹਨ ਅਤੇ ਕਈ ਵਾਰ ਚਿੰਤਾ ਦਾ ਕਾਰਨ ਬਣਦੀਆਂ ਹਨ। ਉਦਾਹਰਣ ਵਜੋਂ, ਸਕੂਲਾਂ ਅਤੇ ਘਰੇਲੂ ਉਡਾਣਾਂ ਵਿੱਚ ਕਿਰਪਾਨ ਪਹਿਨਣਾ ਇੱਕ ਮੁੱਦਾ ਰਿਹਾ ਹੈ। 2008 ਵਿੱਚ ਨੈਲਸਨ ਵਿੱਚ ਇੱਕ ਸਿੱਖ ਪੁਲਿਸ ਕਰਮਚਾਰੀ ਆਪਣੀ ਵਰਦੀ ਵਿੱਚ ਪੱਗ ਨੂੰ ਸ਼ਾਮਲ ਕਰਨ ਵਾਲਾ ਪਹਿਲਾ ਵਿਅਕਤੀ ਬਣਿਆ ਸੀ। 2009 ਵਿੱਚ ਮੈਨੂਰੇਵਾ ਕੌਸਮੋਪੋਲਿਟਨ ਕਲੱਬ ਨੇ ਇੱਕ ਸਿੱਖ ਨੂੰ ਆਪਣੀ ਪੱਗ ਪਹਿਨਣ ਵਾਲੇ ਨੂੰ ਦਾਖਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਕਾਰਨ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਅਧਿਕਾਰਤ ਸ਼ਿਕਾਇਤ ਕੀਤੀ ਗਈ ਸੀ। ਭਾਵੇਂ ਇਹ ਧਾਰਮਿਕ ਸਹਿਣਸ਼ੀਲਤਾ ਹੋਵੇ, ਆਰਥਿਕ ਯੋਗਦਾਨ ਹੋਵੇ, ਜਾਂ ਸੱਭਿਆਚਾਰਕ ਆਦਾਨ-ਪ੍ਰਦਾਨ ਹੋਵੇ, ਸਿੱਖ ਭਾਈਚਾਰੇ ਨੇ ਹਰ ਖੇਤਰ ਵਿੱਚ ਆਪਣੀ ਪਛਾਣ ਬਣਾਈ ਹੈ। ਮਨੁੱਖੀ ਸੇਵਾ ਖੇਤਰ ਵਿੱਚ ਅਗਵਾਈ ਕਾਰਨ ਸਿੱਖਾਂ ਦੀ ਨਿਊਜ਼ੀਲੈਂਡ ਦੀ ਸਰਕਾਰ ਵਿੱਚ ਮਹਾਨਤਾ ਬਣੀ ਹੋਈ ਹੈ।




ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਟਰੰਪ ਕਾਰਨ ਦੁਨੀਆਂ ਵਿੱਚ ਸ਼ੁਰੂ ਹੋਇਆ ਆਰਥਿਕ ਯੁੱਧ

## ਮੈਕਸੀਕੋ, ਕੈਨੇਡਾ, ਚੀਨ ਤੋਂ ਬਾਅਦ, ਟਰੰਪ ਨੇ ਹੁਣ ਯੂਰਪੀਅਨ ਯੂਨੀਅਨ ਨੂੰ ਨਿਸ਼ਾਨਾ ਬਣਾਇਆ

ਟਰੰਪ ਦੀ ਟੈਰਿਫ਼ ਰਟ ਕਾਰਨ ਦੁਨੀਆਂ ਵਿੱਚ ਆਰਥਿਕ ਯੁੱਧ ਸ਼ੁਰੂ ਹੋ ਗਿਆ ਹੈ। ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਬਾਅਦ, ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ 27 ਦੇਸ਼ਾਂ ਦੇ ਯੂਰਪੀ ਸੰਘ 'ਤੇ ਵੀ ਟੈਰਿਫ਼ ਲਗਾਇਆ ਜਾ ਸਕਦਾ ਹੈ। ਹਾਲਾਂ ਕਿ, ਇਹ ਕਦੋਂ ਹੋਵੇਗਾ ਇਸ ਬਾਰੇ ਕੁਝ ਸਪੱਸ਼ਟ ਨਹੀਂ ਹੈ। ਟਰੰਪ ਨੇ ਕਿਹਾ ਸੀ, 'ਉਹ ਸਾਡੀਆਂ ਕਾਰਾਂ ਨਹੀਂ ਲੈਂਦੇ, ਸਾਡੇ ਖੇਤੀ ਉਤਪਾਦ ਨਹੀਂ ਲੈਂਦੇ। ਉਹ ਕੁਝ ਨਹੀਂ ਖ਼ਰੀਦਦੇ, ਪਰ ਅਸੀਂ ਉਨ੍ਹਾਂ ਤੋਂ ਸਭ ਕੁਝ ਲੈਂਦੇ ਹਾਂ।' ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਕੁਝ ਦਿਨ ਪਹਿਲਾਂ ਲਏ ਗਏ ਫ਼ੈਸਲੇ ਕਾਰਨ, ਦੁਨੀਆਂ ਭਰ ਵਿੱਚ 'ਟੈਰਿਫ਼ ਯੁੱਧ' ਦੀ ਸੰਭਾਵਨਾ ਵਧ ਗਈ ਹੈ।

ਟਰੰਪ ਨੇ ਸੰਕੇਤ ਦਿੱਤਾ ਕਿ ਬ੍ਰਿਟੇਨ, ਜਿਸ ਨੇ 2020 ਵਿੱਚ ਯੂਰਪੀਅਨ ਯੂਨੀਅਨ ਨੂੰ ਛੱਡਿਆ ਹੈ, ਨੂੰ ਟੈਰਿਫ਼ ਤੋਂ ਛੋਟ ਦਿੱਤੀ ਜਾ ਸਕਦੀ ਹੈ।

ਟਰੰਪ ਨੇ ਪਿਛਲੇ ਦਿਨੀਂ ਕੈਨੇਡਾ, ਮੈਕਸੀਕੋ ਅਤੇ ਚੀਨ ਤੋਂ ਆਉਣ ਵਾਲੇ ਸਮਾਨ 'ਤੇ ਭਾਰੀ ਟੈਰਿਫ਼ ਲਗਾਉਣ ਵਾਲੇ ਇੱਕ ਕਾਰਜਕਾਰੀ ਆਦੇਸ਼ 'ਤੇ ਦਸਤਖ਼ਤ ਕੀਤੇ ਸਨ। ਟਰੰਪ ਦੇ ਫ਼ੈਸਲੇ ਤੋਂ ਤੁਰੰਤ ਬਾਅਦ, ਉਨ੍ਹਾਂ ਦੇ ਗੁਆਂਢੀ ਦੇਸ਼ਾਂ ਕੈਨੇਡਾ ਅਤੇ ਮੈਕਸੀਕੋ ਨੇ ਜਵਾਬੀ ਕਾਰਵਾਈ ਕੀਤੀ ਅਤੇ ਅਮਰੀਕਾ 'ਤੇ ਜਵਾਬੀ ਟੈਰਿਫ਼ ਲਗਾ ਦਿੱਤੇ। ਇਸ ਕਾਰਨ ਹੁਣ ਇੱਕ ਵੱਡਾ ਆਰਥਿਕ ਟਕਰਾਅ ਪੈਦਾ ਹੋਣ ਦੀ ਸੰਭਾਵਨਾ ਹੈ।

ਯੂਰਪੀ ਸੰਘ ਦੀ ਵਿਦੇਸ਼ ਨੀਤੀ ਦੇ ਮੁਖੀ ਕਾਜਾ ਕਾਲਸ ਨੇ ਕਿਹਾ ਕਿ ਵਪਾਰ ਯੁੱਧ ਵਿੱਚ ਕੋਈ ਵੀ ਜਿੱਤਦਾ ਨਹੀਂ ਹੈ। ਜੇਕਰ ਯੂਰਪ ਅਤੇ ਅਮਰੀਕਾ ਵਿਚਾਲੇ ਅਜਿਹਾ ਕੁਝ ਹੁੰਦਾ ਹੈ, ਤਾਂ ਚੀਨ ਸਾਡੇ 'ਤੇ ਹੱਸੇਗਾ। ਯੂਰਪੀਅਨ ਯੂਨੀਅਨ ਨੇ ਕਿਹਾ ਕਿ ਜੇਕਰ ਅਮਰੀਕੀ ਰਾਸ਼ਟਰਪਤੀ ਟੈਰਿਫ਼ ਲਗਾਉਂਦੇ ਹਨ ਤਾਂ ਉਹ 'ਸਖ਼ਤ ਜਵਾਬ' ਦੇਵੇਗਾ। ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਕਿ ਜੇਕਰ ਯੂਰਪੀ ਸੰਘ ਦੇ ਵਪਾਰਕ ਹਿੱਤਾਂ 'ਤੇ ਹਮਲਾ ਹੁੰਦਾ ਹੈ ਤਾਂ ਇਸ ਦਾ ਪ੍ਰਤੀਕਰਮ ਦੇਖਣ ਨੂੰ ਮਿਲੇਗਾ।

ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦੀ ਟੈਰਿਫ਼ ਨੀਤੀ ਅਮਰੀਕਾ ਦੇ ਵਿਕਾਸ ਨੂੰ ਹੌਲੀ ਕਰੇਗੀ। ਅਮਰੀਕੀ ਰਾਸ਼ਟਰਪਤੀ ਵੱਲੋਂ ਕੈਨੇਡਾ, ਮੈਕਸੀਕੋ ਅਤੇ ਚੀਨ 'ਤੇ ਟੈਰਿਫ਼ ਲਗਾਉਣ ਲਈ ਜਾਰੀ ਕੀਤੇ ਗਏ ਹੁਕਮ ਵਿੱਚ ਕਿਹਾ ਗਿਆ ਹੈ ਕਿ ਚੀਨ ਤੋਂ ਆਉਣ ਵਾਲੇ ਸਾਰੇ ਆਯਾਤ 'ਤੇ 10 ਪ੍ਰਤੀਸ਼ਤ ਟੈਰਿਫ਼ ਲਗਾਇਆ ਜਾਵੇਗਾ ਅਤੇ ਮੈਕਸੀਕੋ ਅਤੇ ਕੈਨੇਡਾ ਦਰਾਮਦ 'ਤੇ 25 ਪ੍ਰਤੀਸ਼ਤ ਡਿਊਟੀ ਹੋਵੇਗੀ। ਟਰੰਪ ਦੁਆਰਾ ਦਸਤਖ਼ਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿੱਚ ਇਹ ਵੀ ਵਿਵਸਥਾ ਹੈ ਕਿ ਜੇਕਰ ਇਹ ਦੇਸ਼ ਅਮਰੀਕਾ ਵਿਰੁੱਧ ਬਦਲਾ ਲੈਂਦੇ ਹਨ ਤਾਂ ਦਰਾਂ ਵਧਾਈਆਂ ਜਾ ਸਕਦੀਆਂ ਹਨ।

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕਾ ਤੋਂ ਆਯਾਤ ਹੋਣ ਵਾਲੀਆਂ ਸਾਰੀਆਂ ਵਸਤਾਂ 'ਤੇ 25 ਪ੍ਰਤੀਸ਼ਤ ਟੈਰਿਫ਼ ਲਗਾਉਣ ਦੇ ਟਰੰਪ ਦੇ ਫ਼ੈਸਲੇ ਦੇ ਜਵਾਬ ਵਿੱਚ 155 ਬਿਲੀਅਨ ਕੈਨੇਡੀਅਨ ਡਾਲਰ ਦੇ ਅਮਰੀਕੀ ਸਮਾਨ 'ਤੇ 25 ਪ੍ਰਤੀਸ਼ਤ ਟੈਰਿਫ਼ ਲਗਾਏਗੀ। ਜਸਟਿਨ ਟਰੂਡੋ ਨੇ ਕਿਹਾ ਕਿ ਉਹ ਜਲਦੀ ਹੀ ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨਾਲ ਗੱਲ ਕਰਨਗੇ ਅਤੇ ਇਸ ਮੁੱਦੇ 'ਤੇ ਚਰਚਾ ਕਰਨ ਲਈ ਪਹਿਲਾਂ ਹੀ ਆਪਣੇ ਮੰਤਰੀ ਮੰਡਲ ਨਾਲ ਮੁਲਾਕਾਤ ਕਰ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਇਹ ਨਹੀਂ ਚਾਹੁੰਦੇ ਸੀ, ਪਰ ਕੈਨੇਡਾ ਤਿਆਰ ਹੈ। ਟਰੂਡੋ ਨੇ ਕਿਹਾ ਕਿ ਟੈਰਿਫ਼ ਕੁਝ ਸਾਲ ਪਹਿਲਾਂ ਹੋਏ ਇੱਕ ਮੁਕਤ ਵਪਾਰ ਸਮਝੌਤੇ ਦੀ ਉਲੰਘਣਾ ਕਰਦੇ ਹਨ। ਇਸ ਦੇ ਅਮਰੀਕੀ ਲੋਕਾਂ ਲਈ ਗੰਭੀਰ ਨਤੀਜੇ ਹੋਣਗੇ। ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਐਲਾਨ

### ਟੈਰਿਫ਼ ਲਗਾਉਣ ਤੋਂ ਬਾਅਦ ਚੀਨ, ਕੈਨੇਡਾ ਤੇ ਮੈਕਸੀਕੋ ਦਾ ਅਮਰੀਕਾ ਵਿਰੁੱਧ ਸਖ਼ਤ ਰੁਖ




ਕੀਤਾ ਕਿ ਮੈਕਸੀਕੋ ਜਵਾਬੀ ਟੈਰਿਫ਼ ਲਗਾਏਗਾ ਅਤੇ ਆਪਣੇ ਹਿੱਤਾਂ ਦੀ ਰੱਖਿਆ ਲਈ ਹੋਰ ਉਪਾਅ ਕਰੇਗਾ। ਉਸਨੇ ਟਰੰਪ ਦੇ ਇਸ ਦੋਸ਼ ਨੂੰ ਵੀ ਰੱਦ ਕਰ ਦਿੱਤਾ ਕਿ ਮੈਕਸੀਕਨ ਸਰਕਾਰ ਦੇ ਅਪਰਾਧਿਕ ਸੰਗਠਨਾਂ ਨਾਲ ਸਬੰਧ ਹਨ।

ਚੀਨ ਨੇ ਡਬਲਯੂ.ਟੀ.ਓ. ਵਿੱਚ ਕੇਸ ਦਾਇਰ ਕਰਨ ਦਾ ਫ਼ੈਸਲਾ ਕੀਤਾ ਹੈ। ਚੀਨ ਨੇ ਕਿਹਾ ਕਿ ਉਹ ਆਪਣੇ ਹਿੱਤਾਂ ਦੀ ਰਾਖੀ ਲਈ ਢੁਕਵੇਂ ਜਵਾਬੀ ਉਪਾਅ ਕਰੇਗਾ।

**ਟੈਰਿਫ਼ ਕੀ ਹੁੰਦਾ ਹੈ ?**

ਸਿੱਧੇ ਸ਼ਬਦਾਂ ਵਿੱਚ, ਟੈਰਿਫ਼ ਦੂਜੇ ਦੇਸ਼ਾਂ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ ਲਗਾਏ ਗਏ ਟੈਕਸ ਹਨ। ਜ਼ਿਆਦਾਤਰ ਟੈਰਿਫ਼ ਸਾਮਾਨ ਦੇ ਮੁੱਲ ਦੇ ਪ੍ਰਤੀਸ਼ਤ ਵਜੋਂ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਆਮ ਤੌਰ 'ਤੇ ਆਯਾਤਕਾਰ ਦੁਆਰਾ ਅਦਾ ਕੀਤੇ ਜਾਂਦੇ ਹਨ।

(**ਬਾਕੀ ਸਫ਼ਾ 30 'ਤੇ**)

### ਟਰੰਪ ਮੈਕਸੀਕੋ ਤੇ ਕੈਨੇਡਾ ਪ੍ਰਤੀ ਪਏ ਨਰਮ ?

ਮੈਕਸੀਕੋ ਦੇ ਸਖ਼ਤ ਜਵਾਬੀ ਫ਼ੈਸਲੇ ਉਪਰੰਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ 'ਤੇ ਲਗਾਏ ਗਏ ਟੈਰਿਫ਼ ਨੂੰ ਇਕ ਮਹੀਨੇ ਲਈ ਰੋਕ ਦਿੱਤਾ ਹੈ। ਟਰੰਪ ਨੇ ਇਹ ਫ਼ੈਸਲਾ ਮੈਕਸੀਕੋ ਦੀ ਉੱਤਰੀ ਸਰਹੱਦ ਨੂੰ ਮਜ਼ਬੂਤ ਕਰਨ ਅਤੇ ਗ਼ੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ 10,000 ਗਾਰਡ ਤਾਇਨਾਤ ਕਰਨ ਦੇ ਭਰੋਸੇ ਤੋਂ ਬਾਅਦ ਲਿਆ ਹੈ। ਡੋਨਾਲਡ ਟਰੰਪ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਵੀ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨਾਲ ਦੁਬਾਰਾ ਗੱਲ ਕਰਨਗੇ।

## ਟਰੰਪ ਦੀ ਧਮਕੀ ਤੋਂ ਬਾਅਦ ਭਾਰਤ ਨੇ ਕਈ ਵਸਤੂਆਂ 'ਤੇ ਬੇਸਿਕ ਕਸਟਮ ਡਿਊਟੀ ਘਟਾਈ

### ਸਾਈਕਲ ਤੇ ਫ਼ੁੱਟਵੀਅਰ ਉਦਯੋਗ ਨੂੰ ਚੀਨੀ ਦਰਾਮਦਾਂ ਦਾ ਵੱਡਾ ਖ਼ਤਰਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭਾਰਤ 'ਤੇ 100 ਫ਼ੀਸਦੀ ਟੈਕਸ ਲਗਾਉਣ ਦੀ ਧਮਕੀ ਦਾ ਅਸਰ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਆਮ ਬਜਟ ਵਿੱਚ ਕੁੱਝ ਹੱਦ ਤੱਕ ਦੇਖਣ ਨੂੰ ਮਿਲਿਆ ਹੈ । ਬਜਟ ਵਿੱਚ ਇੱਕ ਕਸਟਮ ਨੋਟੀਫ਼ਿਕੇਸ਼ਨ ਨੰਬਰ 4/2025 ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ ਕਈ ਵਸਤੂਆਂ 'ਤੇ ਬੇਸਿਕ ਕਸਟਮ ਡਿਊਟੀ ਘਟਾ ਦਿੱਤੀ ਗਈ। ਇਨ੍ਹਾਂ ਵਿੱਚ ਕਾਰਾਂ 'ਤੇ ਬੇਸਿਕ ਕਸਟਮ ਡਿਊਟੀ 125 ਫ਼ੀਸਦੀ ਤੋਂ ਘਟਾ ਕੇ 70 ਫ਼ੀਸਦੀ, ਬੱਸਾਂ 'ਤੇ 40 ਤੋਂ 20 ਫ਼ੀਸਦੀ, ਟਰੱਕਾਂ 'ਤੇ 40 ਤੋਂ 20 ਫ਼ੀਸਦੀ, ਮੋਟਰਸਾਈਕਲਾਂ 'ਤੇ 100 ਤੋਂ 70 ਫ਼ੀਸਦੀ ਤੱਕ ਦਰਸਾਈ ਗਈ ਹੈ। ਇੱਥੋਂ ਤੱਕ ਕਿ ਸਾਈਕਲ (ਆਵਾਜਾਈ ਦਾ ਇੱਕ ਸਸਤਾ ਸਾਧਨ) 'ਤੇ ਦਰਾਮਦ ਡਿਊਟੀ 35 ਫ਼ੀਸਦੀ ਤੋਂ ਘਟਾ ਕੇ 20 ਫ਼ੀਸਦੀ ਕਰ ਦਿੱਤੀ ਗਈ ਹੈ। ਇਹ ਦਾਅਵਾ ਕਰਦਿਆਂ ਵਰਲਡ ਐਮ.ਐਸ.ਐਮ.ਈ. ਫ਼ੋਰਮ ਦੇ ਪ੍ਰਧਾਨ ਬਦੀਸ਼ ਜ਼ਿੰਦਲ ਨੇ ਕਿਹਾ ਕਿ ਬੇਸਿਕ ਕਸਟਮ ਡਿਊਟੀ ਮਾਰਬਲ ਅਤੇ ਟਾਈਲਾਂ 'ਤੇ 40 ਤੋਂ 20 ਫ਼ੀਸਦੀ, ਵਾਈਨ ਬਣਾਉਣ ਵਾਲੀ ਸਮੱਗਰੀ 'ਤੇ 100 ਤੋਂ 20 ਫ਼ੀਸਦੀ, ਜੁੱਤੀਆਂ 'ਤੇ 35 ਤੋਂ 20 ਫ਼ੀਸਦੀ ਚਾਰਜ ਹੈ। ਮੋਮਬਤੀਆਂ, ਗਹਿਣਿਆਂ ਅਤੇ ਸੈਮੀ-ਕੰਡਕਟਰ ਅਤੇ ਫ਼ਲੈਕਸ ਸ਼ੀਟਾਂ 'ਤੇ ਮੁੱਢਲੀ ਕਸਟਮ ਡਿਊਟੀ 25 ਫ਼ੀਸਦੀ ਤੋਂ 20 ਫ਼ੀਸਦੀ ਕੀਤੀ ਗਈ ਹੈ। ਇਨ੍ਹਾਂ ਡਿਊਟੀਆਂ ਨੂੰ ਲਾਗੂ ਕਰਨ ਦੀ ਮਿਤੀ 1 ਮਈ 2025 ਹੈ। ਨੋਟੀਫ਼ਿਕੇਸ਼ਨਾਂ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਡਿਊਟੀਆਂ ਦੇ ਨਾਲ-ਨਾਲ ਖੇਤੀਬਾੜੀ ਬੁਨਿਆਦੀ ਢਾਂਚਾ ਤੇ ਵਿਕਾਸ ਸੈੱਸ ਤੇ ਸਮਾਜ ਭਲਾਈ ਸਰਚਾਰਜ 7.5 ਫ਼ੀਸਦੀ ਤੋਂ 65 ਫ਼ੀਸਦੀ ਤੱਕ ਵਸਤੂਆਂ ਦੇ ਅਨੁਸਾਰ ਹੋਵੇਗਾ। ਅਜਿਹਾ ਕਰਕੇ ਕੇਂਦਰ ਦੀ ਮੋਦੀ ਸਰਕਾਰ ਨੇ ਇੱਕ ਤੀਰ ਨਾਲ ਦੋ ਨਿਸ਼ਾਨੇ ਕੀਤੇ ਹਨ, ਜਿਸ 'ਚ ਕੇਂਦਰ ਰਾਜਾਂ ਨੂੰ ਕਸਟਮ ਡਿਊਟੀ ਵਿੱਚ ਪੂਰਾ ਹਿੱਸਾ ਨਹੀਂ ਦੇਵੇਗਾ ਅਤੇ ਦੂਸਰਾ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਦਿਖਾਇਆ ਜਾਵੇਗਾ ਕਿ ਭਾਰਤ ਨੇ ਦਰਾਮਦ ਡਿਊਟੀ ਘਟਾਉਣ ਦੇ ਉਨ੍ਹਾਂ ਦੇ ਆਦੇਸ਼ਾਂ ਦਾ ਪਾਲਨ ਕੀਤਾ ਹੈ ਅਤੇ ਭਾਰਤ ਹੁਣ ਕਾਰਾਂ 'ਤੇ 125 ਫ਼ੀਸਦੀ ਅਤੇ ਮੋਟਰਸਾਈਕਲਾਂ 'ਤੇ 100 ਫ਼ੀਸਦੀ ਚਾਰਜ ਨਹੀਂ ਲੈ ਰਿਹਾ। ਦਰਾਮਦ ਡਿਊਟੀ ਵਿੱਚ ਕਟੌਤੀ ਦਾ ਅਸਰ ਭਾਰਤ ਵਿੱਚ ਫ਼ੁੱਟਵੀਅਰ, ਸਾਈਕਲ ਅਤੇ ਆਟੋ ਸੈਕਟਰ 'ਤੇ ਜ਼ਰੂਰ ਪਵੇਗਾ, ਕਿਉਂਕਿ ਆਟੋ ਸੈਕਟਰ ਮੁਸ਼ਕਿਲ ਦੌਰ 'ਚੋਂ ਲੰਘ ਰਿਹਾ ਹੈ। ਸਾਈਕਲ ਤੇ ਫ਼ੁੱਟਵੀਅਰ ਉਦਯੋਗ ਨੂੰ ਚੀਨੀ ਦਰਾਮਦਾਂ ਦਾ ਵੱਡਾ ਖ਼ਤਰਾ ਹੈ ਤੇ ਇਸ ਨਾਲ ਭਾਰਤ ਵਿੱਚ ਇਸ ਦਾ ਨਿਰਮਾਣ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

## ਟਰੰਪ ਦੇ ਫ਼ੈਸਲੇ ਨੂੰ ਵਿਸ਼ਵ ਵਪਾਰ ਸੰਗਠਨ 'ਚ ਚੁਣੌਤੀ ਦੇਵੇਗਾ ਚੀਨ

ਬੀਜਿੰਗ/ਏ.ਟੀ.ਨਿਊਜ਼ : ਰਾਸ਼ਟਰਪਤੀ ਬਣਨ ਤੋਂ ਬਾਅਦ, ਡੋਨਾਲਡ ਟਰੰਪ ਲਗਾਤਾਰ ਕਈ ਵੱਡੇ ਫ਼ੈਸਲੇ ਲੈ ਰਹੇ ਹਨ। ਇਸ ਦੌਰਾਨ, ਟਰੰਪ ਨੇ ਮੈਕਸੀਕੋ, ਕੈਨੇਡਾ ਅਤੇ ਚੀਨ 'ਤੇ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ। ਮੈਕਸੀਕੋ ਅਤੇ ਕੈਨੇਡਾ ਤੋਂ ਅਮਰੀਕਾ ਆਉਣ ਵਾਲੇ ਸਮਾਨ 'ਤੇ 25 ਪ੍ਰਤੀਸ਼ਤ ਟੈਰਿਫ਼ ਲਗਾਇਆ ਜਾਵੇਗਾ ਅਤੇ ਚੀਨ ਤੋਂ ਆਯਾਤ 'ਤੇ 10 ਪ੍ਰਤੀਸ਼ਤ ਟੈਰਿਫ਼ ਲਗਾਇਆ ਜਾਵੇਗਾ। ਟਰੰਪ ਨੇ ਇਸ ਫ਼ੈਸਲੇ 'ਤੇ ਇੱਕ ਕਾਰਜਕਾਰੀ ਆਦੇਸ਼ 'ਤੇ ਵੀ ਦਸਤਖਤ ਕਰ ਦਿੱਤੇ ਹਨ।

ਤਿੰਨੋਂ ਦੇਸ਼ਾਂ ਨੇ ਟਰੰਪ ਦੇ ਇਸ ਫ਼ੈਸਲੇ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਹੈ। ਚੀਨ ਨੇ ਅਮਰੀਕਾ ਦੇ ਇਸ ਫ਼ੈਸਲੇ ਦਾ ਜਵਾਬ ਦੇਣ ਦਾ ਫ਼ੈਸਲਾ ਕੀਤਾ ਹੈ। ਚੀਨ ਇਸ ਫ਼ੈਸਲੇ ਵਿਰੁੱਧ ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.)ਵਿੱਚ ਕੇਸ ਦਾਇਰ ਕਰੇਗਾ।

ਚੀਨ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਸਭ ਅਮਰੀਕਾ ਦੀ ਸਮੱਸਿਆ ਹੈ, ਸਾਡਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਚੀਨ ਦੇ ਬਿਆਨਾਂ ਤੋਂ ਇਹ ਸਪੱਸ਼ਟ ਹੈ ਕਿ ਜਲਦੀ ਹੀ ਉਹ ਵੀ ਅਮਰੀਕੀ ਉਤਪਾਦਾਂ 'ਤੇ ਆਯਾਤ ਡਿਊਟੀ ਦਾ ਐਲਾਨ ਕਰ ਸਕਦਾ ਹੈ।





**ਅਮਰੀਕਾ ਦਾ ਇੱਕਪਾਸੜ ਫ਼ੈਸਲਾ**

ਚੀਨ ਨੇ ਕਿਹਾ ਹੈ ਕਿ ਅਮਰੀਕਾ ਦਾ ਇਕਪਾਸੜ ਟੈਰਿਫ਼ ਵਾਧਾ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਦੀ ਗੰਭੀਰ ਉਲੰਘਣਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਕਦਮ ਅਮਰੀਕਾ ਦੀਆਂ ਘਰੇਲੂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਦਾ ਅਤੇ ਇਸ ਨਾਲ ਕਿਸੇ ਵੀ ਧਿਰ ਨੂੰ ਲਾਭ ਨਹੀਂ ਹੋਵੇਗਾ।

ਇੱਕ ਬਿਆਨ ਵਿੱਚ, ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ, 'ਅਮਰੀਕਾ ਨੇ ਫ਼ੈਂਟਾਨਿਲ ਮੁੱਦੇ ਦੇ ਬਹਾਨੇ ਚੀਨੀ ਦਰਾਮਦਾਂ 'ਤੇ 10 ਪ੍ਰਤੀਸ਼ਤ ਵਾਧੂ ਟੈਰਿਫ਼ ਲਗਾਇਆ ਹੈ। ਚੀਨ ਇਸ ਕਦਮ ਦੀ ਸਖ਼ਤ ਨਿੰਦਾ ਅਤੇ ਵਿਰੋਧ ਕਰਦਾ ਹੈ ਅਤੇ ਆਪਣੇ ਜਾਇਜ਼ ਅਧਿਕਾਰਾਂ ਦੀ ਰਾਖੀ ਲਈ ਜ਼ਰੂਰੀ ਜਵਾਬੀ ਉਪਾਅ ਕਰੇਗਾ।'

**ਟਰੰਪ ਦੇ ਫ਼ੈਸਲੇ 'ਤੇ ਗੁੱਸੇ ਵਿੱਚ ਟਰੂਡੋ**

ਕੈਨੇਡਾ ਨੇ ਵੀ ਅਮਰੀਕੀ ਟੈਰਿਫ਼ਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਫ਼ੈਸਲਾ ਕੀਤਾ ਹੈ। ਕੈਨੇਡਾ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਰੰਪ ਦੇ ਫ਼ੈਸਲੇ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਹੈ। ਜਸਟਿਨ ਟਰੂਡੋ ਨੇ ਕਿਹਾ ਹੈ ਕਿ ਅਸੀਂ ਇਹ ਨਹੀਂ ਚਾਹੁੰਦੇ ਸੀ ਪਰ ਉਨ੍ਹਾਂ ਦਾ ਦੇਸ਼ ਅਮਰੀਕੀ ਟੈਰਿਫ਼ਾਂ ਦਾ ਸਾਹਮਣਾ ਕਰਨ ਲਈ 'ਤਿਆਰ' ਹੈ।

### ਮੈਕਸੀਕੋ ਨੇ ਕੀ ਕਿਹਾ ?

ਇਸ ਦੌਰਾਨ, ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਪਾਰਡੋ ਨੇ ਕਿਹਾ ਕਿ ਮੈਕਸੀਕੋ ਅਮਰੀਕਾ ਨਾਲ ਟਕਰਾਅ ਨਹੀਂ ਚਾਹੁੰਦਾ। ਅਸੀਂ ਗੁਆਂਢੀ ਦੇਸ਼ਾਂ ਵਿਚਕਾਰ ਸਹਿਯੋਗ ਨਾਲ ਸ਼ੁਰੂਆਤ ਕਰਦੇ ਹਾਂ।

ਮੈਕਸੀਕੋ ਚਾਹੁੰਦਾ ਹੈ ਕਿ ਫ਼ੈਂਟਾਨਿਲ ਦਵਾਈ ਕਿਸੇ ਵੀ ਦੇਸ਼ ਤੱਕ ਨਾ ਪਹੁੰਚੇ, ਅਮਰੀਕਾ ਤਾਂ ਦੂਰ ਦੀ ਗੱਲ ਹੈ। ਮੈਕਸੀਕੋ ਦੇ ਰਾਸ਼ਟਰਪਤੀ ਨੇ ਕਿਹਾ ਕਿ ਟੈਰਿਫ਼ ਲਗਾਉਣ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ।

ਟਰੰਪ ਨੇ ਮੈਕਸੀਕੋ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਕੋਈ ਠੋਸ ਕਦਮ ਨਾ ਚੁੱਕਣ ਦਾ ਦੋਸ਼ ਲਗਾਇਆ ਹੈ।

ਇਸ ਦੇ ਨਾਲ ਹੀ, ਮੈਕਸੀਕਨ ਸਰਕਾਰ ਫ਼ੈਂਟਾਨਿਲ ਨਾਮਕ ਦਵਾਈ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣਾਂ ਦੀ ਅਮਰੀਕਾ ਵਿੱਚ ਤਸਕਰੀ ਨੂੰ ਰੋਕਣ ਵਿੱਚ ਅਸਮਰੱਥ ਰਹੀ ਹੈ। ਮੈਕਸੀਕੋ ਨੇ ਟਰੰਪ ਦੇ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

## ਅਮਰੀਕਾ ਦੇ 25 ਫ਼ੀਸਦੀ ਟੈਰਿਫ ਖ਼ਿਲਾਫ਼ ਕੈਨੇਡਾ ਨੇ ਕੀਤੀ ਜਵਾਬੀ ਕਾਰਵਾਈ

ਅਮਰੀਕਾ/ਏ.ਟੀ.ਨਿਊਜ਼ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਦੇ ਵੱਖ-ਵੱਖ ਪਦਾਰਥਾਂ 'ਤੇ 25 ਫੀਸਦੀ ਟੈਰਿਫ ਲਗਾਉਣ ਦੇ ਫੈਸਲੇ ਤੋਂ ਕੁਝ ਘੰਟਿਆਂ ਬਾਅਦ ਹੀ ਕੈਨੇਡਾ ਵੱਲੋਂ ਜਵਾਬੀ ਕਾਰਵਾਈ ਕਰਦਿਆਂ ਅਮਰੀਕਾ ਦੇ 30 ਬਿਲੀਅਨ ਦੇ ਨਿਰਯਾਤ 'ਤੇ 25 ਫੀਸਦੀ ਟੈਰਿਫ ਲਗਾ ਦਿੱਤਾ ਹੈ। ਇਸ ਫੈਸਲੇ ਦੇ ਐਲਾਨ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਦੇਸ਼ ਵਾਸੀਆਂ ਨਾਂਅ ਇੱਕ ਸੰਬੋਧਨ ਪੱਤਰ 'ਚ ਕਿਹਾ ਹੈ ਕਿ ਕੈਨੇਡਾ ਅਜਿਹਾ ਨਹੀਂ ਸੀ ਚਾਹੁੰਦਾ ਕਿ ਉਹ ਆਪਣੇ ਨੇੜਲੇ ਸਾਥੀ ਅਤੇ ਮਿੱਤਰ ਦੇਸ਼ ਖਿਲਾਫ਼ ਅਜਿਹਾ ਕਰੇ ਪਰ ਹੁਣ ਮੌਜੂਦਾ ਹਾਲਾਤ 'ਚ ਅਸੀਂ ਕੈਨੇਡੀਅਨ ਦੇ ਹਿੱਤਾਂ ਲਈ ਰੱਖਿਆ ਕਰਨ ਤੋਂ ਪਿੱਛੇ ਕਰਨ ਤੋਂ ਨਹੀਂ ਹੱਟ ਸਕਦੇ ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਉਪਰੋਕਤ ਫੈਸਲੇ ਤੋਂ ਪਹਿਲਾਂ ਦੇਸ਼ ਦੇ ਸੂਬਿਆਂ ਦੇ ਪ੍ਰੀਮੀਅਰਸ ਨਾਲ ਗੱਲਬਾਤ ਕੀਤੀ ਅਤੇ ਅਮਰੀਕਾ ਦੇ ਟੈਰਿਫ ਖ਼ਿਲਾਫ਼ ਜਵਾਬੀ ਕਾਰਵਾਈ ਬਾਰੇ ਜਾਣਕਾਰੀ ਦਿੱਤੀ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਫਿਲਹਾਲ ਭਾਵੇਂ 30 ਬਿਲੀਅਨ ਦੇ ਅਮਰੀਕੀ ਪਦਾਰਥਾਂ 'ਤੇ 25 ਫੀਸਦੀ ਟੈਰਿਫ ਲਗਾਇਆ ਜਾ.ਰਿਹਾ ਹੈ ਪਰ ਕੁਝ ਹਫਤਿਆਂ ਤੱਕ ਅਸੀਂ 125 ਬਿਲੀਅਨ ਤੱਕ ਟੈਰਿਫ ਲਗਾ ਸਕਦੇ ਹਾਂ । ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫੈਸਲੇ ਨਾਲ ਹੁਣ ਆਪਣੇ ਵਪਾਰਕ ਭਾਈਵਾਲ ਦੇਸ਼ ਨਾਲ ਸਾਡੇ ਰਿਸ਼ਤੇ ਨਵੇਂ ਦੌਰ 'ਚ ਸ਼ਾਮਿਲ ਹੋ ਗਏ ਹਨ ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਸਾਡੇ ਵੱਲੋਂ ਜਵਾਬੀ ਕਾਰਵਾਈ 'ਚ ਲਗਾਏ ਜਾਣ ਵਾਲੇ ਟੈਰਿਫ 'ਚ ਮੁੱਖ ਰੂਪ ਅਮਰੀਕਾ ਦੇ ਬੀਅਰ, ਸ਼ਰਾਬ, ਫਲ.ਅਤੇ ਫਲਾਂ ਦਾ ਜੂਸ , ਸਬਜੀਆਂ,

(**ਬਾਕੀ ਸਫ਼ਾ 30 'ਤੇ**)

# ਅਮਰੀਕਾ 'ਚ ਨਾਜਾਇਜ਼ ਪਰਵਾਸੀਆਂ ਨੂੰ ਸੁਣਵਾਈ ਤੋਂ ਪਹਿਲਾਂ ਲਿਆ ਜਾਵੇਗਾ ਹਿਰਾਸਤ 'ਚ

## ਟਰੰਪ ਨੇ ਪਰਵਾਸੀ ਹਿਰਾਸਤ ਕਾਨੂੰਨ 'ਤੇ ਕੀਤੇ ਦਸਤਖ਼ਤ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਰਵਾਸੀ ਹਿਰਾਸਤ ਕਾਨੂੰਨ 'ਤੇ ਦਸਤਖ਼ਤ ਕੀਤੇ ਹਨ। ਇਹ ਕਾਨੂੰਨ ਚੋਰੀ, ਸੰਨ੍ਹਮਾਰੀ ਵਰਗੇ ਮਾਮਲਿਆਂ 'ਚ ਮੁਲਜ਼ਮ ਨਾਜਾਇਜ਼ ਪਰਵਾਸੀਆਂ ਨੂੰ ਸੁਣਵਾਈ ਤੋਂ ਪਹਿਲਾਂ ਹਿਰਾਸਤ 'ਚ ਲੈਣ ਦਾ ਅਧਿਕਾਰ ਦਿੰਦਾ ਹੈ। ਪਰ ਰੇਲੇ ਐਕਟ ਪੋਸਟ ਸੰਭਾਲਣ ਦੇ ਬਾਅਦ ਪਹਿਲਾਂ ਕਾਨੂੰਨ ਹੈ ਜਿਸ 'ਤੇ ਉਨ੍ਹਾਂ ਦਸਤਖ਼ਤ ਕੀਤੇ ਹਨ। ਇਸ ਕਾਨੂੰਨ ਦਾ ਨਾਂ ਜਾਰਜੀਆ ਦੀ 22 ਸਾਲਾ ਨਰਸਿੰਗ ਵਿਦਿਆਰਥਣ ਲੇਕਨ ਰੇਲੇ ਦੇ ਨਾਂ 'ਤੇ ਰੱਖਿਆ ਗਿਆ, ਜਿਸ ਦੀ ਇੱਕ ਗ਼ੈਰ ਕਾਨੂੰਨੀ ਪਰਵਾਸੀ ਨੇ ਹੱਤਿਆ ਕਰ ਦਿੱਤੀ ਸੀ। ਟਰੰਪ ਨੇ ਕਿਹਾ ਕਿ ਜਿਸ ਕਾਨੂੰਨ 'ਤੇ ਦਸਤਖ਼ਤ ਕਰ ਰਿਹਾ ਹਾਂ, ਉਸ ਦੇ ਤਹਿਤ ਹੋਮਲੈਂਡ ਸਕਿਓਰਿਟੀ ਵਿਭਾਗ ਨੂੰ ਉਨ੍ਹਾਂ ਸਾਰੇ ਨਾਜਾਇਜ਼ ਵਿਦੇਸ਼ੀਆਂ ਨੂੰ ਹਿਰਾਸਤ 'ਚ ਲੈਣਾ ਪਵੇਗਾ, ਜਿਨ੍ਹਾਂ ਨੂੰ ਚੋਰੀ, ਸੰਨ੍ਹਮਾਰੀ, ਪੁਲਿਸ ਅਧਿਕਾਰੀ 'ਤੇ ਹਮਲਾ, ਹੱਤਿਆ ਜਾਂ ਕਿਸੇ ਅਜਿਹੇ ਅਪਰਾਧ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸਦੇ ਸਿੱਟੇ ਵਜੋਂ ਮੌਤ ਜਾਂ ਕਿਸੇ ਨੂੰ ਗੰਭੀਰ ਸੱਟ ਲੱਗੀ ਹੋਵੇ।

ਉੱਥੇ ਟਰੰਪ ਨੇ ਇੱਕ ਪ੍ਰੈਜ਼ੀਡੈਂਸ਼ੀਅਲ ਮੈਮੋਰੰਡਮ 'ਤੇ ਵੀ ਦਸਤਖ਼ਤ ਕੀਤਾ। ਇਸ ਦੇ ਮੁਤਾਬਕ, ਗਵਾਂਤਨਾਮੋ ਬੇ 'ਚ ਉੱਚ ਤਰਜੀਹ ਵਾਲੇ ਅਪਰਾਧੀਆਂ ਨੂੰ ਹਿਰਾਸਤ 'ਚ ਰੱਖਣ ਲਈ ਗਵਾਂਤਨਾਮੋ ਬੇ 'ਚ 30 ਹਜ਼ਾਰ ਸਮਰੱਥਾ ਵਾਲੇ ਡਿਟੈਂਸ਼ਨ ਸੈਂਟਰ ਸਥਾਪਤ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਬੇ ਦੀ ਵਰਤੋਂ



ਹੁਣ ਤੱਕ ਅੱਤਵਾਦੀਆਂ ਨੂੰ ਰੱਖਣ ਲਈ ਕੀਤੀ ਜਾਂਦੀ ਰਹੀ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ 'ਚੋਂ ਕੁਝ ਏਨੇ ਖ਼ਤਰਨਾਕ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਘਰੇਲੂ ਦੇਸ਼ ਭੇਜਣਾ ਘੱਟ ਹੋਵੇਗਾ। ਅਸੀਂ ਨਹੀਂ ਚਾਹੁੰਦੇ ਕਿ ਉਹ ਵਾਪਸ ਆਉਣ, ਇਸ ਲਈ ਉਨ੍ਹਾਂ ਨੂੰ ਗਵਾਂਤਨਾਮੋ ਭੇਜਣ ਜਾ ਰਹੇ ਹਾਂ।

**ਜਨਮਜਾਤ ਨਾਗਰਿਕਤਾ 'ਤੇ ਪਾਬੰਦੀ ਲਈ ਸੈਨੇਟ 'ਚ ਬਿੱਲ ਪੇਸ਼**

ਰਿਪਬਲਿਕਨ ਸੈਨੇਟਰਾਂ ਨੇ ਗ਼ੈਰ ਕਾਨੂੰਨੀ ਪਰਵਾਸੀਆਂ ਤੇ ਆਰਜ਼ੀ ਵੀਜ਼ੇ 'ਤੇ ਗੈਰ ਪਰਵਾਸੀਆਂ ਦੇ ਬੱਚਿਆਂ ਲਈ ਜਨਮਜਾਤ ਨਾਗਰਿਕਤਾ 'ਤੇ ਪਾਬੰਦੀ ਲਗਾਉਣ ਲਈ ਸੈਨੇਟ 'ਚ ਬਿੱਲ ਪੇਸ਼ ਕੀਤਾ। ਅਮਰੀਕਾ ਦੁਨੀਆਂ ਦੇ ਉਨ੍ਹਾਂ 33 ਦੇਸ਼ਾਂ 'ਚੋਂ ਇਕ ਹੈ ਜਿੱਥੇ ਜਨਮਜਾਤ ਨਾਗਰਿਕਤਾ 'ਤੇ ਕੋਈ ਪਾਬੰਦੀ ਨਹੀਂ ਹੈ। ਇਹ ਕਦਮ ਟਰੰਪ ਦੇ ਆਦੇਸ਼ 'ਤੇ ਕੋਰਟ ਵਲੋਂ ਲਗਾਈ ਗਈ ਰੋਕ ਤੋਂ ਬਾਅਦ ਚੁੱਕਿਆ ਗਿਆ ਹੈ।

## 2023 'ਚ ਅਮਰੀਕਾ 'ਚ ਤੈਅ ਸਮੇਂ ਤੋਂ ਜ਼ਿਆਦਾ ਰੁਕੇ 7,000 ਤੋਂ ਵੱਧ ਭਾਰਤੀ ਵਿਦਿਆਰਥੀ ਤੇ ਮਹਿਮਾਨ

ਸੈਂਟਰ ਫਾਰ ਇਮੀਗਰੇਸ਼ਨ ਸਟਡੀਜ਼ ਦੀ ਜੈਸਿਕ ਐੱਮ ਵਾਨ ਨੇ ਨਿਆਪਾਲਿਕਾ 'ਤੇ ਅਮਰੀਕੀ ਹਾਊਸ ਕਮੇਟੀ ਨੂੰ ਇਮੀਗਰੇਸ਼ਨ ਪਾਲਿਸੀ 'ਚ ਕਈ ਸੁਧਾਰਾਂ ਦਾ ਸੁਝਾਅ ਦਿੱਤਾ, ਜਿਨ੍ਹਾਂ 'ਚ ਐੱਚ-1ਬੀ ਵੀਜ਼ਾ ਨਾਲ ਸਬੰਧਤ ਸੁਧਾਰ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ 2023 'ਚ ਭਾਰਤ ਦੇ 7,000 ਤੋਂ ਜ਼ਿਆਦਾ ਵਿਦਿਆਰਥੀ ਤੇ ਮਹਿਮਾਨ ਤੈਅ ਸਮੇਂ ਤੋਂ ਜ਼ਿਆਦਾ ਰੁਕੇ ਸਨ। ਉਨ੍ਹਾਂ ਕਿਹਾ ਕਿ 32 ਦੇਸ਼ਾਂ 'ਚ ਵਿਦਿਆਰਥੀ ਤੇ ਮਹਿਮਾਨਾਂ ਦੀ ਜ਼ਿਆਦਾ ਸਮੇਂ ਤੱਕ ਰਹਿਣ ਦੀ ਦਰ 20 ਫ਼ੀਸਦੀ ਤੋਂ ਜ਼ਿਆਦਾ ਹੈ। ਐੱਫ ਅਤੇ ਐੱਮ ਵੀਜ਼ਾ ਸ਼੍ਰੇਣੀਆਂ 'ਚ ਆਰਜ਼ੀ ਦਾਖਲੇ ਦੀ ਕਿਸੇ ਵੀ ਵਿਆਪਕ ਸ਼੍ਰੇਣੀ ਦੇ ਮੁਕਾਬਲੇ ਜ਼ਿਆਦਾ ਸਮੇਂ ਤੱਕ ਰੁਕਣ ਦੀ ਦਰ ਸਭ ਤੋਂ ਜ਼ਿਆਦਾ ਹੈ।

## ਅਮਰੀਕਾ ਵਿਖੇ ਫ਼ੜੇ ਗਏ ਏਸ਼ੀਆਈ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਸੂਚੀ 'ਚ ਭਾਰਤੀ ਸਭ ਤੋਂ ਉੱਪਰ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਲਈ ਇੱਕ ਵਿਸ਼ਾਲ ਸਮੂਹਿਕ ਦੇਸ਼ ਨਿਕਾਲਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਦੌਰਾਨ, ਜਾਣਕਾਰੀ ਸਾਹਮਣੇ ਆਈ ਹੈ ਕਿ ਪਿਛਲੇ ਦੋ ਸਾਲਾਂ ਵਿੱਚ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਜਾਣਕਾਰੀ ਬਿਜ਼ਨਸ ਸਟੈਂਡਰਡ ਦੀ ਇੱਕ ਰਿਪੋਰਟ ਵਿੱਚ ਅਮਰੀਕੀ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਦੇ ਹਵਾਲੇ ਨਾਲ ਦਿੱਤੀ ਗਈ ਹੈ। ਰਿਪੋਰਟ ਦੇ ਅਨੁਸਾਰ, 2022 ਤੋਂ ਬਾਅਦ ਅਮਰੀਕਾ ਦੇ ਜ਼ਮੀਨੀ, ਸਮੁੰਦਰੀ ਅਤੇ ਹਵਾਈ ਚੌਕੀਆਂ 'ਤੇ ਫ਼ੜੇ ਗਏ ਏਸ਼ੀਆਈ ਦੇਸ਼ਾਂ ਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਭਾਰਤੀ ਸਭ ਤੋਂ ਉੱਪਰ ਹਨ। ਇਸ ਤੋਂ ਪਹਿਲਾਂ, ਫ਼ਿਲੀਪੀਨਜ਼ ਦੇ ਲੋਕ ਇਸ ਸੂਚੀ ਵਿੱਚ ਸਭ ਤੋਂ ਉੱਪਰ ਸਨ।

ਵਿੱਤੀ ਸਾਲ 2024 ਦੌਰਾਨ, ਅਮਰੀਕੀ ਅਧਿਕਾਰੀਆਂ ਨੇ 90,415 ਭਾਰਤੀ ਨਾਗਰਿਕਾਂ ਦਾ ਪਤਾ ਲਗਾਇਆ ਜੋ ਦੇਸ਼ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਗਿਣਤੀ ਵਿੱਤੀ ਸਾਲ 23 ਨਾਲੋਂ ਥੋੜ੍ਹੀ ਘੱਟ ਸੀ। 2023 ਵਿੱਚ, 96,917 ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਪਾਏ ਗਏ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਤੋਂ ਆਏ ਪ੍ਰਵਾਸੀ ਸਭ ਤੋਂ ਗਰੀਬ ਜਾਂ ਘੱਟ ਪੜ੍ਹੇ-ਲਿਖੇ ਨਹੀਂ ਹਨ, ਪਰ ਅੰਗਰੇਜ਼ੀ ਵਿੱਚ ਉਨ੍ਹਾਂ ਦੀ ਮਾੜੀ ਮੁਹਾਰਤ ਕਾਰਨ, ਉਹ ਅਮਰੀਕਾ ਲਈ ਸੈਲਾਨੀ ਜਾਂ ਵਿਦਿਆਰਥੀ ਵੀਜ਼ਾ ਵੀ ਪ੍ਰਾਪਤ ਕਰਨ ਵਿੱਚ ਅਸਮਰੱਥ ਹਨ।

**ਗ੍ਰਿਫ਼ਤਾਰ ਕੀਤੇ ਗਏ ਕੁੱਲ ਲੋਕਾਂ ਵਿੱਚੋਂ ਕਿੰਨੇ ਭਾਰਤੀ ਹਨ ?**

ਰਿਪੋਰਟ ਦੇ ਅਨੁਸਾਰ, ਵਿੱਤੀ ਸਾਲ 2024 ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ (**ਬਾਕੀ ਸਫ਼ਾ 30 'ਤੇ**)

## ਸੁਨੀਤਾ ਵਿਲੀਅਮਜ਼ ਤੇ ਬੈਰੀ ਨੂੰ ਵਾਪਸ ਲਿਆਏਗਾ ਮਸਕ ਦਾ ਸਪੇਸਐਕਸ

ਵਾਸ਼ਿੰਗਟਨ ਡੀਸੀ/ ਏ.ਟੀ.ਨਿਊਜ਼: ਐਲਨ ਮਸਕ ਨੇ 'ਐਕਸ' ਪੋਸਟ ਵਿੱਚ ਕਿਹਾ ਹੈ, "ਰਾਸ਼ਟਰਪਤੀ ਨੇ ਸਪੇਸਐਕਸ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) 'ਤੇ ਫਸੇ ਦੋ ਪੁਲਾੜ ਯਾਤਰੀਆਂ ਨੂੰ ਜਿੰਨੀ ਜਲਦੀ ਸੰਭਵ ਹੋਵੇ ਘਰ ਲੈ ਕੇ ਆਉਣ ਲਈ ਕਿਹਾ ਹੈ। ਅਸੀਂ ਇਹ ਕੰਮ ਕਰਾਂਗੇ। ਇਹ ਭਿਆਨਕ ਹੈ ਕਿ ਬਾਇਡਨ ਪ੍ਰਸ਼ਾਸਨ ਨੇ ਐਨੇ ਲੰਬੇ ਸਮੇਂ ਤੱਕ ਉਨ੍ਹਾਂ ਨੂੰ ਉੱਥੇ ਛੱਡ ਰੱਖਿਆ।"



ਇਸ ਪੋਸਟ ਦੇ ਜਵਾਬ ਵਿੱਚ ਰਾਸ਼ਟਰਪਤੀ ਟਰੰਪ ਨੇ ਦੋ ਪੁਲਾੜ ਯਾਤਰੀਆਂ ਬੈਰੀ 'ਬੁਚ' ਵਿਲਮੋਰ ਅਤੇ ਸੁਨੀਤਾ ਵਿਲੀਅਮਜ਼ ਦੀ ਸ਼ਮੂਲੀਅਤ ਵਾਲੇ ਹਾਲਾਤ ਨਾਲ ਨਜਿੱਠਣ ਦੇ ਢੰਗ ਸਬੰਧੀ ਬਾਇਡਨ ਪ੍ਰਸ਼ਾਸਨ ਪ੍ਰਤੀ ਨਿਰਾਸ਼ਾ ਜ਼ਾਹਿਰ ਕੀਤੀ। ਇਹ ਦੋਵੇਂ ਪੁਲਾੜ ਯਾਤਰੀ 5 ਜੂਨ 2024 ਤੋਂ ਆਈ.ਐੱਸ.ਐੱਸ. 'ਤੇ ਫਸੇ ਹੋਏ ਹਨ। ਸੀ.ਬੀ.ਐੱਸ. ਨਿਊਜ਼ ਦੀ ਖ਼ਬਰ ਮੁਤਾਬਕ ਇਹ ਪੁਲਾੜ ਯਾਤਰੀ ਪੁਲਾੜ ਵਾਹਨ ਬੋਇੰਗ ਸਟਾਰਲਾਈਨਰ ਵਿੱਚ ਕੋਈ ਦਿੱਕਤ ਆਉਣ ਕਾਰਨ ਆਈ.ਐੱਸ.ਐੱਸ. 'ਤੇ ਫਸੇ ਹੋਏ ਹਨ ਅਤੇ ਉਨ੍ਹਾਂ ਦੀ ਧਰਤੀ 'ਤੇ ਵਾਪਸੀ ਵਿੱਚ ਦੇਰ ਹੋ ਗਈ ਹੈ।

ਟਰੰਪ ਨੇ ਬਾਇਡਨ ਪ੍ਰਸ਼ਾਸਨ 'ਤੇ ਪੁਲਾੜ ਯਾਤਰੀਆਂ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ 'ਤੇ ਛੱਡ ਕੇ ਆਉਣ ਦਾ ਦੋਸ਼ ਲਗਾਇਆ ਅਤੇ ਉਨ੍ਹਾਂ ਸਪੇਸਐਕਸ ਦੇ ਸੰਸਥਾਪਕ ਐਲਨ ਮਸਕ ਨੂੰ ਦੋਵੇਂ ਪੁਲਾੜ ਯਾਤਰੀਆਂ ਨੂੰ ਵਾਪਸ ਘਰ ਲੈ ਕੇ ਆਉਣ ਲਈ ਕਿਹਾ। ਆਪਣੇ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਪੋਸਟ ਵਿੱਚ ਟਰੰਪ ਨੇ ਲਿਖਿਆ, "ਮੈਂ ਸਪੇਸਐਕਸ 'ਤੇ ਸੰਸਥਾਪਕ ਐਲਨ ਮਸਕ ਨੂੰ ਉਨ੍ਹਾਂ ਦੋਵੇਂ ਬਹਾਦਰ ਪੁਲਾੜ ਯਾਤਰੀਆਂ ਨੂੰ ਘਰ ਲੈ ਕੇ ਆਉਣ ਲਈ ਕਿਹਾ ਹੈ, ਜਿਨ੍ਹਾਂ ਨੂੰ ਬਾਇਡਨ ਪ੍ਰਸ਼ਾਸਨ ਵੱਲੋਂ ਪੁਲਾੜ ਵਿੱਚ ਛੱਡ ਦਿੱਤਾ ਗਿਆ ਸੀ। ਉਹ ਪੁਲਾੜ ਸਟੇਸ਼ਨ 'ਤੇ ਕਈ ਮਹੀਨਿਆਂ ਤੋਂ ਇੰਤਜ਼ਾਰ ਕਰ ਰਹੇ ਹਨ। ਐਲਨ ਜਲਦੀ ਹੀ ਪੁਲਾੜ ਦਾ ਰੁਖ਼ ਕਰਨਗੇ। ਆਸ ਹੈ ਕਿ, ਸਭ ਸੁਰੱਖਿਅਤ ਹੋਣਗੇ।"

**ਤੁਰਨਾ ਭੁੱਲੀ ਸੁਨੀਤਾ ਵਿਲੀਅਮਜ਼**

ਪੁਲਾੜ ਵਿੱਚ ਫਸੀ ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਨੇ ਕਿਹਾ ਕਿ ਉਹ ਇਹ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਤੁਰਨਾ ਕਿਵੇਂ ਹੈ। ਡਬਲਿਊ.ਬੀ.ਜ਼ੈੱਡ.-ਟੀ.ਵੀ. ਦੀ ਖ਼ਬਰ ਮੁਤਾਬਕ ਪੁਲਾੜ ਸਟੇਸ਼ਨ ਤੋਂ ਅਮਰੀਕਾ ਦੇ ਨੀਦਮ ਹਾਈ ਸਕੂਲ ਦੇ ਵਿਦਿਆਰਥੀਆਂ ਨਾਲ ਆਨਲਾਈਨ ਗੱਲਬਾਤ ਕਰਦਿਆਂ 59 ਸਾਲਾ ਸੁਨੀਤਾ ਵਿਲੀਅਮਜ਼ ਨੇ ਕਿਹਾ, "ਮੈਂ ਇੱਥੇ ਲੰਬੇ ਸਮੇਂ ਤੋਂ ਹਾਂ। ਹੁਣ ਮੈਂ ਇਹ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਕਿਵੇਂ ਤੁਰੀ ਦਾ ਹੈ। ਮੈਂ ਲੰਬੇ ਸਮੇਂ ਤੋਂ ਨਾ ਚੱਲੀ ਹਾਂ, ਨਾ ਬੈਠੀ ਹਾਂ ਅਤੇ ਨਾ ਹੀ ਲੰਬੀ ਪਈ ਹਾਂ। ਤੁਸੀਂ ਸਿਰਫ਼ ਅੱਖਾਂ ਬੰਦ ਕਰ ਸਕਦੇ ਹੋ ਅਤੇ ਪੁਲਾੜ ਸਟੇਸ਼ਨ ਵਿੱਚ ਹਵਾ 'ਚ ਤੈਰਦੇ ਰਹਿੰਦੇ ਹੋ।"

## ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਵੈਂਜ਼ੂਏਲੀਅਨ ਗਿਰੋਹ ਦਾ ਅਹਿਮ ਮੈਂਬਰ ਗ੍ਰਿਫ਼ਤਾਰ

ਸਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਨਿਊ ਯਾਰਕ ਵਿੱਚ ਕੀਤੀ ਇੱਕ ਕਾਰਵਾਈ ਦੌਰਾਨ ਵੈਂਜ਼ੂਏਲੀਅਨ ਗਿਰੋਹ ਟਰੇਨ ਡੇ ਅਰਾਗੂਆ ਦੇ ਇੱਕ ਅਹਿਮ ਮੈਂਬਰ ਨੂੰ ਗ੍ਰਿਫ਼ਤਾਰ ਕਰ ਲੈਣ ਦੀ ਖ਼ਬਰ ਹੈ।

ਪੁਲਿਸ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਸ਼ੱਕੀ ਐਂਡਰਸਨ ਜ਼ੈਮਬਰਾਨੋ- ਪਾਚੇਕੋ (26) ਨੂੰ ਡਰੱਗ ਇਨਫ਼ੋਰਸਮੈਂਟ ਐਡਮਨਿਸਟ੍ਰੇਸ਼ਨ ਐਂਡ ਯੂ ਐਸ ਹੋਮਲੈਂਡ ਸਕਿਊਰਿਟੀ ਦੇ ਜਾਂਚ ਅਫ਼ਸਰਾਂ ਵੱਲੋਂ ਬਰੋਂਕਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਪਾਚੇਕੋ ਚੋਰੀ ਤੇ ਡਰਾਉਣ ਧਮਕਾਉਣ ਦੇ ਇੱਕ ਮਾਮਲੇ ਵਿੱਚ ਲੋੜੀਂਦਾ ਹੈ। ਸ਼ੱਕੀ ਜੈਮਬਰਾਨੋ ਪਾਚੇਕੋ ਪਿਛਲੇ ਦਿਨਾਂ ਦੌਰਾਨ ਟਰੰਪ ਪ੍ਰਸ਼ਾਸਨ ਦੁਆਰਾ ਹਿਰਾਸਤ ਵਿੱਚ ਲਏ ਗਏ ਬਿਨਾਂ ਦਸਤਾਵੇਜ਼ 4 ਹਜ਼ਾਰ ਤੋਂ ਵਧ ਗੈਰ ਕਾਨੂੰਨੀ ਪ੍ਰਵਾਸੀਆਂ ਵਿਚੋਂ ਇੱਕ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਵਿਗਿਆਨੀਆਂ ਨੇ ਦਿੱਤੀ ਚਿਤਾਵਨੀ

# 2032 ਤੱਕ ਭਾਰਤ ਨਾਲ ਟਕਰਾ ਸਕਦੈ ਗ੍ਰਹਿ ਐਸਟਰਾਇਡ

### ਅਜਿਹਾ ਹੋਇਆ ਤਾਂ ਹੋਵੇਗੀ ਭਿਅੰਕਰ ਤਬਾਹੀ



ਲੰਡਨ/ਏ.ਟੀ.ਨਿਊਜ਼: ਸਾਲ 1908 ਵਿੱਚ, ਸੋਵੀਅਤ ਯੂਨੀਅਨ ਦੇ ਸਾਇਬੇਰੀਆ ਖੇਤਰ ਵਿੱਚ ਇੱਕ ਐਸਟਰਾਇਡ ਡਿੱਗਿਆ, ਜਿਸ ਨਾਲ 2000 ਵਰਗ ਕਿਲੋਮੀਟਰ ਦੇ ਖੇਤਰ ਵਿੱਚ ਤਬਾਹੀ ਮਚ ਗਈ ਸੀ। ਉਸ ਐਸਟੇਰਾਇਡ ਦੇ ਡਿੱਗਣ ਕਾਰਨ, ਲੱਖਾਂ ਦਰੱਖਤ ਜੜ੍ਹਾਂ ਤੋਂ ਉਖੜ ਗਏ ਸਨ। ਇਹ ਖੁਸ਼ਕਿਸਮਤੀ ਸੀ ਕਿ ਸਾਇਬੇਰੀਆ ਇੱਕ ਉਜਾੜ ਇਲਾਕਾ ਸੀ, ਨਹੀਂ ਤਾਂ ਭਿਅੰਕਰ ਤਬਾਹੀ ਹੋਣੀ ਸੀ ਅਤੇ ਉਸੇ ਆਕਾਰ ਦਾ ਇੱਕ ਐਸਟਰਾਇਡ ਧਰਤੀ ਵੱਲ ਲਗਾਤਾਰ ਵਧ ਰਿਹਾ ਹੈ ਅਤੇ ਖਗੋਲ ਵਿਗਿਆਨੀ ਹਾਈ ਅਲਰਟ 'ਤੇ ਹਨ। ਇਸ ਐਸਟਰਾਇਡ ਦਾ ਨਾਮ 2024 ਵਾਈ.ਆਰ.4 ਹੈ ਅਤੇ ਵਿਗਿਆਨੀਆਂ ਨੇ ਐਸਟਰਾਇਡ ਦੀ ਗਤੀ ਅਤੇ ਵੱਖ-ਵੱਖ ਪੁਲਾੜੀ ਗੁੰਝਲਾਂ ਦਾ ਅਧਿਐਨ ਕੀਤਾ ਹੈ ਅਤੇ ਪਾਇਆ ਹੈ ਕਿ 2032 ਤੱਕ ਇਸ ਐਸਟਰਾਇਡ ਦੇ ਧਰਤੀ ਨਾਲ ਟਕਰਾਉਣ ਦੀ ਸੰਭਾਵਨਾ ਹੈ, ਜਿਸ ਦੇ ਗੰਭੀਰ ਨਤੀਜੇ ਹੋ ਸਕਦੇ ਹਨ।

ਵਿਗਿਆਨੀਆਂ ਨੇ ਇਸ ਗ੍ਰਹਿ ਨੂੰ ਧਰਤੀ ਦੇ 'ਸਭ ਤੋਂ ਨੇੜਲੇ ਪਿੰਡਾਂ' ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਗ੍ਰਹਿ ਸਾਡੇ ਵਾਯੂਮੰਡਲ ਵਿੱਚ ਦਾਖਲ ਹੋਣ ਤੋਂ ਬਾਅਦ ਸਾਡੇ ਗ੍ਰਹਿ ਨੂੰ ਬਹੁਤ ਨੁਕਸਾਨ ਪਹੁੰਚਾ ਸਕਦਾ ਹੈ। ਸੰਯੁਕਤ ਅਰਬ ਅਮੀਰਾਤ ਦੇ ਇੱਕ ਖਗੋਲ ਵਿਗਿਆਨੀ ਨੇ ਵੀ ਇਸ ਉਪਗ੍ਰਹਿ ਨੂੰ ਧਰਤੀ ਵਾਂਗ ਉੱਡਦੇ ਦੇਖਿਆ ਹੈ ਅਤੇ ਦੁਨੀਆਂ ਭਰ ਦੇ ਸ਼ਕਤੀਸ਼ਾਲੀ ਨਿਗਰਾਨਾਂ ਨੂੰ ਇਸ ਗ੍ਰਹਿ 'ਤੇ ਨਿਰੰਤਰ ਨਜ਼ਰ ਰੱਖਣ ਦੀ ਅਪੀਲ ਕੀਤੀ ਹੈ।

ਐਸਟਰਾਇਡ 2024 ਵਾਈਆਰ 4 ਦਾ ਧਰਤੀ 'ਤੇ ਕੀ ਪ੍ਰਭਾਵ ਪੈ ਸਕਦਾ ਹੈ?

ਇਹ ਐਸਟੇਰਾਇਡ, ਜਿਸਦਾ ਕੋਡਨੇਮ 2024 ਵਾਈ.ਆਰ. 4 ਹੈ, ਸਭ ਤੋਂ ਪਹਿਲਾਂ ਯੂਰਪੀਅਨ ਸਪੇਸ ਏਜੰਸੀ (ਈ.ਐਸ.ਏ.) ਦੇ ਪਲੈਨੇਟਰੀ ਡਿਫੈਂਸ ਆਫਿਸ ਦੁਆਰਾ ਖੋਜਿਆ ਗਿਆ ਸੀ, ਜਿਸਨੇ ਇੱਕ ਚਿਤਾਵਨੀ ਜਾਰੀ ਕੀਤੀ ਹੈ ਕਿ ਇਹ ਐਸਟੇਰਾਇਡ 22 ਦਸੰਬਰ, 2032 ਨੂੰ ਧਰਤੀ ਦੇ ਨੇੜੇ ਤੋਂ ਸੁਰੱਖਿਅਤ ਢੰਗ ਨਾਲ ਲੰਘ ਜਾਵੇਗਾ। ਲਗਭਗ 99% ਸੰਭਾਵਨਾ ਹੈ ਕਿ ਇਹ ਲੰਘ ਰਿਹਾ ਹੈ। ਫਿਰ ਵੀ, ਇਸਨੇ ਆਪਣੀ ਰਿਪੋਰਟ ਵਿੱਚ ਕਿਹਾ, ਧਰਤੀ 'ਤੇ ਇਸਦੇ ਪ੍ਰਭਾਵ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਜਿਵੇਂ-ਜਿਵੇਂ ਸਾਡੀ ਐਸਟਰਾਇਡ ਸਰਵੇਖਣ ਤਕਨਾਲੋਜੀ ਵਿੱਚ ਸੁਧਾਰ ਹੋ ਰਿਹਾ ਹੈ, ਅਸੀਂ ਧਰਤੀ ਦੇ ਨੇੜੇ ਤੋਂ ਲੰਘਣ ਵਾਲੀਆਂ ਵਸਤੂਆਂ ਦੀ ਵੱਧਦੀ ਗਿਣਤੀ ਦਾ ਪਤਾ ਲਗਾ ਰਹੇ ਹਾਂ ਜੋ ਅਸੀਂ ਪਹਿਲਾਂ ਕਦੇ ਨਹੀਂ ਵੇਖ ਪਾਉਂਦੇ ਸੀ।

ਪੁਲਾੜ ਏਜੰਸੀ ਨੇ ਕਿਹਾ ਹੈ ਕਿ 2024 ਵਾਈ.ਆਰ.4 ਐਸਟਰਾਇਡ 40 ਮੀਟਰ ਲੰਬਾ ਅਤੇ 100 ਮੀਟਰ ਚੌੜਾ ਹੋ ਸਕਦਾ ਹੈ। ਏਜੰਸੀ ਨੇ ਕਿਹਾ ਹੈ ਕਿ 99 ਪ੍ਰਤੀਸ਼ਤ ਸੰਭਾਵਨਾ ਹੈ ਕਿ ਇਹ ਧਰਤੀ ਨਾਲ ਨਹੀਂ ਟਕਰਾਏਗਾ, ਪਰ ਇੱਕ ਪ੍ਰਤੀਸ਼ਤ ਸੰਭਾਵਨਾ ਹੈ ਕਿ ਇਹ ਧਰਤੀ ਨਾਲ ਟਕਰਾਏਗਾ ਅਤੇ ਇਹ ਸੰਭਾਵਨਾ ਇਸਨੂੰ ਧਰਤੀ ਲਈ ਖਤਰਨਾਕ ਐਸਟਰਾਇਡਾਂ ਦੀ ਸੂਚੀ ਵਿੱਚ ਰੱਖਦੀ ਹੈ। ਪੁਲਾੜ ਏਜੰਸੀ ਨੇ ਇਹ ਵੀ ਕਿਹਾ ਹੈ ਕਿ ਫਿਲਹਾਲ ਇਹ ਕਹਿਣਾ ਮੁਸ਼ਕਿਲ ਹੈ ਕਿ ਇਸਦਾ ਪ੍ਰਭਾਵ ਧਰਤੀ 'ਤੇ ਕਿੱਥੇ ਪੈ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਦੂਰੀ 'ਤੇ, ਇਹ ਪੱਛਮੀ ਮੱਧ ਅਮਰੀਕਾ ਤੋਂ ਉੱਤਰੀ ਦੱਖਣੀ ਅਮਰੀਕਾ ਤੱਕ ਫੈਲੀ ਇੱਕ ਤੰਗ ਪੱਟੀ ਵਿੱਚ ਧਰਤੀ ਨੂੰ ਟੱਕਰ ਮਾਰ ਸਕਦਾ ਹੈ, ਫਿਰ ਕੇਂਦਰੀ ਅਟਲਾਂਟਿਕ ਮਹਾਂਸਾਗਰ ਅਤੇ ਅਫਰੀਕਾ ਦੇ ਕੁਝ ਹਿੱਸਿਆਂ ਤੋਂ ਪਾਰ, ਭਾਰਤ ਤੱਕ ਪਹੁੰਚ ਸਕਦਾ ਹੈ।

### ਐਸਟਰਾਇਡ 2024 ਵਾਈ.ਆਰ. 4 ਬਾਰੇ ਕੀ ਖੋਜਿਆ ਗਿਆ ?

ਇਸ ਐਸਟੇਰਾਇਡ ਨੂੰ ਪਹਿਲੀ ਵਾਰ 27 ਦਸੰਬਰ, 2024 ਨੂੰ ਚਿਲੀ ਦੇ ਰੀਓ ਹਰਟਾਡੋ ਵਿੱਚ ਸਥਿਤ ਐਸਟੇਰੋਇਡ ਟੈਰੇਸਟ੍ਰੀਅਲ-ਇਮਪੈਕਟ ਲਾਸਟ ਅਲਰਟ ਸਿਸਟਮ (ਐਟਲਸ) ਟੈਲੀਸਕੋਪ ਦੁਆਰਾ ਦੇਖਿਆ ਗਿਆ ਸੀ। ਈ.ਐਸ.ਏ. ਨੇ ਐਸਟਰਾਇਡ ਦੇ ਲੰਘਣ ਦਾ ਇੱਕ ਟਾਈਮਲੈਪਸ ਕੈਪਚਰ ਕੀਤਾ। ਐਸਟੇਰਾਇਡ ਦੇ ਆਕਾਰ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸਨੂੰ ਸਭ ਤੋਂ ਵੱਧ ਜੋਖਮ ਵਾਲੇ ਐਸਟੇਰਾਇਡਾਂ ਦੀ ਸੂਚੀ ਵਿੱਚ ਸਿਖਰ 'ਤੇ ਰੱਖਿਆ ਗਿਆ ਹੈ। ਇਸਨੂੰ 2023 ਵੀਡੀ3 ਐਸਟਰਾਇਡ ਦੇ ਉੱਪਰ ਵੀ ਰੱਖਿਆ ਗਿਆ ਹੈ, ਜਿਸਦੇ 2034 ਵਿੱਚ ਧਰਤੀ ਦੇ ਨੇੜੇ ਤੋਂ ਲੰਘਣ ਦੀ ਉਮੀਦ ਹੈ। ਪੁਲਾੜ ਏਜੰਸੀ ਨੇ ਕਿਹਾ ਹੈ ਕਿ ਦੁਨੀਆ ਦੀਆਂ ਕਈ ਪੁਲਾੜ ਏਜੰਸੀਆਂ ਇਸ ਗ੍ਰਹਿ 'ਤੇ ਨਜ਼ਰ ਰੱਖ ਰਹੀਆਂ ਹਨ ਅਤੇ ਇਸ ਦੇ ਗੁਜ਼ਰਣ ਵਾਲੇ ਰਸਤੇ 'ਤੇ ਨੇੜਿਓਂ ਨਜ਼ਰ ਰੱਖ ਰਹੀਆਂ ਹਨ।

2024 ਵਾਈ.ਆਰ.4 ਐਸਟਰਾਇਡ ਨੂੰ ਟੋਰਿਨ ਪ੍ਰਭਾਵ ਖਤਰੇ ਦੇ ਪੈਮਾਨੇ 'ਤੇ ਪੱਧਰ 3 ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਇਸਦਾ ਮਤਲਬ ਹੈ ਕਿ ਖਗੋਲ ਵਿਗਿਆਨੀ ਇਸ 'ਤੇ ਨੇੜਿਓਂ ਨਜ਼ਰ ਰੱਖਣਗੇ ਅਤੇ ਇਸਨੂੰ ਆਮ ਲੋਕਾਂ ਦੇ ਧਿਆਨ ਵਿੱਚ ਲਿਆਉਣਾ ਵੀ ਮਹੱਤਵਪੂਰਨ ਹੈ। ਇੱਥੇ ਤੁਹਾਡੇ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਸ਼ੁਰੂਆਤੀ ਅੰਕੜਿਆਂ ਵਿੱਚ, ਕਿਸੇ ਐਸਟਰਾਇਡ ਦੇ ਧਰਤੀ ਦੇ ਨੇੜੇ ਆਉਣ ਦੀ ਸੰਭਾਵਨਾ ਅਕਸਰ ਕਾਫ਼ੀ ਜ਼ਿਆਦਾ ਹੁੰਦੀ ਹੈ, ਪਰ ਹੋਰ ਅੰਕੜਿਆਂ ਦੇ ਆਉਣ ਨਾਲ, ਇਸਦੀ ਸੰਭਾਵਨਾ ਤੇਜ਼ੀ ਨਾਲ ਘੱਟ ਜਾਂਦੀ ਹੈ।

# ਓਂਟਾਰੀਓ 'ਚ ਮੱਧਕਾਲੀ ਚੋਣਾਂ 27 ਨੂੰ

### ਚੋਣਾਂ ਦੇ ਨਤੀਜੇ ਓਂਟਾਰੀਓ ਦਾ ਭਵਿੱਖ ਤੈਅ ਕਰਨਗੇ: ਡੱਗ ਫੋਰਡ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੇ ਸਭ ਤੋਂ ਵੱਡੇ ਸੂਬੇ ਓਂਟਾਰੀਓ ਦੀ ਵਿਧਾਨ ਸਭਾ ਭੰਗ ਕਰਕੇ 27 ਫਰਵਰੀ ਨੂੰ ਮੱਧਕਾਲੀ ਚੋਣਾਂ ਦਾ ਐਲਾਨ ਹੋ ਗਿਆ ਹੈ। ਸੂਬੇ ਦੀ 43ਵੀਂ ਵਿਧਾਨ ਸਭਾ ਮਾਰਚ ਦੇ ਪਹਿਲੇ ਹਫਤੇ ਕਾਇਮ ਹੋਵੇਗੀ।




ਭੰਗ ਹੋਈ ਵਿਧਾਨ ਸਭਾ ਦੀ ਚੋਣ 7 ਜੂਨ 2022 ਨੂੰ ਹੋਈ ਸੀ, ਜਿਸ ਵਿੱਚ 124 ਮੈਂਬਰੀ ਹਾਊਸ ਲਈ ਡੱਗ ਫੋਰਡ ਦੀ ਅਗਵਾਈ ਹੇਠਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਨੇ 83 ਸੀਟਾਂ ਜਿੱਤੀਆਂ ਸਨ ਤੇ 31 ਸੀਟਾਂ ਐੱਨ.ਡੀ.ਪੀ. ਨੂੰ ਮਿਲੀਆਂ ਸਨ। ਲਿਬਰਲ ਪਾਰਟੀ ਨੇ 8 ਅਤੇ ਗਰੀਨ ਪਾਰਟੀ ਤੇ ਆਜ਼ਾਦ ਉਮੀਦਵਾਰ ਨੇ ਇੱਕ-ਇੱਕ ਸੀਟ ਜਿੱਤੀ ਸੀ। ਚੋਣਾਂ ਦੇ ਜਨਤਕ ਐਲਾਨ ਤੋਂ ਪਹਿਲਾਂ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਆਗੂ ਤੇ ਮੁੱਖ ਮੰਤਰੀ ਡੱਗ ਫੋਰਡ ਸੂਬੇ ਦੀ ਲੈਫਟੀਨੈਂਟ ਗਵਰਨਰ ਮੈਡਮ ਐਡਿਥ ਡੁਮੌਂਟ ਨੂੰ ਮਿਲੇ ਤੇ ਵਿਧਾਨ ਸਭਾ ਭੰਗ ਕਰਕੇ ਮੱਧਕਾਲੀ ਚੋਣਾਂ ਕਰਾਉਣ ਦਾ ਬੇਨਤੀ ਪੱਤਰ ਦਿੱਤਾ। ਡੁਮੌਂਟ ਨੇ ਬੇਨਤੀ ਤੁਰੰਤ ਸਵੀਕਾਰ ਕਰਕੇ 27 ਫਰਵਰੀ ਨੂੰ ਚੋਣਾਂ ਦੀ ਤਜਵੀਜ਼ ਪ੍ਰਵਾਨ ਕਰ ਲਈ। ਬਾਅਦ 'ਚ ਪੱਤਰਕਾਰ ਸੰਮੇਲਨ ਵਿੱਚ ਡੱਗ ਫੋਰਡ ਨੇ ਕਿਹਾ ਕਿ ਇਹ ਚੋਣ ਨਹੀਂ, ਸਗੋਂ ਚਾਰ ਸਾਲਾਂ ਵਾਸਤੇ ਸੂਬੇ ਦੀ ਆਰਥਿਕਤਾ ਦੀ ਮਜ਼ਬੂਤੀ ਦੀ ਲੜਾਈ ਹੈ, ਜਿਸ ਵਿੱਚ ਉਹ ਇਹ ਯਕੀਨੀ ਬਣਾਉਣਗੇ ਕਿ ਸੂਬੇ ਦੀ ਆਰਥਿਕਤਾ ਉੱਤੇ ਬਾਹਰਲਿਆਂ ਦੇ ਹਮਲੇ ਨੂੰ ਪੂਰੀ ਤਾਕਤ ਨਾਲ ਪਛਾੜਿਆ ਜਾਵੇ।

# 51 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ ਸਾਹਿਤ ਇਨਾਮ-2025 ਲਈ ਪੁਸਤਕਾਂ ਦੀਆਂ ਨਾਮਜ਼ਦਗੀਆਂ ਆਰੰਭ

### ਪੁਸਤਕਾਂ ਭੇਜਣ ਦੀ ਆਖ਼ਰੀ ਤਾਰੀਕ 28 ਫ਼ਰਵਰੀ 2025

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੀ ਧਰਤੀ ਤੋਂ ਆਰੰਭ ਹੋਏ ਅਤੇ ਪੰਜਾਬੀ ਸਾਹਿਤ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ 51000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਇਨਾਮ ਸਾਲ 2025 ਲਈ ਨਾਮਜ਼ਦਗੀਆਂ ਹੁਣ ਪ੍ਰਵਾਨ ਕਰਨੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਤਾਰੀਖ 28 ਫ਼ਰਵਰੀ 2025 ਹੈ । ਇਹ ਜਾਣਕਾਰੀ ਢਾਹਾਂ ਸਾਹਿਤ ਇਨਾਮ ਦੇ ਬਾਨੀ ਸ੍ਰੀ ਬਰਜਿੰਦਰ ਸਿੰਘ ਢਾਹਾਂ ਦੁਆਰਾ ਦਿੱਤੀ ਗਈ। ਉਹਨਾਂ ਕਿਹਾ ਕਿ ਇਸ ਸਨਮਾਨ ਮਾਂ-ਬੋਲੀ ਪੰਜਾਬੀ ਵਿੱਚ ਸਮੁੱਚੇ ਸੰਸਾਰ ਵਿੱਚ ਰਚੇ ਗਏ ਉੱਤਮ ਸਾਹਿਤ ਦੀ ਪਛਾਣ ਕਰਨ ਅਤੇ ਪੰਜਾਬੀ ਸਾਹਿਤ-ਸਿਰਜਣਾ ਨੂੰ ਉਤਸ਼ਾਹ ਦੇਣ ਦੇ ਮਨੋਰਥ ਨਾਲ ਸ਼ੁਰੂ ਕੀਤਾ ਗਿਆ। ਜੋ ਕੌਮਾਂਤਰੀ ਪੱਧਰ ਉੱਤੇ ਮਾਂ ਬੋਲੀ ਪੰਜਾਬੀ ਦੀ ਗੁਰਮੁਖੀ ਜਾਂ ਸ਼ਾਹਮੁਖੀ ਲਿਪੀ ਵਿੱਚ ਛਪੇ ਨਾਵਲ ਤੇ ਕਹਾਣੀ ਦੀਆਂ ਤਿੰਨ ਕਿਤਾਬਾਂ ਨੂੰ ਦਿੱਤਾ ਜਾਂਦਾ ਹੈ। ਜਿਸ ਵਿੱਚ ਤਿੰਨ ਪੁਸਤਕਾਂ ਵਿਚੋ ਇੱਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਦਾ ਇਨਾਮ ਅਤੇ ਦੋ ਪੁਸਤਕਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਢਾਹਾਂ ਸਾਹਿਤ ਇਨਾਮ ਬਹੁਤ ਸਤਿਕਾਰ ਸਹਿਤ ਭੇਟ ਕੀਤਾ ਜਾਂਦਾ ਹੈ। ਇਸ ਮੌਕੇ ਜੇਤੂ ਕਿਤਾਬਾਂ ਦੇ ਲੇਖਕਾਂ ਨੂੰ ਗੁਰਮੁਖੀ ਜਾਂ ਸ਼ਾਹਮੁਖੀ ਵਿੱਚ ਲਿਪੀਅੰਤਰਨ ਕਰਨ ਲਈ ਵੀ 6,000 ਕੈਨੇਡੀਅਨ ਡਾਲਰ ਦਾ ਵਿਸ਼ੇਸ਼ ਸਨਮਾਨ ਵੀ ਭੇਟ ਕੀਤਾ ਜਾਂਦਾ ਹੈ। ਢਾਹਾਂ ਸਾਹਿਤ ਇਨਾਮ ਵੱਲੋਂ 11 ਸਾਲਾਂ ਦੇ ਸਫ਼ਰ ਵਿੱਚ ਹੁਣ ਤੱਕ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ ਅਤੇ ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ 33 ਨਾਮਵਰ ਪੁਸਤਕਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ ਨਾਵਲ ਤੇ ਕਹਾਣੀ ਸੰਗ੍ਰਹਿ ਸ਼ਾਮਿਲ ਹਨ। ਸ. ਢਾਹਾਂ ਨੇ ਇਸ ਮੌਕੇ ਢਾਹਾਂ ਸਾਹਿਤ ਇਨਾਮ ਨੂੰ ਦੇਸ-ਵਿਦੇਸ ਦੇ ਲੇਖਕਾਂ, ਪ੍ਰਕਾਸ਼ਿਕਾਂ ਅਤੇ ਪਾਠਕਾਂ ਵੱਲੋਂ ਦਿੱਤੇ ਜਾ ਰਹੇ ਪਿਆਰ-ਸਤਿਕਾਰ ਲਈ ਤਹਿ ਦਿਲੋਂ ਧੰਨਵਾਦ ਕੀਤਾ।



ਸ. ਢਾਹਾਂ ਨੇ ਨਾਮਜ਼ਦਗੀਆਂ ਦਾਖਲ ਕਰਨ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਸਾਲ 2025 ਦੇ ਢਾਹਾਂ ਇਨਾਮ ਲਈ ਪ੍ਰਕਾਸ਼ਿਤ ਨਾਵਲ ਜਾਂ ਕਹਾਣੀਆਂ ਦੀ ਕਿਤਾਬ ਨਾਮਜ਼ਦ ਕਰਨ ਦੇ ਚਾਹਵਾਨ ਲੇਖਕ, ਪ੍ਰਕਾਸ਼ਿਕ ਨਾਮਜ਼ਦਗੀ ਫ਼ਾਰਮ ਭਰ ਕੇ ਸੰਬਧਿਤ ਪੁਸਤਕ ਦੀਆਂ ਤਿੰਨ ਕਾਪੀਆਂ ਨੂੰ ਢਾਹਾਂ ਇਨਾਮ ਦੇ ਮੁੱਖ ਦਫ਼ਤਰ ਭੇਜ ਸਕਦੇ ਹਨ। ਵਰਨਣਯੋਗ ਹੈ ਕਿ ਢਾਹਾਂ ਇਨਾਮ ਪੰਜਾਬੀ ਭਾਸ਼ਾ ਦਾ ਸਭ ਤੋਂ ਵੱਡਾ ਸਨਮਾਨ ਹੈ, ਜੋ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਸੰਸਾਰ ਦੇ ਵੱਖ- ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨ ਅਤੇ ਕੌਮਾਂਤਰੀ ਪੱਧਰ 'ਤੇ ਪੰਜਾਬੀ ਸਾਹਿਤ ਦਾ ਪ੍ਰਚਾਰ ਤੇ ਪਸਾਰ ਕਾਰਜਸ਼ੀਲ ਹੈ। ਇਸ ਨਾਲ ਪੰਜਾਬੀ ਲੇਖਕਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਨਿਵੇਕਲੀ ਪਛਾਣ ਮਿਲਦੀ ਹੈ ਅਤੇ ਜਿਸ ਰਾਹੀਂ ਉਹ ਦੁਨੀਆ ਭਰ ਦੇ ਬਹੁ-ਭਾਸ਼ੀ ਪਾਠਕਾਂ ਤੱਕ ਪਹੁੰਚ ਸਕਦੇ ਹਨ । ਢਾਹਾਂ ਇਨਾਮ ਦੀ ਸਥਾਪਨਾ ਬਰਜ ਢਾਹਾਂ (ਬਰਜਿੰਦਰ ਸਿੰਘ) ਅਤੇ ਉਹਨਾਂ ਧਰਮਪਤਨੀ ਰੀਟਾ ਢਾਹਾਂ ਦੁਆਰਾ ਪਰਿਵਾਰ, ਦੋਸਤਾਂ ਅਤੇ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਦੇ (ਬਾਕੀ ਸਫ਼ਾ 30 'ਤੇ)

# ਉੱਤਰ ਕੋਰੀਆ: ਕਿਮ ਵੱਲੋਂ ਪਰਮਾਣੂ ਸਮਰੱਥਾ ਮਜ਼ਬੂਤ ਕਰਨ ਦਾ ਸੱਦਾ

ਸਿਓਲ/ਏ.ਟੀ.ਨਿਊਜ਼: ਉੱਤਰ ਕੋਰੀਆ ਦੇ ਆਗੂ ਕਿਮ ਜੌਂਗ ਉਨ ਨੇ ਪਰਮਾਣੂ ਸਮੱਗਰੀ ਬਣਾਉਣ ਵਾਲੇ ਪਲਾਂਟ ਦਾ ਨਿਰੀਖਣ ਕਰਕੇ ਦੇਸ਼ ਦੀ ਪਰਮਾਣੂ ਸਮਰੱਥਾ ਮਜ਼ਬੂਤ ਬਣਾਉਣ ਦਾ ਸੱਦਾ ਦਿੱਤਾ ਹੈ। ਕਿਮ ਦੇ ਇਸ ਕਦਮ ਨੂੰ ਉੱਤਰੀ ਕੋਰੀਆ ਵੱਲੋਂ ਅਮਰੀਕਾ 'ਤੇ ਦਬਾਅ ਵਧਾਉਣ ਦੀ ਕੋਸ਼ਿਸ਼ ਮੰਨਿਆ ਜਾ ਰਿਹਾ ਹੈ। ਕਿਮ ਦੇ ਪਰਮਾਣੂ ਸਮੱਗਰੀ ਬਣਾਉਣ ਵਾਲੇ ਪਲਾਂਟ 'ਚ ਜਾਣ ਨਾਲ ਉੱਤਰ ਕੋਰੀਆ ਦੇ ਪਰਮਾਣੂ ਹਥਿਆਰਾਂ ਦੇ ਜ਼ਖੀਰੇ 'ਚ ਵਾਧੇ 'ਤੇ ਲਗਾਤਾਰ ਜ਼ੋਰ ਦੇਣ ਦਾ ਸੰਕੇਤ ਵੀ ਮਿਲਿਆ ਹੈ। ਟਰੰਪ ਨੇ ਵੈਸੇ ਕਿਹਾ ਹੈ ਕਿ ਉਹ ਕੂਟਨੀਤੀ ਨੂੰ ਮੁੜ ਤੋਂ ਸ਼ੁਰੂ ਕਰਨ ਲਈ ਕਿਮ ਨਾਲ ਗੱਲਬਾਤ ਕਰਨ ਲਈ ਤਿਆਰ ਹਨ। ਆਪਣੇ ਪਿਛਲੇ ਕਾਰਜਕਾਲ ਦੌਰਾਨ ਟਰੰਪ ਨੇ ਤਿੰਨ ਵਾਰ ਕਿਮ ਨਾਲ ਮੁਲਕਾਤ ਕੀਤੀ ਸੀ। ਕਈ ਮਾਹਿਰ ਮੰਨਦੇ ਹਨ ਕਿ ਉੱਤਰ ਕੋਰੀਆ ਪਾਬੰਦੀਆਂ 'ਚ ਰਾਹਤ ਲੈਣ ਲਈ ਅਜਿਹੀ ਰਣਨੀਤੀ ਬਣਾ ਰਿਹਾ ਹੈ। ਸਰਕਾਰੀ ਕੋਰੀਅਨ ਸੈਂਟਰਲ ਨਿਊਜ਼ ਏਜੰਸੀ ਦੀ ਰਿਪੋਰਟ 'ਚ ਇਹ ਨਹੀਂ ਦੱਸਿਆ ਗਿਆ ਕਿ ਕਿਮ ਨੇ ਕਿਹੜੇ ਪਲਾਂਟ ਦਾ ਦੌਰਾ ਕੀਤਾ ਹੈ। ਉਂਝ ਕਿਮ ਦੇ ਦੌਰੇ ਸਬੰਧੀ ਤਸਵੀਰਾਂ ਤੋਂ ਸੰਕੇਤ ਮਿਲਦਾ ਹੈ ਕਿ ਉਸ ਨੇ ਯੂਰੇਨੀਅਮ ਨਾਲ ਸਬੰਧਿਤ ਕੇਂਦਰ ਦਾ ਦੌਰਾ ਕੀਤਾ ਸੀ, ਜਿਥੇ ਉਹ ਪਿਛਲੇ ਸਤੰਬਰ 'ਚ ਵੀ ਗਿਆ ਸੀ। ਉੱਤਰੀ ਕੋਰੀਆ ਨੇ ਕਰੂਜ਼ ਮਿਜ਼ਾਈਲ ਪ੍ਰਣਾਲੀ ਦਾ ਪਰੀਖਣ ਕੀਤਾ ਸੀ ਅਤੇ ਉਸ ਨੇ ਅਮਰੀਕਾ-ਦੱਖਣੀ ਕੋਰੀਆ ਫ਼ੌਜੀ ਮਸ਼ਕਾਂ ਦਾ ਢੁਕਵਾਂ ਜਵਾਬ ਦੇਣ ਦਾ ਅਹਿਦ ਲਿਆ ਸੀ।



# ਅਯੁੱਧਿਆ ਵਿੱਚ ਦਲਿਤ ਕੁੜੀ ਨਾਲ ਦਰਿੰਦਗੀ

## ਹਾਥਰਸ ਘਟਨਾ ਦੀ ਯਾਦ ਹੋਈ ਤਾਜ਼ਾ

## ਅੱਖਾਂ ਕੱਢੀਆਂ ਅਤੇ ਹੱਡੀਆਂ ਤੱਕ ਤੋੜ ਦਿੱਤੀਆਂ

## ਸਮਾਜਵਾਦੀ ਪਾਰਟੀ ਦਾ ਐਮ.ਪੀ. ਰੋਇਆ, ਕਿਹਾ ਕਿ ਇਨਸਾਫ਼ ਨਾ ਮਿਲਿਆ ਤਾਂ ਅਸਤੀਫ਼ਾ ਦੇਵਾਂਗਾ

ਅਯੁੱਧਿਆ ਦੇ ਨੇੜੇ ਇੱਕ ਪਿੰਡ ਦੀ ਇਹ ਘਟਨਾ ਉਸ ਦਲਿਤ ਕੁੜੀ ਨਾਲ ਹੋਈ ਬੇਰਹਿਮੀ ਨੂੰ ਬਿਆਨ ਕਰਦੀ ਹੈ। ਕੁੜੀ ਲਾਪਤਾ ਹੋ ਗਈ ਸੀ। ਲਾਸ਼ ਨੰਗੀ ਮਿਲੀ। ਹੱਥ-ਪੈਰ ਰੱਸੀ ਨਾਲ ਬੰਨ੍ਹੇ ਹੋਏ ਸਨ। ਉਸਦੀਆਂ ਅੱਖਾਂ ਕੱਢ ਦਿੱਤੀਆਂ ਗਈਆਂ ਸਨ। ਸਰੀਰ ਦੀਆਂ ਹੱਡੀਆਂ ਟੁੱਟ ਗਈਆਂ ਸਨ। ਸਰੀਰ ’ਤੇ ਵੱਖ-ਵੱਖ ਥਾਵਾਂ ’ਤੇ ਜ਼ਖ਼ਮਾਂ ਦੇ ਨਿਸ਼ਾਨ ਸਨ। ਪਰਿਵਾਰ ਦਾ ਦੋਸ਼ ਹੈ ਕਿ ਜੇਕਰ ਪੁਲਿਸ ਨੇ ਤਿੰਨ ਦਿਨ ਪਹਿਲਾਂ ਲਾਪਤਾ ਬੇਟੀ ਦੀ ਸ਼ਿਕਾਇਤ ’ਤੇ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ, ਤਾਂ ਉਨ੍ਹਾਂ ਦੀ ਧੀ ਦੀ ਜਾਨ ਬਚਾਈ ਜਾ ਸਕਦੀ ਸੀ। ਪਰਿਵਾਰ ਨੂੰ ਉਸਦੀ ਲਾਸ਼ ਸ਼ਨੀਵਾਰ ਸਵੇਰੇ ਉਸਦੇ ਪਿੰਡ ਤੋਂ ਲਗਭਗ 500 ਮੀਟਰ ਦੂਰ ਇੱਕ ਛੋਟੀ ਜਿਹੀ ਨਹਿਰ ਵਿੱਚੋਂ ਮਿਲੀ ਸੀ। ਪਰਿਵਾਰਕ ਮੈਂਬਰਾਂ ਨੇ ਸ਼ੱਕ ਜਤਾਇਆ ਹੈ ਕਿ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ ਅਤੇ ਫ਼ਿਰ ਉਸਦੀ ਹੱਤਿਆ ਕਰ ਦਿੱਤੀ ਗਈ ਸੀ।

ਇਸ ਬੇਰਹਿਮੀ ਵਾਲੀ ਘਟਨਾ ਨੇ ਹਾਥਰਸ ਘਟਨਾ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ ਹਨ। ਅਜਿਹੀਆਂ ਘਟਨਾਵਾਂ ਇੱਕ ਤੋਂ ਬਾਅਦ ਇੱਕ ਲਗਾਤਾਰ ਸਾਹਮਣੇ ਆ ਰਹੀਆਂ ਹਨ। ਸਵਾਲ ਇਹ ਹੈ ਕਿ ਉੱਤਰ ਪ੍ਰਦੇਸ਼ ਵਿੱਚ ਅਜਿਹੀਆਂ ਘਟਨਾਵਾਂ ਕਿਉਂ ਨਹੀਂ ਰੁਕ ਰਹੀਆਂ ?

ਇਸ ਘਟਨਾ ਨੇ ਰਾਜਨੀਤਿਕ ਹਲਕਿਆਂ ਵਿੱਚ ਵੀ ਬੇਚੈਨੀ ਪੈਦਾ ਕਰ ਦਿੱਤੀ ਹੈ। ਅਯੁੱਧਿਆ ਦੇ ਸੰਸਦ ਮੈਂਬਰ ਅਵਧੇਸ਼ ਪ੍ਰਸਾਦ ਨੇ ਧਮਕੀ ਦਿੱਤੀ ਹੈ ਕਿ ਜੇਕਰ ਪਰਿਵਾਰ ਨੂੰ ਇਨਸਾਫ਼ ਨਹੀਂ ਮਿਲਿਆ ਤਾਂ ਉਹ ਸੰਸਦ ਮੈਂਬਰ ਅਹੁਦੇ ਤੋਂ ਅਸਤੀਫ਼ਾ ਦੇ ਦੇਣਗੇ। ਅਵਧੇਸ਼ ਪ੍ਰਸਾਦ ਮੀਡੀਆ ਸਾਹਮਣੇ ਪੇਸ਼ ਹੋਏ ਅਤੇ ਘਟਨਾ ਬਾਰੇ ਬੋਲਦੇ ਹੋਏ ਰੋਣ ਲੱਗ ਪਏ। ਉਸਨੇ ਕਿਹਾ, ‘ਮੈਂ ਉਸਨੂੰ ਬਚਾਉਣ ਵਿੱਚ ਅਸਫ਼ਲ ਰਿਹਾ’।

ਪ੍ਰਿਯੰਕਾ ਗਾਂਧੀ ਨੇ ਦੋਸ਼ ਲਗਾਇਆ, ‘ਅਯੁੱਧਿਆ ਵਿੱਚ ਭਾਗਵਤ ਕਥਾ ਸੁਣਨ ਗਈ ਇੱਕ ਦਲਿਤ ਕੁੜੀ ਨਾਲ ਜਿਸ ਤਰ੍ਹਾਂ ਦੀ ਬਰਬਰਤਾ ਕੀਤੀ ਗਈ, ਇਸ ਬਾਰੇ ਸੁਣ ਕੇ ਕਿਸੇ ਨੂੰ ਵੀ ਸ਼ਰਮਿੰਦਗੀ ਹੋਵੇਗੀ।’ ਅਜਿਹੀਆਂ ਬੇਰਹਿਮ ਘਟਨਾਵਾਂ ਪੂਰੀ ਮਨੁੱਖਤਾ ਨੂੰ ਸ਼ਰਮਸਾਰ ਕਰਦੀਆਂ ਹਨ। ਕੁੜੀ ਤਿੰਨ ਦਿਨਾਂ ਤੋਂ ਲਾਪਤਾ ਸੀ ਪਰ ਪੁਲਿਸ ਨੇ ਕੁਝ ਨਹੀਂ ਕੀਤਾ। ਭਾਜਪਾ ਦੇ ਜੰਗਲ ਰਾਜ ਵਿੱਚ, ਦਲਿਤਾਂ, ਆਦਿਵਾਸੀਆਂ, ਪਛੜੇ ਲੋਕਾਂ ਅਤੇ ਗਰੀਬ ਲੋਕਾਂ ਦੀਆਂ ਚੀਕਾਂ ਸੁਣਨ ਵਾਲਾ ਕੋਈ ਨਹੀਂ ਹੈ। ਯੂ.ਪੀ. ਸਰਕਾਰ ਦਲਿਤਾਂ ’ਤੇ ਅੱਤਿਆਚਾਰਾਂ ਦਾ ਸਮਾਨਾਰਥੀ ਬਣ ਗਈ ਹੈ।

ਰਾਹੁਲ ਨੇ ਦੋਸ਼ ਲਗਾਇਆ, ‘ਉੱਤਰ ਪ੍ਰਦੇਸ਼ ਸਰਕਾਰ ਨੂੰ ਇਸ ਅਪਰਾਧ ਦੀ ਤੁਰੰਤ ਜਾਂਚ ਕਰਨੀ ਚਾਹੀਦੀ ਹੈ, ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ ਚਾਹੀਦੀ ਹੈ ਅਤੇ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।’

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਦੋਸ਼ ਲਗਾਇਆ ਕਿ ਬਹੁਜਨ ਵਿਰੋਧੀ ਭਾਜਪਾ ਸ਼ਾਸਨ ਵਿੱਚ, ਖਾਸ ਕਰਕੇ ਉੱਤਰ ਪ੍ਰਦੇਸ਼ ਵਿੱਚ, ਦਲਿਤਾਂ ਵਿਰੁੱਧ ਘਿਨਾਉਣੇ ਅੱਤਿਆਚਾਰ, ਬੇਇਨਸਾਫ਼ੀ ਅਤੇ ਕਤਲ ਬੇਤਹਾਸ਼ਾ ਵਧ ਰਹੇ ਹਨ।






ਹਾਥਰਸ ਮਾਮਲਾ: ਅਯੁੱਧਿਆ ਵਾਂਗ ਹੀ, ਹਾਥਰਸ ਵਿੱਚ ਇੱਕ ਦਲਿਤ ਕੁੜੀ ਨਾਲ ਹੋਈ ਬੇਰਹਿਮੀ ਨੇ ਵੀ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਚਾਰ ਸਾਲ ਪਹਿਲਾਂ 2020 ਵਿੱਚ, ਜਦੋਂ ਸਮੂਹਿਕ ਬਲਾਤਕਾਰ ਦੀ ਘਟਨਾ ਵਾਪਰੀ ਸੀ, ਤਾਂ ਸ਼ੁਰੂ ਵਿੱਚ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਸੀ। ਪੀੜਤਾ ਦੇ ਇਲਾਜ ਲਈ ਕੋਈ ਢੁਕਵੇਂ ਪ੍ਰਬੰਧ ਨਹੀਂ ਸਨ ਅਤੇ ਰਾਜਨੀਤਿਕ ਦਖਲਅੰਦਾਜ਼ੀ ਤੋਂ ਬਾਅਦ ਦਿੱਲੀ ਦੇ ਸਫ਼ਦਰਜੰਗ ਹਸਪਤਾਲ ਲਿਆਂਦਾ ਜਾਣ ਤੋਂ ਬਾਅਦ ਉਸਦੀ ਮੌਤ ਹੋ ਗਈ ਸੀ। ਪੁਲਿਸ ਨੇ ਉਸਦੇ ਪਰਿਵਾਰਕ ਮੈਂਬਰਾਂ ਦੀ ਗੈਰਹਾਜ਼ਰੀ ਵਿੱਚ ਰਾਤੋ-ਰਾਤ ਉਸਦਾ ਸਸਕਾਰ ਕਰ ਦਿੱਤਾ। ਪਰਿਵਾਰ ਦੇ ਮੈਂਬਰ ਤਰਸਦੇ ਰਹੇ ਕਿ ਘੱਟੋ-ਘੱਟ ਉਹ ਉਨ੍ਹਾਂ ਨੂੰ ਆਪਣਾ ਮੂੰਹ ਦਿਖਾ ਸਕੇ, ਪਰ ਅਜਿਹਾ ਨਹੀਂ ਹੋ ਸਕਿਆ। ਇਸ ਪੂਰੇ ਮਾਮਲੇ ਵਿੱਚ ਪਰਿਵਾਰ ਵੱਲੋਂ ਕਈ ਦੋਸ਼ ਲਗਾਏ ਗਏ ਸਨ।

ਹਾਥਰਸ ਵਿੱਚ 19 ਸਾਲਾ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਦਰਿੰਦਿਆਂ ਨੇ ਉਸਦੀ ਜੀਭ ਵੀ ਵੱਢ ਦਿੱਤੀ। ਕੁੜੀ ਦੀ ਪਿੱਠ ’ਤੇ ਵੀ ਡੂੰਘੀਆਂ ਸੱਟਾਂ ਸਨ। ਪੁਲਿਸ ਨੇ ਕਿਹਾ ਸੀ ਕਿ ਉਸ ਦੇ ਕਾਲਰਬੋਨ ’ਤੇ ਵੀ ਸੱਟਾਂ ਸਨ ਕਿਉਂਕਿ ਬਲਾਤਕਾਰੀਆਂ ਨੇ ਉਸ ਦੇ ਦੁਪੱਟੇ ਨਾਲ ਉਸਦਾ ਗਲਾ ਘੁੱਟਣ ਦੀ ਕੋਸ਼ਿਸ਼ ਕੀਤੀ ਸੀ।

**ਦਲਿਤ ਭੈਣਾਂ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ**

ਦੋ ਸਾਲ ਪਹਿਲਾਂ, ਯੂ.ਪੀ. ਦੇ ਲਖੀਮਪੁਰ ਖੇੜੀ ਵਿੱਚ ਦਲਿਤ ਭੈਣਾਂ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ ਦਾ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਸੀ। ਇਹ ਘਟਨਾ 14 ਸਤੰਬਰ, 2022 ਨੂੰ ਵਾਪਰੀ ਸੀ। ਨਿਘਾਸਨ ਇਲਾਕੇ ਦੇ ਇੱਕ ਪਿੰਡ ਦੀਆਂ ਦੋ ਨਾਬਾਲਗ ਦਲਿਤ ਭੈਣਾਂ ਨੂੰ ਅਗਵਾ ਕੀਤਾ ਗਿਆ, ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਫ਼ਿਰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੀਆਂ ਲਾਸ਼ਾਂ ਪਿੰਡ ਦੇ ਨੇੜੇ ਇੱਕ ਗੰਨੇ ਦੇ ਖੇਤ ਵਿੱਚ ਇੱਕ ਦਰੱਖਤ ਨਾਲ ਲਟਕਦੀਆਂ ਮਿਲੀਆਂ। 2023 ਦੇ ਅਖੀਰ ਵਿੱਚ, ਉੱਤਰ ਪ੍ਰਦੇਸ਼ ਦੇ ਬਾਂਦਾ ਦੇ ਇੱਕ ਪਿੰਡ ਵਿੱਚ ਇੱਕ 40 ਸਾਲਾ ਦਲਿਤ ਔਰਤ ਦੀ ਲਾਸ਼ ਆਟਾ ਚੱਕੀ ਦੇ ਫ਼ਰਸ਼ ’ਤੇ ਵਿੰਨ੍ਹੀ ਹੋਈ ਮਿਲੀ। ਪਰਿਵਾਰ ਨੇ ਉੱਚ ਜਾਤੀ ਦੇ ਲੋਕਾਂ ’ਤੇ ਸਮੂਹਿਕ ਬਲਾਤਕਾਰ ਅਤੇ ਕਤਲ ਦਾ ਦੋਸ਼ ਲਗਾਇਆ, ਪਰ ਪੁਲਿਸ ਨੇ ਕਿਹਾ ਕਿ ਇਹ ਇੱਕ ਹਾਦਸਾ ਸੀ। ਪੀੜਤਾ ਦੇ ਪਰਿਵਾਰ ਨੇ ਉਸ ਦੇ ਕਥਿਤ ਬਲਾਤਕਾਰ ਅਤੇ ਕਤਲ ਦੀ ਸ਼ਾਮ ਨੂੰ ਬਾਂਦਾ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਨੇ ਸਮੂਹਿਕ ਬਲਾਤਕਾਰ ਅਤੇ ਕਤਲ ਦਾ ਦੋਸ਼ ਲਗਾਇਆ ਸੀ। ਰਿਪੋਰਟ ਦੇ ਅਨੁਸਾਰ, ਇੱਕ ਰਿਸ਼ਤੇਦਾਰ ਨੇ ਕਿਹਾ ਸੀ ਕਿ ਉਸਨੇ ਚੀਕਾਂ ਸੁਣੀਆਂ ਸਨ ਅਤੇ ਤਿੰਨ ਲੋਕਾਂ ਨੂੰ ਮਿੱਲ ਵਿੱਚੋਂ ਬਾਹਰ ਆਉਂਦੇ ਦੇਖਿਆ ਸੀ। ਉਸਨੇ ਤਿੰਨ ਹੋਰ ਲੋਕਾਂ ਨੂੰ ਪਿਛਲੀ ਕੰਧ ਟੱਪਦੇ ਹੋਏ ਵੀ ਦੇਖਿਆ।

ਮੁਜ਼ੱਫ਼ਰਨਗਰ ਮਾਮਲਾ: 2019 ਵਿੱਚ, ਯੂਪੀ ਦੇ ਮੁਜ਼ੱਫ਼ਰਨਗਰ ਜ਼ਿਲ੍ਹੇ ਵਿੱਚ ਇੱਕ ਨਾਬਾਲਗ ਦਲਿਤ ਲੜਕੀ ਨਾਲ ਬਲਾਤਕਾਰ ਅਤੇ ਕਤਲ ਕਰ ਦਿੱਤਾ ਗਿਆ ਸੀ। ਮ੍ਰਿਤਕ ਲੜਕੀ ਇੱਟਾਂ ਦੇ ਭੱਠੇ ’ਤੇ ਕੰਮ ਕਰਦੀ ਸੀ। ਫ਼ਿਰ ਇੱਟਾਂ ਦੇ ਭੱਠੇ ਦੇ ਮਾਲਕ ਅਤੇ ਛੇ ਹੋਰ ਲੋਕਾਂ ਵਿਰੁੱਧ ਮਾਮਲਾ ਦਰਜ ਕੀਤਾ ਗਿਆ। ਇਨ੍ਹਾਂ ਸੱਤ ਲੋਕਾਂ ’ਤੇ ਪਹਿਲਾਂ 14 ਸਾਲ ਦੀ ਲੜਕੀ ਨਾਲ ਬਲਾਤਕਾਰ ਕਰਨ ਅਤੇ ਫ਼ਿਰ ਉਸਨੂੰ ਸਾੜ ਕੇ ਮਾਰਨ ਦਾ ਦੋਸ਼ ਹੈ।

### ਯੂ.ਪੀ. ’ਚ ਔਰਤਾਂ ਨਾਲ ਦਰਿੰਦਗੀ ਸਭ ਤੋਂ ਵਧ

ਔਰਤਾਂ ਵਿਰੁੱਧ ਅਪਰਾਧਾਂ ਵਿੱਚ ਉੱਤਰ ਪ੍ਰਦੇਸ਼ ਸਭ ਤੋਂ ਉੱਪਰ ਹੈ! ਸੂਬੇ ਵਿੱਚ ਦਲਿਤ ਔਰਤਾਂ ਵਿਰੁੱਧ ਬਲਾਤਕਾਰ, ਸਮੂਹਿਕ ਬਲਾਤਕਾਰ ਅਤੇ ਪਰੇਸ਼ਾਨੀ ਦੇ ਕਈ ਮਾਮਲੇ ਸਾਹਮਣੇ ਆਏ ਹਨ। 2023 ਵਿੱਚ ਜਾਰੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਦੇ ਅਨੁਸਾਰ, ਔਰਤਾਂ ਵਿਰੁੱਧ ਅਪਰਾਧਾਂ ਵਿੱਚ ਉੱਤਰ ਪ੍ਰਦੇਸ਼ 28 ਰਾਜਾਂ ਵਿੱਚੋਂ ਪਹਿਲੇ ਨੰਬਰ ’ਤੇ ਸੀ। ਉੱਤਰ ਪ੍ਰਦੇਸ਼ ਵਿੱਚ ਔਰਤਾਂ ਵਿਰੁੱਧ ਅਪਰਾਧ ਦੇ 65,743 ਮਾਮਲੇ ਦਰਜ ਕੀਤੇ ਗਏ ਸਨ।

# ਹਿੰਦੂ ਰਾਸ਼ਟਰਵਾਦ ਦਾ ਭੂਤ ਬ੍ਰਿਟੇਨ ’ਚ ਪੈਦਾ ਹੋਇਆ

## ਲੀਕ ਹੋਈ ਸਰਕਾਰੀ ਰਿਪੋਰਟ ’ਚ ਦਾਅਵਾ, ਇਸ ਨੂੰ ਯੂ.ਕੇ. ਲਈ ਖ਼ਤਰਾ ਦੱਸਿਆ

ਲੰਡਨ/ਏ.ਟੀ.ਨਿਊਜ਼: ਇੱਕ ਲੀਕ ਹੋਈ ਬ੍ਰਿਟਿਸ਼ ਸਰਕਾਰ ਦੀ ਰਿਪੋਰਟ ਵਿੱਚ ਖ਼ਾਲਿਸਤਾਨ ਅੰਦੋਲਨ ਅਤੇ ਹਿੰਦੂ ਰਾਸ਼ਟਰਵਾਦ ਨੂੰ ਕੱਟੜਤਾ ਦੇ ਨਵੇਂ ਰੂਪ ਦੱਸਿਆ ਗਿਆ ਹੈ। ਪਿਛਲੇ ਸਾਲ, ਬ੍ਰਿਟਿਸ਼ ਗ੍ਰਹਿ ਸਕੱਤਰ ਯਵੇਟ ਕੂਪਰ ਨੇ ਕੱਟੜਵਾਦ ’ਤੇ ਸਰਕਾਰੀ ਨੀਤੀ ਦੀ ਸਮੀਖਿਆ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ‘ਰੈਪਿਡ ਐਨਾਲਿਟੀਕਲ ਸਪ੍ਰਿੰਟ’ ਨਾਮਕ ਸਮੀਖਿਆ ਕੱਟੜਪੰਥੀ ਰੁਝਾਨਾਂ ਦੀ ਪੜਚੋਲ ਅਤੇ ਨਿਗਰਾਨੀ ਕਰੇਗੀ ਅਤੇ ਕੱਟੜਪੰਥੀ ਦਾ ਮੁਕਾਬਲਾ ਕਰਨ ਲਈ ਇੱਕ ਨਵੀਂ ਰਣਨੀਤਕ ਪਹੁੰਚ ਦਾ ਪ੍ਰਸਤਾਵ ਦੇਵੇਗੀ।

**ਰਿਪੋਰਟ ਵਿੱਚ ਕਿਹੜੇ ਕੱਟੜਪੰਥੀਆਂ ਦਾ ਜ਼ਿਕਰ ਹੈ ?**

ਥਿੰਕ ਟੈਂਕ ਪਾਲਿਸੀ ਐਕਸਚੇਂਜ ਨੇ ਲੀਕ ਹੋਈ ਰਿਪੋਰਟ ਦੀ ਸਮੀਖਿਆ ਕਰਨ ਤੋਂ ਬਾਅਦ ਦੱਸਿਆ ਕਿ ਯੂ.ਕੇ. ਵਿੱਚ ਨੌਂ ਕਿਸਮਾਂ ਦੇ ਕੱਟੜਵਾਦ ਨੂੰ ਸੂਚੀਬੱਧ ਕੀਤਾ ਗਿਆ ਹੈ। ਇਨ੍ਹਾਂ ਵਿੱਚ ਇਸਲਾਮੀ ਅੱਤਵਾਦ, ਅਤਿ ਸੱਜੇ-ਪੱਖੀ ਕੱਟੜਪੰਥੀ, ਔਰਤਾਂ ਵਿਰੁੱਧ ਹਿੰਸਾ, ਖਾਲਿਸਤਾਨ ਪੱਖੀ ਕੱਟੜਪੰਥੀ, ਹਿੰਦੂ ਰਾਸ਼ਟਰਵਾਦੀ ਕੱਟੜਪੰਥੀ, ਵਾਤਾਵਰਣ



ਕੱਟੜਪੰਥੀ, ਖੱਬੇ-ਪੱਖੀ ਕੱਟੜਪੰਥੀ, ਅਰਾਜਕਤਾਵਾਦੀ ਅਤੇ ਇੱਕ-ਮੁੱਦੇ ਵਾਲਾ ਕੱਟੜਪੰਥੀ, ਹਿੰਸਕ ਪ੍ਰਵਿਰਤੀਆਂ ਪ੍ਰਤੀ ਆਕਰਸ਼ਣ ਸ਼ਾਮਲ ਹਨ। ਖਾਸ ਤੌਰ ’ਤੇ, ਔਰਤਾਂ ਜਾਂ ਔਰਤ ਲਿੰਗ ਵਿਰੁੱਧ ਕੱਟੜਤਾ, ਖ਼ਾਲਿਸਤਾਨ ਲਹਿਰ ਅਤੇ ਹਿੰਦੂ ਰਾਸ਼ਟਰਵਾਦ ਨੂੰ ਨਵੇਂ ਖਤਰਿਆਂ ਵਜੋਂ ਉਜਾਗਰ ਕੀਤਾ ਗਿਆ ਹੈ।

**ਹਿੰਦੂ ਰਾਸ਼ਟਰਵਾਦ ’ਤੇ ਥਿੰਕ ਟੈਂਕ ਨੇ ਕੀ ਕਿਹਾ ?**

ਥਿੰਕ ਟੈਂਕ ਨੇ ਕਿਹਾ ਕਿ ਯੂ.ਕੇ. ਦੇ ਗ੍ਰਹਿ ਦਫ਼ਤਰ ਦੀ ਸਮੀਖਿਆ ਨੇ ਹਿੰਦੂ ਰਾਸ਼ਟਰਵਾਦ ਦੀ ਸਹੀ ਪਛਾਣ ਕੀਤੀ ਹੈ ਪਰ ਥਿੰਕ ਟੈਂਕ ਨੇ ਇਹ ਵੀ ਕਿਹਾ ਕਿ ਸਮੀਖਿਆ ਨੇ ਇਸਲਾਮੀ ਕੱਟੜਪੰਥ ਨੂੰ ਘੱਟ ਸਮਝਿਆ ਹੈ, ਜੋ ਕਿ ਬ੍ਰਿਟੇਨ ਵਿੱਚ ਜ਼ਿਆਦਾਤਰ ਅੱਤਵਾਦੀ ਹਮਲਿਆਂ ਜਾਂ ਹਿੰਸਕ ਘਟਨਾਵਾਂ ਵਿੱਚ ਸ਼ਾਮਲ ਰਿਹਾ ਹੈ।

**ਬ੍ਰਿਟੇਨ ਵਿੱਚ ਹਿੰਦੂ ਰਾਸ਼ਟਰਵਾਦ ਚਰਚਾ ਦਾ ਵਿਸ਼ਾ ਕਿਉਂ ਬਣਿਆ ?**

ਪਾਲਿਸੀ ਐਕਸਚੇਂਜ ਦੇ ਅਨੁਸਾਰ, 2022 ਵਿੱਚ ਇੰਗਲੈਂਡ ਦੇ ਲੈਸਟਰ ਵਿੱਚ ਹਿੰਦੂ ਅਤੇ ਮੁਸਲਿਮ ਭਾਈਚਾਰਿਆਂ ਵਿਚਕਾਰ ਹੋਈ ਫਿਰਕੂ ਹਿੰਸਾ ਗ੍ਰਹਿ ਦਫ਼ਤਰ ਦੀ ਸਮੀਖਿਆ ਵਿੱਚ ਹਿੰਦੂ ਰਾਸ਼ਟਰਵਾਦ ਨੂੰ ਸ਼ਾਮਲ ਕਰਨ ਦਾ ਕਾਰਨ ਹੈ। ਗ੍ਰਹਿ ਦਫ਼ਤਰ ਦੀ ਲੀਕ ਹੋਈ ਸਮੀਖਿਆ ’ਤੇ ਥਿੰਕ ਟੈਂਕ ਦੀ 30 ਪੰਨਿਆਂ ਦੀ ਰਿਪੋਰਟ ਵਿੱਚ ਹਿੰਦੂ ਰਾਸ਼ਟਰਵਾਦ ਨੂੰ ‘ਘੱਟ ਮਹਤਵ ਦਿਤੇ ਜਾਣ ਵਾਲਾ ਵਿਸ਼ਾ’ ਦੱਸਿਆ ਗਿਆ ਹੈ। ਸ਼ਾਇਦ ਪਹਿਲੀ ਵਾਰ ਜਦੋਂ ਗ੍ਰਹਿ ਦਫ਼ਤਰ ਨੇ ਇਸ ’ਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 2023 ਵਿੱਚ ਕੱਟੜਵਾਦ ਨਾਲ ਨਜਿੱਠਣ ਲਈ ਸਰਕਾਰੀ ਪ੍ਰੋਗਰਾਮ ਦੀ ਇੱਕ ਵੱਖਰੀ ਸਮੀਖਿਆ ਵਿੱਚ ਇਸਨੂੰ ਸ਼ਾਮਲ ਨਾ ਕਰਨਾ ਇੱਕ ਗਲਤੀ ਸੀ।

**ਰਿਪੋਰਟ ਵਿੱਚ ਹਿੰਦੂ ਰਾਸ਼ਟਰਵਾਦ ਬਾਰੇ ਕੀ ਕਿਹਾ ਗਿਆ ਹੈ**

ਰਿਪੋਰਟ ਵਿੱਚ ਕਿਹਾ ਗਿਆ ਹੈ, ‘ਸਤੰਬਰ 2022 ਵਿੱਚ ਲੈਸਟਰ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹੋਈ ਹਿੰਸਾ ਨੂੰ ਦੇਖਦੇ ਹੋਏ, ਸਰਕਾਰ ਨੇ ਅਖੌਤੀ ਹਿੰਦੂ ਰਾਸ਼ਟਰਵਾਦੀ ‘ਅੱਤਵਾਦ’ ’ਤੇ ਧਿਆਨ ਕੇਂਦਰਿਤ ਕਰਨਾ ਸਹੀ ਰਿਹਾ ਹੈ - ਖਾਸ ਕਰਕੇ ਇਸਲਈ ਕਿਉਂਕਿ ਲੋਕ ਇਸ ਬਾਰੇ ਘੱਟ ਜਾਣੂ ਹਨ।’ ਸਮੀਖਿਆ ਵਿੱਚ ਲੈਸਟਰ ਹਿੰਸਾ ਵਿੱਚ ਹਿੰਦੂ ਰਾਸ਼ਟਰਵਾਦ ਨੂੰ ਇੱਕ ਕਾਰਕ ਵਜੋਂ ਪਛਾਣਿਆ ਗਿਆ, ਪਰ ਮੁਸਲਿਮ ਕੱਟੜਪੰਥੀ ਦੀ ਭੂਮਿਕਾ ਨੂੰ ਵੀ ਨੋਟ ਕੀਤਾ ਗਿਆ। (ਬਾਕੀ ਸਫ਼ਾ 30 ’ਤੇ)

# ਸੜਕ ਹਾਦਸਿਆਂ ਦੌਰਾਨ ਹਰ ਰੋਜ਼ ਲਗਪਗ 45 ਹਜ਼ਾਰ ਬੱਚਿਆਂ ਦੀਆਂ ਜਾਨਾਂ ਜਾਣ ਦਾ ਦਾਅਵਾ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਵਿੱਚ ਬੱਚਿਆਂ ਤੇ ਨਾਬਾਲਗਾਂ ਦੀ ਸੜਕ ਸੁਰੱਖਿਆ ਲਈ ਯੂਨੀਸੇਫ ਨੇ ਵਿਸ਼ਵ ਸਿਹਤ ਸੰਸਥਾ (ਡਬਲਿਊ.ਐੱਚ.ਓ.) ਦੇ ਕੋਲੈਬੋਰੇਟਿੰਗ ਸੈਂਟਰ ਫਾਰ ਇੰਜਰੀ ਪ੍ਰੀਵੈਂਸ਼ਨ ਐਂਡ ਸੇਫਟੀ ਦੇ ਸਹਿਯੋਗ ਨਾਲ ਨੈਸ਼ਨਲ ਇੰਸਟੀਚਿਊਟ ਆਫ਼ ਮੈਂਟਲ ਹੈਲਥ ਐਂਡ ਨਿਊਰੋਸਾਇੰਸਿਜ਼ (ਨਿਮਹਾਂਸ) ਵਿਖੇ ਖ਼ਾਕਾ ਜਾਰੀ ਕੀਤਾ ਹੈ।

ਅਧਿਕਾਰਿਤ ਬਿਆਨ ਵਿੱਚ ਕਿਹਾ ਗਿਆ ਹੈ, “ਸੜਕ ਹਾਦਸੇ ਅੱਜ ਬੱਚਿਆਂ ਤੇ ਨਾਬਾਲਗਾਂ ਦੀ ਮੌਤ ਦਾ ਮੁੱਖ ਕਾਰਨ ਹਨ, ਜੋ ਦੇਸ਼ ਵਿੱਚ ਸੜਕ ਹਾਦਸਿਆਂ ਦੌਰਾਨ ਹੋਣ ਵਾਲੀਆਂ ਸਾਰੀਆਂ ਮੌਤਾਂ ਦਾ ਦਸ ਫੀਸਦ ਹਨ।”

ਨਿਮਹਾਂਸ ਵਿੱਚ ਡਬਲਿਊ.ਐੱਚ.ਓ. ਦੇ ਕੋਲੈਬੋਰੇਟਿੰਗ ਸੈਂਟਰ ਫਾਰ ਇੰਜਰੀ ਪ੍ਰੀਵੈਂਸ਼ਨ ਐਂਡ ਸੇਫਟੀ ਦੇ ਮੁਖੀ ਪ੍ਰੋਫੈਸਰ ਗੌਤਮ ਮੈਲੂਰ ਨੇ ਕਿਹਾ, “ਭਾਰਤ ਵਿੱਚ ਸੜਕ ਹਾਦਸਿਆਂ ਦੌਰਾਨ ਹਰ ਰੋਜ਼ 18 ਤੱਕ ਸਾਲ ਦੀ ਉਮਰ ਦੇ ਲਗਪਗ 45 ਹਜ਼ਾਰ ਬੱਚਿਆਂ ਦੀਆਂ ਜਾਨਾਂ ਜਾ ਰਹੀਆਂ ਹਨ। ਸਾਲ 2022 ਵਿੱਚ ਇਸ ਉਮਰ ਵਰਗ ਦੀਆਂ 16,443 ਮੌਤਾਂ ਦਰਜ ਕੀਤੀਆਂ ਗਈਆਂ, ਜਿਨ੍ਹਾਂ ਦੀ ਘੱਟ ਰਿਪੋਰਟਿੰਗ ਕਾਰਨ ਅਸਲ ਗਿਣਤੀ 20 ਫੀਸਦ ਵੱਧ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਹਰ ਸਾਲ ਲਗਪਗ 50 ਲੱਖ ਬੱਚੇ ਗ਼ੈਰ-ਘਾਤਕ ਸੱਟਾਂ ਤੋਂ ਪੀੜਤ ਹੁੰਦੇ ਹਨ ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਨ ਦੀ ਲੋੜ ਹੁੰਦੀ ਹੈ।”

ਭਾਰਤ ਵਿੱਚ ਬੱਚਿਆਂ ਲਈ ਸੜਕ ਸੁਰੱਖਿਆ ਮਾਪਦੰਡਾਂ ਦੀ ਸਭ ਤੋਂ ਵੱਧ ਲੋੜ ’ਤੇ ਜ਼ੋਰ ਦਿੰਦਿਆਂ ਯੂਨੀਸੇਫ ਇੰਡੀਆ ਦੇ ਸਿਹਤ ਆਫੀਸਰ ਇੰਚਾਰਜ ਵਿਵੇਕ ਸਿੰਘ ਨੇ ਕਿਹਾ, “ਬੱਚੇ ਆਪਣੀ ਸਰੀਰਕ, ਵਿਕਾਸਸ਼ੀਲ ਤੇ ਸਰੀਰਕ ਵਿਸ਼ੇਸ਼ਤਾਵਾਂ ਕਾਰਨ ਗੰਭੀਰ ਸੱਟਾਂ ਦਾ ਸ਼ਿਕਾਰ ਹੁੰਦੇ ਹਨ। ਲਗਪਗ 50 ਫੀਸਦ ਮੌਤਾਂ ਘਟਨਾ ਸਥਾਨ ’ਤੇ ਹੀ ਹੋ ਜਾਂਦੀਆਂ ਹਨ, ਜਿਨ੍ਹਾਂ ਵਿੱਚ ਸਿਰ ਦੀਆਂ ਸੱਟਾਂ ਸਭ ਤੋਂ ਆਮ ਹਨ। ਉਸ ਮਗਰੋਂ ਸਰੀਰ ਦੇ ਹੇਠਲੇ ਹਿੱਸਿਆਂ ’ਤੇ ਸੱਟਾਂ ਲਗਦੀਆਂ ਹਨ। ਬੱਚਿਆਂ ਦੀਆਂ ਸੜਕ ਹਾਦਸਿਆਂ ਦੌਰਾਨ ਹੋਣ ਵਾਲੀਆਂ ਮੌਤਾਂ ਵਿੱਚ ਤੇਜ਼ੀ ਨਾਲ ਵਾਧੇ ਦੇ ਮੱਦੇਨਜ਼ਰ ਯੂਨੀਸੇਫ ਨੇ ਉਨ੍ਹਾਂ ਲਈ ਸੁਰੱਖਿਅਤ ਗਤੀਸ਼ੀਲਤਾ ਨੂੰ ਯਕੀਨੀ ਬਣਾਉਣ ਲਈ ਇਹ ਕਦਮ ਚੁੱਕਿਆ ਹੈ।”

# ਪੰਜਾਬ ਦੇ ਖੇਤਾਂ ਵਿੱਚ ਹੁਣ ਵਸਣ ਲੱਗੇ 'ਸ਼ਹਿਰ'

## ਪੰਜਾਬ ਵਿੱਚ ਖੇਤੀ ਹੇਠਲਾ ਰਕਬਾ ਘੱਟਿਆ, ਹੋਇਆ ਸ਼ਹਿਰੀਕਰਨ

## 53,611 ਏਕੜ ਰਕਬਾ ਖੇਤਾਂ ਵਿਚੋਂ ਨਿਕਲਣ ਦੇ ਤੱਥ ਸਾਹਮਣੇ ਆਏ



ਪੰਜਾਬ ਦੇ ਖੇਤਾਂ ਵਿੱਚ ਹੁਣ 'ਸ਼ਹਿਰ' ਵਸਣ ਲੱਗੇ ਹਨ। ਖੇਤੀ ਹੇਠਲਾ ਰਕਬਾ ਘੱਟ ਰਿਹਾ ਹੈ ਅਤੇ ਸ਼ਹਿਰੀ ਰਕਬਾ ਵੱਧ ਰਿਹਾ ਹੈ ਜੋ ਪੰਜਾਬ ਲਈ ਅੰਨ ਸੰਕਟ ਦਾ ਕਾਰਣ ਬਣੇਗਾ। ਜਲ ਸਰੋਤ ਵਿਭਾਗ ਵੱਲੋਂ ਜਦੋਂ ਵਿਸ਼ੇਸ਼ ਮੁਹਿੰਮ ਤਹਿਤ ਅਜਿਹੇ ਰਕਬੇ ਦੀ ਸ਼ਨਾਖ਼ਤ ਕੀਤੀ ਗਈ ਤਾਂ ਕਰੀਬ 53,611 ਏਕੜ ਰਕਬਾ ਖੇਤਾਂ ਵਿਚੋਂ ਨਿਕਲਣ ਦੇ ਤੱਥ ਸਾਹਮਣੇ ਆਏ ਹਨ ਅਤੇ ਇਨ੍ਹਾਂ ਖੇਤਾਂ ਦਾ ਰਕਬਾ ਕਲੋਨੀਆਂ ਅਤੇ ਸੜਕਾਂ ਹੇਠ ਆ ਗਿਆ ਹੈ। ਮਤਲਬ ਸ਼ਹਿਰੀਕਰਨ ਨੇ ਖੇਤੀਯੋਗ ਜ਼ਮੀਨ ਨਿਗਲ ਲਈ ਹੈ।


ਨਿਯਮਾਂ ਅਨੁਸਾਰ ਜਦੋਂ ਖੇਤੀ ਹੇਠਲੇ ਰਕਬੇ ਦੀ ਗੈਰ-ਖੇਤੀ ਕੰਮਾਂ ਲਈ ਵਰਤੋਂ ਹੋਣ ਲੱਗਦੀ ਹੈ ਤਾਂ ਜਲ ਸਰੋਤ ਵਿਭਾਗ ਵੱਲੋਂ ਇਸ ਗੈਰ-ਖੇਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਕੱਟ ਦਿੱਤਾ ਜਾਂਦਾ ਹੈ ਅਤੇ ਕਟੌਤੀ ਵਾਲੇ ਰਕਬੇ ਦਾ ਨਹਿਰੀ ਪਾਣੀ ਦੂਜੇ ਕਿਸਾਨਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਕਈ ਦਹਾਕਿਆਂ ਤੋਂ ਖੇਤੀ ਵਾਲੀ ਜ਼ਮੀਨ ਗੈਰ-ਖੇਤੀ ਕੰਮਾਂ ਹੇਠ ਆ ਰਹੀ ਹੈ ਪਰ ਉਸ ਦੇ ਹਿੱਸੇ ਵਾਲੇ ਨਹਿਰੀ ਪਾਣੀ ਵਿੱਚ ਕਟੌਤੀ ਨਹੀਂ ਕੀਤੀ ਜਾਂਦੀ ਸੀ।

ਪੰਜਾਬ ਸਰਕਾਰ ਨੇ ਹੁਣ ਇੱਕ ਸਾਲ ਦੌਰਾਨ ਅਜਿਹੇ ਰਕਬੇ ਦੀ ਸ਼ਨਾਖ਼ਤ ਕੀਤੀ ਹੈ ਜਿਸ ਅਨੁਸਾਰ ਹੁਣ 53,611 ਏਕੜ ਰਕਬੇ ਨੂੰ ਗ਼ੈਰ-ਖੇਤੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਕਰੀਬ 1,707 ਏਕੜ ਅਜਿਹੇ ਰਕਬੇ ਬਾਰੇ ਫ਼ੈਸਲਾ ਹਾਲੇ ਵਿਚਾਰ ਅਧੀਨ ਹੈ। ਇਸ ਤੋਂ ਪਹਿਲਾਂ ਅਜਿਹੇ ਤੱਥ ਕਦੇ ਸਾਹਮਣੇ ਨਹੀਂ ਆਏ ਸਨ ਕਿ ਕਿੰਨਾ ਰਕਬਾ ਖੇਤੀ ਹੇਠੋਂ ਹਰ ਸਾਲ ਨਿਕਲ ਰਿਹਾ ਹੈ। ਪੰਜਾਬ ਵਿੱਚ ਸਭ ਤੋਂ ਵੱਧ ਗੁਰਦਾਸਪੁਰ ਡਿਵੀਜ਼ਨ ਵਿੱਚ 14,770 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁਕਾ ਹੈ। ਦੂਜੇ ਨੰਬਰ 'ਤੇ ਜਲੰਧਰ ਡਿਵੀਜ਼ਨ ਵਿਚੋਂ 13,773 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁਕਾ ਹੈ। ਇਸੇ ਤਰ੍ਹਾਂ ਸੰਗਰੂਰ ਡਿਵੀਜ਼ਨ ਵਿਚੋਂ 1,130 ਏਕੜ ਰਕਬਾ, ਦੇਵੀਗੜ੍ਹ ਡਿਵੀਜ਼ਨ ਵਿਚੋਂ 6,614 ਏਕੜ, ਬਠਿੰਡਾ ਕੈਨਾਲ ਡਿਵੀਜ਼ਨ ਵਿਚੋਂ 2,389 ਏਕੜ, ਰੋਪੜ ਕੈਨਾਲ ਡਿਵੀਜ਼ਨ 'ਚੋਂ 1,564 ਏਕੜ, ਮਜੀਠਾ ਡਿਵੀਜ਼ਨ ਵਿਚੋਂ 704 ਏਕੜ ਅਤੇ ਬਰਨਾਲਾ ਡਿਵੀਜ਼ਨ 'ਚੋਂ 987 ਏਕੜ ਰਕਬਾ ਖੇਤੀ ਹੇਠੋਂ ਨਿਕਲ ਚੁੱਕਾ ਹੈ। ਪੰਜਾਬ ਵਿਚ ਨਵੇਂ ਕੌਮੀ ਹਾਈਵੇਅ ਵੀ ਬਣ ਰਹੇ ਹਨ ਜਿਨ੍ਹਾਂ ਵਾਸਤੇ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ। ਇੱਕ ਸਟੱਡੀ ਅਨੁਸਾਰ ਸਾਲ 1991 ਤੋਂ 2011 ਤੱਕ ਕਰੀਬ ਦੋ ਲੱਖ ਛੋਟੇ ਕਿਸਾਨ ਵੀ ਖੇਤੀ 'ਚੋਂ ਬਾਹਰ ਹੋਏ ਹਨ ਜਿਨ੍ਹਾਂ ਦੀ ਗਿਣਤੀ ਪੰਜ ਲੱਖ ਤੋਂ ਘੱਟ ਕੇ 3 ਲੱਖ ਰਹਿ ਗਈ ਹੈ। ਪੰਜਾਬ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦਾ ਕਹਿਣਾ ਸੀ ਕਿ ਸ਼ਹਿਰੀਕਰਨ ਕਰਕੇ ਅਜਿਹਾ ਹੋ ਰਿਹਾ ਹੈ ਅਤੇ ਵਿਕਾਸ ਪ੍ਰੋਜੈਕਟਾਂ ਤੋਂ ਇਲਾਵਾ ਕਾਲੋਨੀਆਂ ਦੇ ਪਸਾਰ ਕਾਰਨ ਖੇਤੀ ਹੇਠਲਾ ਰਕਬਾ ਸ਼ਹਿਰਾਂ ਹੇਠ ਆ ਰਿਹਾ ਹੈ। ਸੂਤਰ ਆਖਦੇ ਹਨ ਕਿ ਖੇਤੀ ਹੇਠੋਂ ਨਿਕਲੇ ਰਕਬੇ ਦਾ ਪਿਛਲੇ 20 ਸਾਲਾਂ ਵਿੱਚ ਨਹਿਰੀ ਪਾਣੀ 1.78 ਐੱਮ.ਏ.ਐੱਫ. ਕਿਸ ਨੇ ਵਰਤਿਆ, ਇਸ ਦਾ ਕੋਈ ਥਹੁ ਪਤਾ ਨਹੀਂ ਹੈ। ਹੁਣ ਇਹ ਪਾਣੀ ਬਾਕੀ ਕਿਸਾਨਾਂ ਵਿੱਚ ਵੰਡਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ।

(ਬਾਕੀ ਸਫ਼ਾ 30 'ਤੇ)

# ਚੰਗੇ ਖਾਣੇ, ਮਹਿੰਗੀਆਂ ਕਾਰਾਂ ਅਤੇ ਮੋਬਾਈਲਾਂ ਦੇ ਸ਼ੌਕੀਨ ਹਨ ਪੰਜਾਬੀ

## * ਪੰਜਾਬ ਦੇ ਸ਼ਹਿਰੀ ਲੋਕ ਕਰਦੇ ਹਨ ਸ਼ਾਹੀ ਖ਼ਰਚੇ * ਇੱਕ ਸਰਕਾਰੀ ਸਰਵੇਖਣ ਵਿੱਚ ਕੀਤਾ ਗਿਆ ਦਾਅਵਾ



ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ, ਜੋ ਕਦੇ ਪ੍ਰਤੀ ਵਿਅਕਤੀ ਆਮਦਨ ਵਿੱਚ ਦੇਸ਼ ਵਿੱਚ ਪਹਿਲੇ ਸਥਾਨ 'ਤੇ ਸੀ, ਅੱਜ ਭਾਵੇਂ ਬਹੁਤ ਹੇਠਲੇ ਸਥਾਨ 'ਤੇ ਖਿਸਕ ਗਿਆ ਹੈ ਪਰ ਸੂਬੇ ਦੇ ਲੋਕਾਂ ਦਾ ਖਰਚ ਕਰਨ ਦਾ ਰੁਝਾਨ ਅਜੇ ਵੀ ਉਹੀ ਹੈ। ਇੱਕ ਸਰਕਾਰੀ ਸਰਵੇਖਣ ਦੇ ਅਨੁਸਾਰ, ਅਗਸਤ, 2023 ਤੋਂ ਜੁਲਾਈ, 2024 ਦੌਰਾਨ ਸ਼ਹਿਰੀ ਖੇਤਰਾਂ ਵਿੱਚ ਪੰਜਾਬ ਦੇ ਸ਼ਹਿਰੀ ਵਸਨੀਕਾਂ ਨੇ ਮਾਸਿਕ ਪ੍ਰਤੀ ਵਿਅਕਤੀ ਖਰਚ (ਐੱਮ.ਪੀ.ਸੀ.ਈ.) ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ। ਜਦੋਂ ਕਿ ਪੇਂਡੂ ਖੇਤਰਾਂ ਵਿੱਚ ਓਡੀਸ਼ਾ ਸਭ ਤੋਂ ਉੱਪਰ ਹੈ। ਖਾਸ ਗੱਲ ਇਹ ਹੈ ਕਿ 2023-24 ਵਿੱਚ ਸਾਰੇ 18 ਪ੍ਰਮੁੱਖ ਰਾਜਾਂ ਦੇ ਔਸਤ (ਐੱਮ.ਪੀ.ਸੀ.ਈ.) ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਵਧੇ ਹਨ। ਅੰਕੜਾ ਮੰਤਰਾਲੇ ਨੇ ਕਿਹਾ ਕਿ ਸ਼ਹਿਰੀ ਖੇਤਰਾਂ ਵਿੱਚ ਔਸਤ (ਐੱਮ.ਪੀ.ਸੀ.ਈ.) ਵਿੱਚ ਸਭ ਤੋਂ ਵੱਧ ਵਾਧਾ ਪੰਜਾਬ ਵਿੱਚ ਦੇਖਿਆ ਗਿਆ ਹੈ (2022-23 ਦੇ ਪੱਧਰਾਂ ਨਾਲੋਂ ਲਗਭਗ 13 ਪ੍ਰਤੀਸ਼ਤ), ਜਦੋਂ ਕਿ ਪੇਂਡੂ ਖੇਤਰਾਂ ਵਿੱਚ, ਓਡੀਸ਼ਾ ਵਿੱਚ 2022-23 ਦੇ ਪੱਧਰਾਂ ਨਾਲੋਂ ਲਗਭਗ 14 ਪ੍ਰਤੀਸ਼ਤ ਵਾਧਾ ਹੋਣ ਦੀ ਉਮੀਦ ਹੈ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਔਸਤ (ਐੱਮ.ਪੀ.ਸੀ.ਈ.) ਵਿੱਚ ਸਭ ਤੋਂ ਘੱਟ ਵਾਧਾ ਕ੍ਰਮਵਾਰ ਮਹਾਰਾਸ਼ਟਰ (ਲਗਭਗ ਤਿੰਨ ਪ੍ਰਤੀਸ਼ਤ) ਅਤੇ ਕਰਨਾਟਕ (ਲਗਭਗ ਪੰਜ ਪ੍ਰਤੀਸ਼ਤ) ਵਿੱਚ ਹੋਇਆ ਹੈ।

ਖਰਚ ਦੇ ਮਾਮਲੇ ਵਿੱਚ ਪੰਜਾਬ ਦੇ ਅੱਗੇ ਹੋਣ ਦਾ ਇੱਕ ਕਾਰਨ ਇਹ ਹੈ ਕਿ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਸਭ ਤੋਂ ਵੱਧ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਪੰਜਾਬ ਦੇ ਗੁਆਂਢੀ ਰਾਜਾਂ ਦੇ ਕਰਮਚਾਰੀ ਆਪਣੀਆਂ ਸਬੰਧਤ ਰਾਜ ਸਰਕਾਰਾਂ ਤੋਂ ਮੰਗ ਕਰਦੇ ਹਨ ਕਿ ਉਨ੍ਹਾਂ ਦੀ ਤਨਖਾਹ ਪੰਜਾਬ ਨਾਲੋਂ ਘੱਟ ਹੋਵੇ। ਹਾਲ ਹੀ ਵਿੱਚ ਵਿੱਤ ਵਿਭਾਗ ਨੇ ਇੱਕ ਸਰਵੇਖਣ ਰਿਪੋਰਟ ਵੀ ਦਿੱਤੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਵਿੱਚ ਅਧਿਆਪਕਾਂ, ਪੁਲਿਸ ਕਰਮਚਾਰੀਆਂ ਅਤੇ ਹੋਰ ਸਰਕਾਰੀ ਕਰਮਚਾਰੀਆਂ ਦੀ ਤਨਖਾਹ ਹਰਿਆਣਾ, ਗੁਜਰਾਤ ਅਤੇ ਰਾਜਸਥਾਨ ਦੇ ਮੁਕਾਬਲੇ ਸਭ ਤੋਂ ਵੱਧ ਹੈ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਕੀ ਬਾਦਲ ਧੜਾ ਸੱਤ ਮੈਂਬਰੀ ਕਮੇਟੀ ਨੂੰ ਦੇਵੇਗਾ ਪ੍ਰਵਾਨਗੀ ?

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਸੱਤ ਮੈਂਬਰੀ ਕਮੇਟੀ ਦੀ ਹੋਈ ਮੀਟਿੰਗ ਬਾਅਦ ਪੰਥਕ ਹਲਚਲ ਸ਼ੁਰੂ

## ਅਕਾਲੀ ਦਲ ਨੇ 15 ਮੈਂਬਰੀ ਕਮੇਟੀ ਦੀ ਘੜੀ ਸੀ ਨੀਤੀ, ਜਥੇਦਾਰ ਨੇ ਨਹੀਂ ਦਿੱਤੀ ਸੀ ਪ੍ਰਵਾਨਗੀ

### ਨਵੀਂ ਭਰਤੀ ਸਬੰਧੀ ਰਾਇ ਲਈ ਭੂੰਦੜ ਨੂੰ ਦਿੱਤਾ ਗਿਆ ਸੱਦਾ



ਸ਼੍ਰੋਮਣੀ ਅਕਾਲੀ ਦਲ ਨੂੰ ਦਰਪੇਸ਼ ਸੰਕਟ ਸੁਲਝਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੋਏ ਦੋ ਦਸੰਬਰ ਦੇ ਇਤਿਹਾਸਕ ਹੁਕਮਨਾਮੇ ਤੋਂ ਕਰੀਬ ਦੋ ਮਹੀਨਿਆਂ ਬਾਅਦ ਪਾਰਟੀ ਦੇ ਨਵੇਂ ਢਾਂਚੇ ਦੀ ਉਸਾਰੀ ਦੀ ਪ੍ਰਕਿਰਿਆ 'ਤੇ ਨਿਗਰਾਨੀ ਲਈ ਕਾਇਮ ਕੀਤੀ ਸੱਤ ਮੈਂਬਰੀ ਕਮੇਟੀ ਦੀ ਬੀਤੇ ਮੰਗਲਵਾਰ ਨੂੰ ਪਟਿਆਲਾ ਵਿੱਚ ਹੋਈ ਪਲੇਠੀ ਮੀਟਿੰਗ ਅਹਿਮ ਪਹਿਲਕਦਮੀ ਕਰਨ ਵਿੱਚ ਸਫਲ ਰਹੀ ਹੈ। ਇਸ ਉਪਰੰਤ ਮੁੜ ਸਿੱਖ ਸਿਆਸਤ ਵਿੱਚ ਹਲਚਲ ਸ਼ੁਰੂ ਹੋ ਗਈ ਹੈ। ਇਸ ਮੀਟਿੰਗ ਨੂੰ ਲੈ ਕੇ ਜਿੱਥੇ ਕਈ ਆਗੂ ਇਸ ਨੂੰ ਮੁੜ ਅਕਾਲੀ ਦਲ (ਬ) ਪਾਰਟੀ ਨੂੰ ਲੀਹ 'ਤੇ ਲਿਆਉਣ ਲਈ ਆਸਵੰਦ ਕਦਮ ਦੱਸ ਰਹੇ ਹਨ ਉੱਥੇ ਇਸ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਧੜਾ ਕੀ ਅਹਿਮੀਅਤ ਦਿੰਦਾ ਹੈ ਇਸ 'ਤੇ ਵੀ ਸਭ ਦੀ ਨਜ਼ਰ ਟਿਕ ਗਈ ਹੈ।

ਯਾਦ ਰਹੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਕਾਇਮ ਕੀਤੀ ਗਈ ਇਸ ਕਮੇਟੀ ਦੇ ਕਾਰਗਰ ਹੋਣ ਬਾਰੇ ਉਦੋਂ ਸ਼ੰਕੇ ਉੱਭਰਨੇ ਸ਼ੁਰੂ ਹੋ ਗਏ ਸਨ ਜਦੋਂ ਸ਼੍ਰੋਮਣੀ ਅਕਾਲੀ ਦਲ 'ਤੇ ਭਾਰੂ ਲੀਡਰਸ਼ਿਪ ਨੇ ਇਹ ਕਹਿੰਦਿਆਂ ਨਾਂਹ ਨੁੱਕਰ ਕੀਤੀ ਸੀ ਕਿ ਜੇ ਪਾਰਟੀ ਦੀ ਨਵੀਂ ਮੈਂਬਰਸ਼ਿਪ ਮੁਹਿੰਮ ਅਕਾਲ ਤਖ਼ਤ ਸਾਹਿਬ ਦੀ ਥਾਪੀ ਕਮੇਟੀ ਦੀ ਨਿਰਦੇਸ਼ਨਾ ਹੇਠ ਚਲਾਈ ਜਾਂਦੀ ਹੈ ਤਾਂ ਇਸ ਨਾਲ ਪਾਰਟੀ ਦੀ ਚੁਣਾਵੀ ਮਾਨਤਾ ਲਈ ਖ਼ਤਰਾ ਪੈਦਾ ਹੋ ਸਕਦਾ ਹੈ। ਚੋਣ ਕਮਿਸ਼ਨ ਅਕਾਲੀ ਦਲ ਉੱਪਰ ਪਾਬੰਦੀ ਲਗਾ ਸਕਦਾ ਹੈ।

**ਬਾਦਲ ਦਲ ਦੀ ਤਜਵੀਜ਼ ਨੂੰ ਜਥੇਦਾਰ ਨੇ ਪ੍ਰਵਾਨਗੀ ਨਾ ਦਿੱਤੀ**

ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਭਰਤੀ ਲਈ ਨਵੀਂ ਮੈਂਬਰਸ਼ਿਪ ਮੁਹਿੰਮ ਦੀ ਨਿਗਰਾਨੀ ਲਈ ਪੰਜ ਸਿੰਘ ਸਾਹਿਬਾਨ ਵੱਲੋਂ ਬੀਤੀ 2 ਦਸੰਬਰ ਨੂੰ ਗਠਿਤ ਕੀਤੀ ਗਈ 7 ਮੈਂਬਰੀ ਅਧਿਕਾਰਤ ਕਮੇਟੀ ਦਾ ਅਕਾਲੀ ਦਲ (ਬ) ਦੀ ਵਰਕਿੰਗ ਕਮੇਟੀ ਵੱਲੋਂ ਵਿਸਥਾਰ ਕਰ ਕੇ ਇਸ ਨੂੰ 7 ਤੋਂ 15 ਮੈਂਬਰੀ ਕਮੇਟੀ ਬਣਾਉਣ ਦੀ ਕੋਸ਼ਿਸ਼ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪ੍ਰਵਾਨਗੀ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਸੀ। ਭਰੋਸੇਯੋਗ ਸੂਤਰਾਂ ਅਨੁਸਾਰ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਦੀ ਚੰਡੀਗੜ੍ਹ ਵਿਖੇ ਹੋਈ ਵਿਸ਼ੇਸ਼ ਮੀਟਿੰਗ ਵਿੱਚ ਪੰਜ ਸਿੰਘ ਸਾਹਿਬਾਨ ਵੱਲੋਂ ਭਰਤੀ ਮੁਹਿੰਮ ਦੀ ਨਿਗਰਾਨੀ ਲਈ ਗਠਿਤ ਕੀਤੀ ਸੱਤ ਮੈਂਬਰੀ ਨਿਗਰਾਨ ਕਮੇਟੀ ਦੇ ਮੁਖੀ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੀ ਸ਼ਾਮਿਲ ਹੋਏ ਸਨ।

ਇਸ ਮੌਕੇ ਪਿਛਲੇ ਦਿਨੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਅਕਾਲੀ ਦਲ ਦੀ ਮੈਂਬਰਸ਼ਿਪ ਮੁਹਿੰਮ ਸੱਤ ਮੈਂਬਰੀ ਕਮੇਟੀ ਦੀ ਨਿਗਰਾਨੀ ਹੇਠ ਹੀ ਕਰਵਾਏ ਜਾਣ ਦੇ ਮੁੜ ਜਾਰੀ ਕੀਤੇ ਆਦੇਸ਼ ਨੂੰ ਮੁੱਖ ਰੱਖਦਿਆਂ ਦਲ ਦੀ ਵਰਕਿੰਗ ਕਮੇਟੀ ਵੱਲੋਂ ਇਸ ਸੱਤ ਮੈਂਬਰੀ ਕਮੇਟੀ ਵਿੱਚ ਵਾਧਾ ਕਰਦਿਆਂ ਇਸ ਨੂੰ 15 ਮੈਂਬਰੀ ਕਮੇਟੀ ਬਣਾਉਣ ਲਈ 8 ਹੋਰ ਅਕਾਲੀ ਆਗੂਆਂ ਦੇ ਨਾਂਅ ਸ਼ਾਮਿਲ ਕਰ ਕੇ ਤਜਵੀਜ਼ ਜਥੇਦਾਰ ਸਾਹਿਬ ਨੂੰ ਭੇਜੀ ਗਈ ਸੀ। ਜਾਣਕਾਰੀ ਅਨੁਸਾਰ ਜਦੋਂ ਇਸ ਸੰਬੰਧੀ ਜਥੇਦਾਰ ਗਿਆਨੀ ਰਘਬੀਰ ਸਿੰਘ, ਜੋ ਕਿ ਇੰਨ੍ਹੀਂ ਦਿਨੀਂ ਇੰਗਲੈਂਡ ਦੌਰੇ 'ਤੇ ਹਨ, ਨੂੰ ਕਮੇਟੀ ਮੁਖੀ ਵੱਲੋਂ ਵਿਸਥਾਰ ਸੰਬੰਧੀ ਜਾਣੂ ਕਰਵਾਇਆ ਗਿਆ ਤਾਂ ਉਨ੍ਹਾਂ ਨੇ ਸਖ਼ਤੀ ਨਾਲ ਇਸ ਕਮੇਟੀ ਦਾ ਵਿਸਥਾਰ ਕਰਨ ਤੋਂ ਮਨ੍ਹਾਂ ਕਰ ਦਿੱਤਾ।

ਸੂਤਰਾਂ ਅਨੁਸਾਰ ਇਸ ਮੌਕੇ ਵਰਕਿੰਗ ਕਮੇਟੀ ਮੈਂਬਰਾਂ ਨਾਲ ਜਥੇਦਾਰ ਸਾਹਿਬ ਦੀ ਕਾਨਫ਼ਰੰਸ ਕਾਲ ਵੀ ਹੋਈ, ਜਿਸ ਦੌਰਾਨ ਉਨ੍ਹਾਂ ਨੇ ਕਮੇਟੀ ਦੇ ਵਿਸਥਾਰ ਵਿੱਚ ਸ਼ਾਮਿਲ ਕੀਤੇ ਗਏ ਕੁਝ ਦਾਗ਼ੀ ਤੇ ਹਾਲ ਹੀ ਵਿੱਚ ਤਨਖ਼ਾਹ ਭੁਗਤ ਚੁੱਕੇ ਮੈਂਬਰਾਂ ਦੇ ਨਾਵਾਂ 'ਤੇ ਵੀ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਵਾਧੇ ਦੀ ਤਜਵੀਜ਼ ਰੱਦ ਕਰ ਦਿੱਤੀ। ਇਸ ਦੌਰਾਨ ਪੰਥਕ ਹਲਕਿਆਂ ਵਿੱਚ ਚਰਚਾ ਹੈ ਕਿ ਜੇਕਰ ਸਿੰਘ ਸਾਹਿਬਾਨ ਵੱਲੋਂ ਬਣਾਈ ਸੱਤ ਮੈਂਬਰੀ ਨਿਗਰਾਨ ਕਮੇਟੀ ਵਿੱਚ ਵਾਧਾ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਇਹ ਵਾਧਾ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੀ ਕੀਤਾ ਜਾ ਸਕਦਾ ਹੈ ਤੇ ਅਕਾਲੀ ਦਲ (ਬ) ਦੀ ਵਰਕਿੰਗ ਕਮੇਟੀ ਵੱਲੋਂ ਨਹੀਂ। ਦੱਸਿਆ ਜਾਂਦਾ ਹੈ ਕਿ ਜਥੇਦਾਰ ਸਾਹਿਬ ਵੱਲੋਂ ਅਕਾਲੀ ਦਲ ਲੀਡਰਸ਼ਿਪ ਦੁਆਰਾ ਕਮੇਟੀ ਦੇ ਵਿਸਥਾਰ ਦੀ ਘੜੀ ਤਜਵੀਜ਼ ਦਾ ਵਿਰੋਧ ਕੀਤੇ ਜਾਣ ਬਾਅਦ ਫਿਲਹਾਲ ਕਮੇਟੀ ਦਾ ਵਿਸਥਾਰ ਨਹੀਂ ਕੀਤਾ ਜਾ ਸਕਿਆ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸੱਤ ਮੈਂਬਰੀ ਕਮੇਟੀ ਦੇ ਵਿਸਥਾਰ ਲਈ ਸ਼ਾਮਿਲ ਕੀਤੇ ਜਾ ਰਹੇ ਕਈ ਉਹ ਨਾਂਅ ਵੀ ਸ਼ਾਮਿਲ ਸਨ, ਜੋ ਸਿਧਾਂਤਕ ਤੌਰ 'ਤੇ ਜਾਂ ਤਾਂ ਦਾਗ਼ੀ ਹਨ ਤੇ ਜਾਂ ਉਹ ਅਕਾਲ ਤਖ਼ਤ ਸਾਹਿਬ ਤੋਂ ਹਾਲ ਹੀ 'ਚ ਆਪਣੀਆਂ ਭੁੱਲਾਂ ਗਲਤੀਆਂ ਲਈ ਧਾਰਮਿਕ ਤਨਖ਼ਾਹ ਭੁਗਤ ਚੁੱਕੇ ਹਨ।

ਦੂਜੇ ਪਾਸੇ ਇਹ ਵੀ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਪਿਛਲੇ ਦਿਨੀਂ ਅਕਾਲੀ ਦਲ ਨੇ ਵੱਡੇ ਪੱਧਰ 'ਤੇ ਭਰਤੀ ਮੁਹਿੰਮ ਚਲਾ ਕੇ ਲਗਭਗ ਭਰਤੀ ਪ੍ਰਕਿਰਿਆ ਆਪਣੇ ਪੱਧਰ 'ਤੇ ਹੀ ਮੁਕੰਮਲ ਕਰ ਲਈ ਹੈ ਅਤੇ ਹੁਣ ਇਸ ਸੱਤ ਮੈਂਬਰੀ ਕਮੇਟੀ ਵਿੱਚ ਹੋਰ ਆਪਣੀ ਮਰਜ਼ੀ ਦੇ ਮੈਂਬਰ ਸ਼ਾਮਿਲ ਕਰਕੇ ਕੇਵਲ ਪਹਿਲਾਂ ਤੋਂ ਹੀ ਜਾਰੀ ਭਰਤੀ ਪ੍ਰਕਿਰਿਆ ਨੂੰ ਸਹੀ ਠਹਿਰਾਉਣ ਦਾ ਯਤਨ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਨੂੰ ਜਥੇਦਾਰ ਸਾਹਿਬ ਵੱਲੋਂ ਸਖ਼ਤੀ ਨਾਲ ਰੱਦ ਕਰ ਦਿੱਤਾ ਗਿਆ ਹੈ। ਜਾਣਕਾਰ ਸੂਤਰਾਂ ਅਨੁਸਾਰ ਵਰਕਿੰਗ ਕਮੇਟੀ ਦੀ ਮੀਟਿੰਗ ਦੌਰਾਨ ਸੱਤ ਮੈਂਬਰੀ ਕਮੇਟੀ ਦਾ ਵਿਸਥਾਰ ਕਰਦਿਆਂ ਇਸ ਨੂੰ 15 ਮੈਂਬਰੀ ਕਮੇਟੀ ਬਣਾਉਣ ਲਈ ਜਿਹੜੇ ਹੋਰ ਅਕਾਲੀ ਆਗੂਆਂ ਦੇ ਨਾਂਅ ਸ਼ਾਮਿਲ ਕਰਨ ਲਈ ਜੋ ਸੂਚੀ ਤਿਆਰ ਕਰ ਕੇ ਜਥੇਦਾਰ ਸਾਹਿਬ ਨੂੰ ਪ੍ਰਵਾਨਗੀ ਲਈ ਆਨਲਾਈਨ ਭੇਜੀ ਗਈ ਸੀ, ਉਸ ਵਿੱਚ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ, ਜਥੇਦਾਰ ਸੁੱਚਾ ਸਿੰਘ ਲੰਗਾਹ, ਪਰਮਜੀਤ ਸਿੰਘ ਸਰਨਾ, ਜੋਗਿੰਦਰ ਸਿੰਘ ਜਿੰਦੂ, ਤੀਰਥ ਸਿੰਘ ਮਾਹਲਾ, ਪਰਮਬੰਸ ਸਿੰਘ ਬੰਟੀ ਰੁਮਾਣਾ, ਸਰਬਜੀਤ ਸਿੰਘ ਝਿੰਜਰ ਅਤੇ ਤੇਜਿੰਦਰ ਸਿੰਘ ਮਿੱਡੂ ਖੇੜਾ ਦੇ ਨਾਂਅ ਸ਼ਾਮਿਲ ਦੱਸੇ ਜਾਂਦੇ ਹਨ। ਜਦੋਂ ਕਿ ਇਸ ਤੋਂ ਪਹਿਲਾਂ 2 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਦਲ ਦੀ ਭਰਤੀ ਦੀ ਨਿਗਰਾਨੀ ਲਈ ਗਠਿਤ ਕੀਤੀ ਗਈ ਸੱਤ ਮੈਂਬਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਪ੍ਰੋ.ਫ਼ੈਸਰ ਕਿਰਪਾਲ ਸਿੰਘ ਬਡੂੰਗਰ, ਇਕਬਾਲ ਸਿੰਘ ਝੂੰਦਾ, ਮਨਪ੍ਰੀਤ ਸਿੰਘ ਇਆਲੀ ਅਤੇ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ) ਦੇ ਨਾਂਅ ਸ਼ਾਮਿਲ ਹਨ। ਸਿੰਘ ਸਾਹਿਬਾਨ ਵੱਲੋਂ ਇਸ 7 ਮੈਂਬਰੀ ਕਮੇਟੀ ਦੇ ਗਠਨ ਮੌਕੇ ਇਹ ਵੀ ਕਿਹਾ ਗਿਆ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਇਨ੍ਹਾਂ ਗੁਨਾਹਾਂ ਕਾਰਨ ਸਿੱਖ ਪੰਥ ਦੀ ਰਾਜਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ, ਇਸ ਲਈ ਪੰਜ ਸਿੰਘ ਸਾਹਿਬਾਨ ਵੱਲੋਂ ਇਨ੍ਹਾਂ ਆਗੂਆਂ ਦੀ ਡਿਊਟੀ ਲਗਾਈ ਜਾਂਦੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਆਰੰਭ ਕਰਨ, ਭਰਤੀ ਬੋਗਸ ਨਾ ਹੋਵੇ, ਆਧਾਰ ਕਾਰਡ ਦੀ ਕਾਪੀ ਸਹਿਤ ਮੈਂਬਰ ਬਣਾਇਆ ਜਾਵੇ, ਪੁਰਾਣੇ ਡੈਲੀਗੇਟ ਦੇ ਨਾਲ-ਨਾਲ ਨਵੇਂ ਡੈਲੀਗੇਟ ਬਣਾ ਕੇ ਛੇ ਮਹੀਨੇ ਦੇ ਅੰਦਰ-ਅੰਦਰ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਿਧਾਨ ਮੁਤਾਬਿਕ ਕਰਨ।'

ਇਥੇ ਇਹ ਵੀ ਦੱਸਣਯੋਗ ਹੈ ਕਿ ਦੋ ਮਹੀਨੇ ਪਹਿਲਾਂ ਗਠਿਤ ਇਸ ਸੱਤ ਮੈਂਬਰੀ ਕਮੇਟੀ ਦੀ ਕੋਈ ਮੀਟਿੰਗ ਨਹੀਂ ਹੋ ਸਕੀ ਸੀ, ਜਦੋਂਕਿ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਵੱਲੋਂ ਆਪਣੇ ਪੱਧਰ 'ਤੇ ਨਿਗਰਾਨ ਤੇ ਇੰਚਾਰਜ਼ ਨਿਯੁਕਤ ਕਰ ਕੇ 20 ਜਨਵਰੀ ਤੋਂ ਦਲ ਦੀ ਮੈਂਬਰਸ਼ਿਪ ਭਰਤੀ ਪ੍ਰਕਿਰਿਆ ਜ਼ੋਰ-ਸ਼ੋਰ ਨਾਲ ਜਾਰੀ ਹੈ, ਜਿਸ ਪ੍ਰਤੀ ਜਥੇਦਾਰ ਵੱਲੋਂ ਕਈ ਵਾਰ ਨਾਖੁਸ਼ੀ ਦਾ ਇਜ਼ਹਾਰ ਕੀਤਾ ਗਿਆ ਸੀ। ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਕਨੂੰਨੀ ਮਾਹਿਰਾਂ ਤੋਂ ਸਲਾਹ ਲੈਣ ਬਾਅਦ ਕਿਹਾ ਸੀ ਕਿ ਸੱਤ ਮੈਂਬਰੀ ਕਮੇਟੀ ਹੀ ਅਕਾਲੀ ਦਲ ਦੀ ਭਰਤੀ ਤੇ ਨਿਗਰਾਨੀ ਕਰੇਗੀ।

### ਅਕਾਲੀ ਦਲ ਕੋਲ ਕੀ ਹੈ ਰਾਹ ?

ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਕਾਬਜ਼ ਧੜਾ ਇਸ ਦਲੀਲ ਦਾ ਕਾਇਲ ਰਿਹਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ ਪੰਥ ਦੇ ਮੁੱਦਿਆਂ ਮੁਤੱਲਕ ਸਿੰਘ ਸਾਹਿਬਾਨ ਨੂੰ ਕਿਸੇ ਕਿਸਮ ਦੀਆਂ ਸਿਆਸੀ ਸੇਧਾਂ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਰ ਪਾਰਟੀ ਇਸ ਮਾਮਲੇ 'ਤੇ ਸਪਸ਼ਟ ਸਟੈਂਡ ਲੈਣ ਵਿੱਚ ਨਾਕਾਮ ਰਹੀ ਅਤੇ ਇਸ ਨੇ ਇੱਕ ਪਾਸੇ ਜਿੱਥੇ ਆਪਣੇ ਢੰਗ ਨਾਲ ਮੈਂਬਰਸ਼ਿਪ ਮੁਹਿੰਮ ਵਿੱਢਣ ਦਾ ਐਲਾਨ ਕਰ ਦਿੱਤਾ, ਦੂਜੇ ਪਾਸੇ ਇਹ ਪ੍ਰਭਾਵ ਦੇਣ ਤੋਂ ਵੀ ਗੁਰੇਜ਼ ਕੀਤਾ ਕਿ ਇਹ ਧੜਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਮੰਨ ਕੇ ਲਾਗੂ ਕਰਨ ਤੋਂ ਇਨਕਾਰੀ ਹੈ। ਇਸੇ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਇੱਕ ਤੋਂ ਵੱਧ ਵਾਰ ਇਹ ਸਪਸ਼ਟ ਕਰਨਾ ਪਿਆ ਕਿ ਦੋ ਦਸੰਬਰ ਦੇ ਹੁਕਮਨਾਮੇ ਤੋਂ ਪਿੱਛੇ ਨਹੀਂ ਹਟਿਆ ਜਾ ਸਕਦਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਦੀ ਇੰਨ-ਬਿੰਨ ਪਾਲਣਾ ਕਰਨੀ ਪਵੇਗੀ। ਹਾਲ ਹੀ ਵਿੱਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਈਆਂ ਹਨ ਜਿਨ੍ਹਾਂ ਵਿੱਚ ਸਿੱਖ ਸੰਗਤ ਨੇ ਸਾਰੇ ਸਥਾਪਿਤ ਧੜਿਆਂ ਨੂੰ ਰੱਦ ਕਰ ਕੇ ਬਹੁਗਿਣਤੀ ਆਜ਼ਾਦ ਉਮੀਦਵਾਰਾਂ ਨੂੰ ਜਿਤਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਇਸ ਸਾਲ ਕਿਸੇ ਵੀ ਸਮੇਂ ਚੋਣਾਂ ਦਾ ਐਲਾਨ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਪਿਛਲੇ ਕਰੀਬ ਅੱਠ ਸਾਲਾਂ ਤੋਂ ਸੱਤਾ 'ਚੋਂ ਬਾਹਰ ਹੈ ਜਿਸ ਕਰਕੇ ਇਸ ਨੂੰ ਅਜਿਹਾ ਕੋਈ ਵੀ ਕਦਮ ਵਾਰਾ ਨਹੀਂ ਖਾਵੇਗਾ ਜਿਸ ਨਾਲ ਇਹ ਆਪਣੇ ਰਵਾਇਤੀ ਵੋਟ ਬੈਂਕ ਤੋਂ ਟੁੱਟੇ ਤੇ ਜੇਤੂ ਰਾਹ ਤੋਂ ਪਛੜੇ। ਇਸ ਦੇ ਸਨਮੁੱਖ ਅਕਾਲੀ ਦਲ ਨੂੰ ਆਪਣੇ ਅੰਦਰੂਨੀ ਸੰਕਟਾਂ ਨੂੰ ਹੱਲ ਕਰਨ ਲਈ ਵਧੇਰੇ ਹਕੀਕਤਪਸੰਦ ਅਤੇ ਪੰਥਕ ਏਕਤਾ ਵਾਲਾ ਰਾਹ ਅਖ਼ਤਿਆਰ ਕਰਨਾ ਪੈ ਸਕਦਾ ਹੈ। ਹਾਲਾਂਕਿ ਬਾਦਲ ਧੜਾ ਸਿੱਖ ਸਿਆਸਤ ਵਿੱਚ ਸਭ ਤੋਂ ਸ਼ਕਤੀਸ਼ਾਲੀ ਨੈਟਵਰਕ ਵਾਲਾ ਧੜਾ ਹੈ ਤੇ ਉਸ ਨੂੰ ਪੰਥਕ ਏਕਤਾ ਲਈ ਪਹਿਲ ਕਰਕੇ ਅਕਾਲੀ ਦਲ ਦੀ ਪੁਨਰ ਸਿਰਜਣਾ ਕਰਨੀ ਚਾਹੀਦੀ ਹੈ ਤਾਂ ਜੋ ਸਿੱਖ ਪੰਥ ਦਾ ਉਨ੍ਹਾਂ ਵਿੱਚ ਵਿਸ਼ਵਾਸ ਬਹਾਲ ਹੋ ਸਕੇ।

## ਕੀ ਫ਼ੈਸਲਾ ਹੋਇਆ 7 ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਵਿੱਚ ?




ਬੀਤੇ ਦਿਨੀਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਸਿੱਖਇਜ਼ਮ ਬਹਾਦਰਗੜ੍ਹ ਵਿਖੇ ਹੋਈ ਇਸ ਮੀਟਿੰਗ ਵਿੱਚ ਕਮੇਟੀ ਦੇ ਮੈਂਬਰ ਅਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ ਅਤੇ ਬੀਬੀ ਸਤਵੰਤ ਕੌਰ ਸ਼ਾਮਿਲ ਸਨ। ਮੀਟਿੰਗ ਉਪਰੰਤ ਸੰਖੇਪ ਵਿੱਚ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪ੍ਰੈੱਸ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਇਸ ਬੈਠਕ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਹੁਕਮਨਾਮਿਆਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਬ) ਦੀ ਨਵੀਂ ਭਰਤੀ ਅਤੇ ਸਾਰੇ ਹੁਕਮਨਾਮਿਆਂ ਸੰਬੰਧੀ ਵਿਸਥਾਰ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਪ੍ਰਕਿਰਿਆ ਆਰੰਭ ਕਰਨ ਲਈ ਇੱਕ ਥਾਂ 'ਤੇ ਇਕੱਠੇ ਹੋ ਕੇ ਚੱਲਣ ਦਾ ਹੁਕਮ ਹੋਇਆ ਸੀ। ਉਨ੍ਹਾਂ ਸਾਰੇ ਆਗੂਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਆਗੂ ਇੱਕ ਥਾਂ 'ਤੇ ਇਕੱਠੇ ਹੋ ਕੇ ਚੱਲਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਦੀ ਰੌਸ਼ਨੀ ਵਿੱਚ ਕੌਮ ਦੀ ਦਿਖ ਨੂੰ ਨਿੱਗਰ ਅਤੇ ਨਰੋਈ ਬਣਾਉਣ। ਉਨ੍ਹਾਂ ਕਿਹਾ ਕਿ ਅਗਲੀ ਮੀਟਿੰਗ 11 ਫਰਵਰੀ ਨੂੰ ਸੱਦੀ ਗਈ ਹੈ ਜਿਸ ਵਿੱਚ ਅਕਾਲੀ ਦਲ ਬਾਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਸੱਦਾ ਦਿੱਤਾ ਗਿਆ ਹੈ ਜਿਸ ਵਿੱਚ ਉਹ ਦੱਸਣਗੇ ਕਿ ਅਕਾਲੀ ਦਲ ਬਾਦਲ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ 7 ਮੈਂਬਰੀ ਕਮੇਟੀ ਅਧੀਨ ਭਰਤੀ ਪ੍ਰਕਿਰਿਆ ਸ਼ੁਰੂ ਕਰਨੀ ਚਾਹੁੰਦੇ ਹਨ ਜਾਂ ਨਹੀਂ।

ਮੀਟਿੰਗ ਉਪਰੰਤ ਹੁਣ ਇਹ ਸਵਾਲ ਉੱਭਰਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਜੋ ਕਮੇਟੀ ਬਣਾ ਕੇ ਵੱਡੇ ਪੱਧਰ 'ਤੇ ਨਵੀਂ ਮੈਂਬਰਸ਼ਿਪ ਲਈ ਆਪਣੇ ਅਨੁਸਾਰ ਭਰਤੀ ਕੀਤੀ ਹੈ ਉਹ ਹੁਣ ਉਸ ਭਰਤੀ ਨੂੰ ਰੱਦ ਕਰੇਗਾ ਜਾਂ ਨਹੀਂ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਮਹੀਨੇ ਸੱਤ ਮੈਂਬਰੀ ਕਮੇਟੀ ਦੇ ਮੈਂਬਰਾਂ ਨੂੰ ਆਪਣੇ ਢੰਗ ਤੇ ਨੀਤੀ ਨਾਲ ਜ਼ਿੰਮੇਵਾਰੀਆਂ ਸੌਂਪ ਕੇ ਨਵੀਂ ਮੈਂਬਰਸ਼ਿਪ ਮੁਹਿੰਮ ਦਾ ਆਗਾਜ਼ ਕਰ ਦਿੱਤਾ ਸੀ ਜੋ 20 ਫ਼ਰਵਰੀ ਨੂੰ ਮੁਕੰਮਲ ਹੋਣੀ ਹੈ।

ਹੁਣ ਇਹ ਵੀ ਸਵਾਲ ਬਣ ਗਿਆ ਹੈ ਕਿ ਜੇਕਰ ਅਕਾਲੀ ਦਲ ਬਾਦਲ ਪਹਿਲਾਂ ਕੀਤੀ ਭਰਤੀ ਰੱਦ ਨਹੀਂ ਕਰਦਾ ਤਾਂ ਕੀ ਸੱਤ ਮੈਂਬਰੀ ਕਮੇਟੀ ਨਵੇਂ ਸਿਰੇ ਤੋਂ ਵੱਖਰੇ ਤੌਰ 'ਤੇ ਭਰਤੀ ਕਰੇਗੀ ਜਾਂ ਨਹੀਂ ? ਪੱਤਰਕਾਰਾਂ ਵੱਲੋਂ ਧਾਮੀ ਨੂੰ ਸਵਾਲ ਪੁੱਛਿਆ ਕਿ ਅਕਾਲੀ ਦਲ ਦੀ ਚਲ ਰਹੀ ਭਰਤੀ ਚਲਦੀ ਰਹੇਗੀ ਜਾਂ ਰੁਕੇਗੀ ਉਸ 'ਤੇ ਧਾਮੀ ਨੇ ਕੋਈ ਜਵਾਬ ਨਹੀਂ ਦਿੱਤਾ। ਇਸ ਮੌਕੇ ਧਾਮੀ ਨੇ ਸਾਰਿਆ ਨੂੰ ਇੱਕ ਵਾਰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ ਤੇ ਮੀਟਿੰਗ ਵਿੱਚ ਸਾਰੇ ਮੈਂਬਰਾਂ ਦਾ ਪਹੁੰਚਣ 'ਤੇ ਧੰਨਵਾਦ ਵੀ ਕੀਤਾ ਹੈ। ਇਸ ਸੰਬੰਧੀ ਫ਼ੋਨ 'ਤੇ ਗੱਲ ਕਰਦਿਆਂ ਸੁਧਾਰ ਲਹਿਰ ਦੇ ਮੋਹਰੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮਿਆਂ ਅਨੁਸਾਰ ਅਕਾਲੀ ਦਲ (ਬ) ਦੇ ਸਮੁੱਚੇ ਜਥੇਬੰਦਕ ਢਾਂਚੇ ਨੂੰ ਰੱਦ ਕਰਨ ਅਤੇ ਨਵੇਂ ਸਿਰੇ ਤੋਂ ਮੈਂਬਰਸ਼ਿਪ ਦੀ ਭਰਤੀ ਕਰਨ ਸੰਬੰਧੀ ਮੀਟਿੰਗ ਹੋਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮਿਆਂ ਮੁਤਾਬਿਕ ਅਕਾਲੀ ਦਲ ਬਾਦਲ ਦੇ ਆਗੂਆਂ ਵੱਲੋਂ ਗੰਭੀਰਤਾ ਨਾਲ ਨਹੀਂ ਸੀ ਲਿਆ ਗਿਆ (ਬਾਕੀ ਸਫ਼ਾ 31 'ਤੇ)

## ਦਰਪਣ ਝੂਠ ਨਹੀਂ ਬੋਲਦਾ

# ਚੋਣਾਂ ਤੋਂ ਪਹਿਲਾਂ ਸੌਦਾ ਸਾਧ ਨੂੰ ਪੈਰੋਲ ਦੇਣ ਬਾਰੇ ਮੋਦੀ ਸਰਕਾਰ ਦਾ ਮਕਸਦ ਕੀ ਹੈ ?

## ਕਿਉਂ ਨਹੀਂ ਦਿੱਤੀ ਜਾ ਰਹੀ ਭਾਈ ਹਵਾਰੇ ਵਰਗੇ ਬੰਦੀ ਸਿੱਖਾਂ ਨੂੰ ਪੈਰੋਲ

## ਆਖ਼ਿਰ, ਭਾਜਪਾ ਸਿੱਖਾਂ ਤੋਂ ਚਾਹੁੰਦੀ ਕੀ ਹੈ ?

ਹਾਲਾਂਕਿ ਭਾਜਪਾ ਦੇ ਵੱਡੇ ਨੇਤਾ, ਆਰ.ਐੱਸ.ਐੱਸ. ਵੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਵੀ ਸਿੱਖਾਂ ਨੂੰ ਆਪਣਾ ਕਹਿਣ, ਉਨ੍ਹਾਂ ਦੇ ਗੁਣਗਾਨ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ। ਭਾਜਪਾ ਨੇ ਸਿੱਖਾਂ ਦੇ ਹੱਕ ਵਿੱਚ ਕੁਝ ਚੰਗੇ ਕੰਮ ਵੀ ਕੀਤੇ ਹਨ ਪਰ ਹੈਰਾਨੀਜਨਕ ਤੌਰ 'ਤੇ ਉਹ ਬਹੁਤੀ ਵਾਰੀ ਵਕਤੀ ਰਾਜਨੀਤਕ ਫ਼ਾਇਦੇ ਲਈ ਵੀ ਸਿੱਖ ਮਨਾਂ ਨੂੰ ਚੋਟ ਪਹੁੰਚਾਉਣ ਲੱਗੇ ਕਸੀਸ ਤੱਕ ਨਹੀਂ ਵਟਦੇ। ਹੁਣੇ ਜਿਹੇ ਜਬਰ ਜਨਾਹ ਵਿੱਚ ਸਜ਼ਾ ਯਾਫ਼ਤਾ ਸਿਰਸਾ ਡੇਰੇ ਦੇ ਸਾਧ ਰਾਮ ਰਹੀਮ ਨੂੰ ਸਿਰਫ਼ 24 ਅਕਤੂਬਰ, 2020 ਤੋਂ 28 ਜਨਵਰੀ, 2025 ਤੱਕ ਦੇ ਛੋਟੇ ਜਿਹੇ ਸਮੇਂ ਵਿੱਚ 12 ਵਾਰ ਜੇਲ੍ਹ ਤੋਂ ਬਾਹਰ ਲਿਆਂਦਾ ਜਾ ਚੁਕਾ ਹੈ ? ਜਿਸ ਵਿੱਚ ਉਹ ਲਗਾਤਾਰ 60 ਦਿਨਾਂ ਤੱਕ ਵੀ ਬਾਹਰ ਰਿਹਾ ਹੈ।

ਭਾਜਪਾ ਨੂੰ ਇੰਝ ਲਗਦਾ ਹੈ ਕਿ ਬਲਾਤਕਾਰੀ ਸੌਦਾ ਸਾਧ ਉਨ੍ਹਾਂ ਦੀ ਫ਼ਸੀ ਹੋਈ ਸਿਆਸੀ ਗੱਡੀ ਕੱਢ ਦੇਵੇਗਾ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਜਦੋਂ ਕੁਝ ਦਿਨਾਂ ਦਾ ਸਮਾਂ ਰਹਿ ਗਿਆ ਹੈ ਤਾਂ ਸੌਦਾ ਸਾਧ ਨੂੰ 30 ਦਿਨਾਂ ਦੀ ਪੈਰੋਲ ਦਿੱਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਉਸ ਪੈਰੋਲ ਦੌਰਾਨ ਆਪਣੇ ਮੁੱਖ ਡੇਰੇ ਜਾਣ ਦੀ ਆਗਿਆ ਵੀ ਦੇ ਦਿੱਤੀ ਗਈ ਹੈ। ਸਿਰਸਾ ਉਹ ਥਾਂ ਹੈ ਜਿੱਥੇ ਸੌਦਾ ਸਾਧ ਜੇਲ੍ਹ ਜਾਣ ਤੋਂ ਪਹਿਲਾਂ ਬਲਾਤਕਾਰ ਅਤੇ ਕਤਲਾਂ ਨੂੰ ਅੰਜਾਮ ਦਿੰਦਾ ਰਿਹਾ ਹੈ। ਇਸ ਤੋਂ ਪਹਿਲਾਂ ਉਸ ਨੂੰ ਪੈਰੋਲ ਦੇਣ ਵੇਲੇ ਉਸ ਨੂੰ ਯੂ.ਪੀ. ਦੇ ਬਾਗਪਤ ਡੇਰੇ ਵਿੱਚ ਹੀ ਬੰਦ ਰਹਿਣ ਦੇ ਆਦੇਸ਼ ਦਿੱਤੇ ਜਾਂਦੇ ਸਨ, ਜਿੱਥੋਂ ਉਹ ਵੀਡੀਓ ਕਾਨਫ਼ਰੰਸਿੰਗ ਰਾਹੀਂ ਆਪਣੇ ਚੇਲਿਆਂ ਨੂੰ ਸੰਬੋਧਨ ਕਰਦਾ ਰਿਹਾ ਹੈ।

ਦੂਜੇ ਬੰਨੇ ਬੰਦੀ ਸਿੰਘ ਹਨ, ਜਿਹੜੇ 30-30 ਸਾਲ ਦੀ ਸਜ਼ਾ ਭੁਗਤ ਵੀ ਚੁੱਕੇ ਹਨ ਪਰ ਉਹਨਾਂ ਵਿੱਚੋਂ ਕਈਆਂ ਨੂੰ ਛੱਡਣਾ ਤਾਂ ਇੱਕ ਪਾਸੇ ਰਿਹਾ, ਪੈਰੋਲ 'ਤੇ ਬਾਹਰ ਵੀ ਨਹੀਂ ਆਉਣ ਦਿੱਤਾ ਗਿਆ। ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਨੂੰ ਹਾਲੇ ਤਕ ਇੱਕ ਘੰਟੇ ਦੀ ਵੀ ਪੈਰੋਲ ਨਹੀਂ ਮਿਲੀ। ਇਸੇ ਕੇਸ ਦੇ ਇੱਕ ਹੋਰ ਦੋਸ਼ੀ ਅਤੇ ਫ਼ਾਂਸੀ ਦੀ ਸਜ਼ਾਯਾਫ਼ਤਾ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ 29 ਸਾਲਾਂ ਵਿੱਚ ਸਿਰਫ਼ ਤਿੰਨ ਘੰਟੇ ਦੀ ਪੈਰੋਲ ਉਦੋਂ ਦਿੱਤੀ ਗਈ ਜਦੋਂ ਉਹਨਾਂ ਦੇ ਵੱਡੇ ਭਰਾ ਦੀ ਅੰਤਿਮ ਅਰਦਾਸ ਸੀ। ਸਿਤਮ ਇਹ ਕਿ ਬੰਦੀ ਸਿੰਘਾਂ ਉੱਤੇ ਤਾਂ ਸਿਰਫ਼ ਕਤਲ ਦੇ ਦੋਸ਼ ਹਨ ਜਦੋਂ ਕਿ ਸੌਦਾ ਸਾਧ ਤਾਂ ਬਲਾਤਕਾਰੀ ਵੀ ਸਿੱਧ ਹੋ ਚੁੱਕਾ ਹੈ।

ਇਸ ਵਿੱਚ ਕੋਈ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਹੈ ਕਿ ਸੱਤਾਧਾਰੀ ਭਾਜਪਾ ਸਿਆਸੀ ਫ਼ਾਇਦਾ ਲੈਣ ਲਈ ਹਰ ਹਰਬਾ ਵਰਤ ਰਹੀ ਹੈ। ਇਹ ਵੀ ਸਭ ਨੂੰ ਪਤਾ ਹੈ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਸੌਦਾ ਸਾਧ ਨੂੰ ਪੈਰੋਲ ਦੇਣ ਦਾ ਮਤਲਬ ਸਿੱਧਾ ਹੀ ਦਿੱਲੀ ਚੋਣਾਂ ਵਿੱਚ ਲਾਭ ਲੈਣ ਦਾ ਇੱਕ ਹੀਲਾ ਹੈ। ਹਰੇਕ ਕੈਦੀ ਨੂੰ ਪੈਰੋਲ ਦੀ ਅਰਜ਼ੀ ਦੇਣ ਦਾ ਕਾਨੂੰਨੀ ਅਧਿਕਾਰ ਹੈ ਪਰ ਦੂਜਿਆਂ ਦੀਆਂ ਪੈਰੋਲ ਦੀਆਂ ਅਰਜ਼ੀਆਂ ਰੱਦ ਕਰ ਦੇਣਾ ਅਤੇ ਸੌਦਾ ਸਾਧ ਨੂੰ ਚੋਣਾਂ ਤੋਂ ਪਹਿਲਾਂ ਹਰ ਵਾਰ ਫ਼ਰਲੋ 'ਤੇ ਜੇਲ੍ਹ ਵਿੱਚੋਂ ਬਾਹਰ ਕੱਢ ਦੇਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਾ ਹੈ। ਦੂਜੇ ਬੰਨੇ ਬੰਦੀ ਸਿੰਘਾਂ ਦੇ ਚੰਗੇ ਆਚਰਣ ਦੀ ਰਿਪੋਰਟ ਸੰਬੰਧਿਤ ਜੇਲ੍ਹ ਦੇ ਸੁਪਰਡੈਂਟ ਵੱਲੋਂ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ ਪਰ ਬਾਵਜੂਦ ਇਸਦੇ ਵਿਚਾਰ ਕਰਨ ਲਈ ਕੋਈ ਤਿਆਰ ਨਹੀਂ ? । ਇਨ੍ਹਾਂ ਹਾਲਾਤ ਵਿੱਚ ਸਿੱਖ ਆਪਣੇ ਹੀ ਮੁਲਕ ਵਿੱਚ ਆਪਣੇ ਆਪ ਨੂੰ ਬੇਗਾਨਾ ਨਾ ਸਮਝਣ ਤਾਂ ਹੋਰ ਕੀ ਕਰਨ ?



ਯਾਦ ਰਹੇ ਕਿ ਸੌਦਾ ਸਾਧ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਵੀ ਦੋਸ਼ੀ ਸਿੱਧ ਹੋਇਆ ਹੈ। ਐੱਸ. ਟੀ. ਆਈ. ਵੱਲੋਂ ਉਹ ਮੁੱਖ ਦੋਸ਼ੀ ਠਹਿਰਾਇਆ ਗਿਆ ਹੈ। ਹੋਰ ਤਾਂ ਹੋਰ ਉਸ ਉੱਤੇ ਆਪਣੇ ਡੇਰੇ ਦੇ ਮੈਨੇਜਰ ਰਣਜੀਤ ਸਿੰਘ ਨੂੰ ਕਤਲ ਕਰਨ ਦੇ ਦੋਸ਼ ਵੀ ਲੱਗੇ ਹਨ। ਹੈਰਾਨੀ ਦੀ ਗੱਲ ਇਹ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2024 ਵਿੱਚ ਉਸ ਨੂੰ ਸੀ.ਬੀ.ਆਈ. ਦੀ ਜਾਂਚ ਵਿੱਚ ਖਾਮੀਆਂ ਦੱਸ ਕੇ ਛੱਡ ਦਿੱਤਾ ਸੀ ਪਰ ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਤਿੰਨ ਜਾਂ ਜਨਵਰੀ ਨੂੰ ਦੁਬਾਰਾ ਤੋਂ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਦੂਜੇ ਬੰਨੇ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਅਕਾਲ ਤਖਤ ਸਾਹਿਬ ਨੇ ਸੌਦਾ ਸਾਧ ਨੂੰ ਦਿੱਤੀ ਪੈਰੋਲ 'ਤੇ ਇਤਰਾਜ਼ ਜਿਤਾਇਆ ਹੈ ਪਰ ਭਾਰਤੀ ਜਨਤਾ ਪਾਰਟੀ ਨੂੰ ਕਿਸੇ ਦੀ ਕੀ ਪਰਵਾਹ ? ਸ਼੍ਰੋਮਣੀ ਕਮੇਟੀ ਨੇ ਸੌਦਾ ਸਾਧ ਨੂੰ ਪੈਰੋਲ ਦੇਣ 'ਤੇ ਸਖਤ ਇਤਰਾਜ਼ ਪ੍ਰਗਟ ਕਰਦਿਆਂ ਫ਼ੌਰੀ ਪੈਰੋਲ ਰੱਦ ਕਰਕੇ ਉਸ ਨੂੰ ਮੁੜ ਜੇਲ੍ਹ ਭੇਜਣ ਦੀ ਮੰਗ ਕੀਤੀ ਹੈ।

ਪੰਜਾਬ ਪੁਲਿਸ ਦੇ ਸਾਬਕਾ ਆਈ.ਜੀ. ਰਣਬੀਰ ਸਿੰਘ ਖੱਟੜਾ ਨੇ ਵਿਸ਼ੇਸ਼ ਜਾਂਚ ਟੀਮ (ਸਿਟ) ਦੀ ਅਗਵਾਈ ਕੀਤੀ ਸੀ ਤੇ ਬੇਅਦਬੀ ਮਾਮਲਿਆਂ ਅਤੇ ਮੌੜ ਧਮਾਕੇ ਦੇ ਮਾਮਲੇ ਨੂੰ ਸੁਲਝਾਇਆ ਸੀ। ਮੌੜ ਧਮਾਕਾ ਹਾਲ ਹੀ ਦੇ ਸਮੇਂ ਵਿੱਚ ਪੰਜਾਬ ਵਿੱਚ ਇੱਕ ਵੱਡਾ ਅੱਤਵਾਦੀ ਹਮਲਾ ਸੀ, ਕਿਉਂਕਿ ਇਸ ਨਾਲ ਸੱਤ ਲੋਕਾਂ ਦੀ ਮੌਤ ਹੋਈ ਸੀ ਅਤੇ ਇਹ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਹੋਇਆ ਸੀ।

ਸਾਬਕਾ ਆਈ.ਜੀ. ਨੇ ਕਿਹਾ ਕਿ ਦੋਵਾਂ ਮਾਮਲਿਆਂ ਵਿੱਚ ਪ੍ਰਗਤੀ ਕੀੜੀ ਦੀ ਚਾਲ ਨਾਲ ਹੋ ਰਹੀ ਸੀ। ਉਨ੍ਹਾਂ ਦਲੀਲ ਦਿੱਤੀ ਕਿ ਡੇਰਾ ਵੱਲੋਂ ਬੇਅਦਬੀ ਮਾਮਲਿਆਂ ਵਿੱਚ ਸ਼ਿਕਾਇਤਕਰਤਾਵਾਂ ਅਤੇ ਗਵਾਹਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਦਾ ਇੱਕ ਪ੍ਰਮਾਣਿਤ ਇਤਿਹਾਸ ਹੈ।

ਇਹ ਪਹਿਲੀ ਵਾਰ ਹੈ ਕਿ 2017 ਵਿੱਚ ਸੌਦਾ ਸਾਧ ਦੀ ਸਜ਼ਾ ਅਤੇ ਬਾਅਦ ਵਿੱਚ ਕੈਦ ਤੋਂ ਬਾਅਦ, ਉਸਨੂੰ ਸਿਰਸਾ ਡੇਰੇ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ ਹੈ, ਅਤੇ ਉਹ ਵੀ ਉਦੋਂ ਜਦੋਂ ਪਰਦੀਪ ਕਲੇਰ, ਜੋ ਕਿ ਡੇਰੇ ਦੀ ਰਾਸ਼ਟਰੀ ਕਮੇਟੀ ਦੇ ਚੇਅਰਮੈਨ ਸਨ, ਨੇ ਪਿਛਲੇ ਸਾਲ ਆਪਣੀ ਗ੍ਰਿਫ਼ਤਾਰੀ ਤੋਂ ਬਾਅਦ ਖ਼ੁਲਾਸਾ ਕੀਤਾ ਸੀ ਕਿ ਸਿਰਸਾ ਡੇਰੇ ਦੇ ਅੰਦਰ ਬੇਅਦਬੀ ਦੀ ਸਾਜ਼ਿਸ਼ ਰਚੀ ਗਈ ਸੀ। ਉਸਨੇ ਡੇਰਾ ਮੁਖੀ ਅਤੇ ਉਸਦੀ ਸਮਾਜਿਕ ਤੌਰ 'ਤੇ ਗੋਦ ਲਈ ਗਈ ਧੀ ਹਨੀ ਪ੍ਰੀਤ ਦੀ 2015 ਵਿੱਚ ਬੇਅਦਬੀ ਨੂੰ ਅੰਜਾਮ ਦੇਣ ਲਈ ਆਪਣੇ ਗੁਫ਼ਾ (ਡੇਰੇ) ਤੋਂ ਨਿਰਦੇਸ਼ ਦੇਣ ਵਿੱਚ ਸ਼ਮੂਲੀਅਤ ਦੇ ਵੇਰਵੇ ਦਿੱਤੇ ਸਨ। ਇਸ ਦੇ ਨਾਲ ਹੀ, ਮੌੜ ਧਮਾਕੇ ਦੇ ਮਾਮਲੇ ਵਿੱਚ ਪਹਿਲਾਂ ਹੀ ਭਗੌੜਾ ਐਲਾਨੇ ਗਏ ਤਿੰਨ ਡੇਰਾ ਵਾਲਿਆਂ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ ਅਤੇ ਇਸ ਮਾਮਲੇ ਦੀ ਜਾਂਚ ਵੀ ਪੈਂਡਿੰਗ ਹੈ। ਸਾਡੀ ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਧਮਾਕੇ ਵਿੱਚ ਵਰਤੀ ਗਈ ਕਾਰ ਡੇਰਾ ਮੁਖੀ ਦੇ ਨਿੱਜੀ ਵਾਹਨਾਂ ਲਈ ਬਣਾਈ ਗਈ ਵਰਕਸ਼ਾਪ ਵਿੱਚ ਤਿਆਰ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਮੌੜ ਧਮਾਕੇ ਦੀ ਜਾਂਚ ਅਜੇ ਵੀ ਜਾਰੀ ਹੈ, ਜਿਸ ਵਿੱਚ ਆਰਡੀਐਕਸ ਦੀ ਵਰਤੋਂ ਕੀਤੀ ਗਈ ਸੀ। ਇਸ ਦੇ ਨਾਲ ਹੀ, ਮੌੜ ਧਮਾਕੇ ਦੇ ਮਾਮਲੇ ਵਿੱਚ ਪਹਿਲਾਂ ਹੀ ਭਗੌੜਾ ਐਲਾਨੇ ਗਏ ਤਿੰਨ ਡੇਰਾ ਵਾਲਿਆਂ ਨੂੰ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਅਤੇ ਇਸ ਮਾਮਲੇ ਦੀ ਜਾਂਚ ਵੀ ਪੈਂਡਿੰਗ ਹੈ।

ਖੱਟੜਾ ਨੇ, ਜੋ ਕਿ ਮਾਰਚ 2021 ਵਿੱਚ ਸੇਵਾਮੁਕਤ ਹੋ ਗਿਆ ਸੀ, ਦਾ ਕਹਿਣਾ ਹੈ ਕਿ ਹਾਲਾਂਕਿ ਉਹ ਉਨ੍ਹਾਂ ਮਾਮਲਿਆਂ ਵਿੱਚ ਪੈਰੋਲ ਪ੍ਰਾਪਤ ਕਰ ਸਕਦਾ ਹੈ ਜਿਨ੍ਹਾਂ ਵਿੱਚ ਉਸਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਹ ਇੱਕ ਮਹੱਤਵਪੂਰਨ ਤੱਥ ਹੈ ਕਿ ਵੱਡੇ ਮਾਮਲਿਆਂ ਵਿੱਚ ਜਾਂਚ ਅਜੇ ਵੀ ਜਾਰੀ ਹੈ, ਜਿਸ ਵਿੱਚ ਮੌੜ ਧਮਾਕਾ ਵੀ ਸ਼ਾਮਲ ਹੈ ਜਿਸ ਵਿੱਚ ਆਰ.ਡੀ.ਐਕਸ. ਦੀ ਵਰਤੋਂ ਕੀਤੀ ਗਈ ਸੀ।

ਪੰਥਕ ਹਲਕਿਆਂ ਦਾ ਕਹਿਣਾ ਹੈ ਕਿ ਇੱਕ ਪਾਸੇ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋਣਾ ਚਾਹੁੰਦੀ ਹੈ, ਦੂਜੇ ਪਾਸੇ ਉਹ ਸਿੱਖਾਂ ਦੀ ਨਰਾਜ਼ਗੀ ਮੁੱਲ ਲੈਣ ਤੋਂ ਵੀ ਝਿਜਕ ਨਹੀਂ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦਾ ਮਾਮਲਾ ਸਿੱਖਾਂ ਦੇ ਦਿਲਾਂ ਨਾਲ ਜੁੜਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਹੁਰਮਤੀ ਦੇ ਦੋਸ਼ੀਆਂ ਨੂੰ ਸਿੱਖ ਕਿਸੇ ਹਾਲਤ ਵਿੱਚ ਵੀ ਮੁਆਫ਼ ਕਰ ਸਕਦੇ। ਸੌਦਾ ਸਾਧ ਨੂੰ ਵਾਰ ਵਾਰ ਪੈਰੋਲ ਦਿੱਤੀ ਗਈ ਹੈ ਕਿਉਂਕਿ ਭਾਜਪਾ ਨੂੰ ਚੋਣਾਂ ਵਿੱਚ ਫ਼ਾਇਦਾ ਹੁੰਦਾ ਨਜ਼ਰ ਆਉਂਦਾ ਹੈ। ਹਰਿਆਣਾ ਅਤੇ ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਇਸ ਕਰਕੇ ਡਬਲ ਇੰਜਣ ਸਰਕਾਰ ਨੇ ਦਿੱਲੀ ਦੀ ਸੱਤਾ ਉੱਤੇ ਕਾਬਜ਼ ਹੋਣ ਲਈ ਮੁੜ ਤੋਂ ਇਹ ਖੇਡ ਰਚਿਆ ਹੈ। ਇੱਕ ਪਾਸੇ ਭਾਜਪਾ ਸਰਕਾਰ ਖਾੜਕੂਵਾਦ ਵਿਰੋਧੀ ਹੈ,ਦੂਜੇ ਪਾਸੇ ਮੌੜ ਬੰਬ ਕਾਂਡ ਤੇ ਆਰਡੀ ਐਕਸ ਬਾਰੇ ਚੁਪ ਹੈ ? ਇਹ ਜਾਂਚ ਵੀ ਨਹੀਂ ਹੋਈ ਆਰਡੀਐਕਸ ਸੌਦਾ ਡੇਰੇ ਨੇ ਕਿਥੋਂ ਲਿਆਂਦਾ ? ਆਖਿਰ ਅਜਿਹਾ ਕਰਕੇ ਭਾਜਪਾ ਸਿੱਖਾਂ ਤੋਂ ਚਾਹੁੰਦੀ ਕੀ ਹੈ ? ਉਹ ਸਾਬਤ ਕੀ ਕਰਨਾ ਚਾਹੁੰਦੀ ਹੈ ?

## ਅਜ਼ਾਦ ਪੱਤਰਕਾਰਤਾ ਵਿਰੁੱਧ ਢੁੱਚਰਾਂ ਡਾਹਣ ਲੱਗੀ ਮੋਦੀ ਸਰਕਾਰ

### ਆਮਦਨ ਕਰ ਵਿਭਾਗ ਨੇ 'ਦੀ ਰਿਪੋਰਟਰਜ਼ ਕੁਲੈਕਟਿਵ' ਦਾ ਗ਼ੈਰ-ਲਾਭਕਾਰੀ ਦਰਜਾ ਕੀਤਾ ਰੱਦ




ਮੋਦੀ ਰਾਜ ਸ਼ੁਰੂ ਹੋਣ ਨਾਲ ਹੀ ਭਾਰਤ ਦਾ ਪ੍ਰੰਪਰਾਗਤ ਮੀਡੀਆ ਇੱਕ-ਇੱਕ ਕਰਕੇ ਸੱਤਾ ਅੱਗੇ ਨਤਮਸਤਕ ਹੋ ਗਿਆ ਸੀ। ਸੱਤਾ ਦੀ ਗੋਦ ਵਿੱਚ ਬੈਠੇ ਇਸ ਮੀਡੀਆ ਨੂੰ ਹਰ ਕੋਈ 'ਗੋਦੀ ਮੀਡੀਆ' ਦੇ ਨਾਂਅ ਨਾਲ ਸੰਬੋਧਨ ਕਰਦਾ ਹੈ। ਲੋਕਾਂ ਦੀ ਸੂਚਨਾ ਭੁੱਖ ਨੂੰ ਪੂਰਾ ਕਰਨ ਲਈ ਆਪਣੇ ਪੇਸ਼ੇ ਪ੍ਰਤੀ ਵਫ਼ਾਦਾਰ ਪੱਤਰਕਾਰਾਂ ਨੇ ਸੋਸ਼ਲ ਮੀਡੀਆ ਨੂੰ ਆਪਣੇ ਵਿਚਾਰਾਂ ਤੇ ਖੋਜਾਂ ਲਈ ਮੁੱਖ ਹਥਿਆਰ ਬਣਾ ਲਿਆ। ਅੱਜ ਸੋਸ਼ਲ ਮੀਡੀਆ ਬੇਹੱਦ ਸ਼ਕਤੀਸ਼ਾਲੀ ਹੋ ਚੁੱਕਾ ਹੈ ਤੇ ਲੋਕ ਇਸ ਉੱਤੇ ਭਰੋਸਾ ਵੀ ਕਰਦੇ ਹਨ। ਗੋਦੀ ਮੀਡੀਆ ਲੋਕਾਂ ਦੀ ਨਜ਼ਰ ਵਿੱਚ ਇਸ ਹੱਦ ਤੱਕ ਡਿਗ ਚੁੱਕਾ ਹੈ ਕਿ ਖ਼ਬਰਾਂ ਸ਼ੁਰੂ ਹੁੰਦਿਆਂ ਹੀ ਲੋਕ ਆਪਣੇ ਟੀ ਵੀ ਬੰਦ ਕਰ ਦਿੰਦੇ ਹਨ।

ਇਸੇ ਕਾਰਨ ਪਿਛਲੇ ਕਾਫ਼ੀ ਸਮੇਂ ਤੋਂ ਸੋਸ਼ਲ ਮੀਡੀਆ ਪਲੇਟਫ਼ਾਰਮ ਉੱਤੇ ਚਲਦੇ ਵੱਖ-ਵੱਖ ਯੂਟਿਊਬ ਚੈਨਲਾਂ ਤੇ ਡਿਜੀਟਲ ਆਊਟਲੈੱਟਸ ਦੀਆਂ ਨਕੇਲਾਂ ਕੱਸਣ ਲਈ ਤਾਨਾਸ਼ਾਹ ਹਾਕਮ ਬਹਾਨੇ ਲੱਭਦੇ ਰਹਿੰਦੇ ਹਨ। ਹੁਣ ਆਮਦਨ ਕਰ ਵਿਭਾਗ ਨੇ ਮਸ਼ਹੂਰ ਡਿਜੀਟਲ ਮੀਡੀਆ ਆਊਟਲੈੱਟ 'ਦੀ ਰਿਪੋਰਟਰਜ਼ ਕੁਲੈਕਟਿਵ' ਦਾ ਗ਼ੈਰ-ਲਾਭਕਾਰੀ ਦਰਜਾ ਰੱਦ ਕਰ ਦਿੱਤਾ ਹੈ।

ਇਸ ਪਲੇਟਫ਼ਾਰਮ ਨੇ ਸਮੇਂ-ਸਮੇਂ ਉੱਤੇ ਅਜਿਹੀ ਖੋਜੀ ਪੱਤਰਕਾਰਤਾ ਕੀਤੀ ਸੀ, ਜਿਸ ਕਾਰਨ ਇਹ ਸੱਤਾਧਾਰੀਆਂ ਦੀਆਂ ਅੱਖਾਂ ਵਿੱਚ ਰੜਕਦਾ ਸੀ, ਜਿਨ੍ਹਾਂ ਵਿੱਚ 'ਸੈਨਿਕ ਸਕੂਲਾਂ' ਨੂੰ ਆਰ ਐੱਸ ਐੱਸ ਦੇ ਹਵਾਲੇ ਕਰਨ, ਚੋਣ ਬਾਂਡਾਂ ਰਾਹੀਂ ਭਾਜਪਾ ਵੱਲੋਂ ਚੋਣ ਚੰਦੇ ਦੀ ਲੁੱਟ ਤੇ ਭਾਜਪਾ ਦੇ ਸਹਿਯੋਗੀ ਦਲਾਂ ਨਾਲ ਵਿਹਾਰ ਬਾਰੇ ਰਿਪੋਰਟਾਂ ਜ਼ਿਕਰਯੋਗ ਹਨ।

'ਦੀ ਰਿਪੋਰਟਰਜ਼ ਕੁਲੈਕਟਿਵ' (ਟੀ.ਆਰ. ਸੀ.) ਨੇ ਬੀਤੇ ਮੰਗਲਵਾਰ ਜਾਰੀ ਆਪਣੇ ਬਿਆਨ ਵਿੱਚ ਕਿਹਾ ਹੈ, "ਅਸੀਂ ਆਪਣੇ ਸੀਮਿਤ ਸਾਧਨਾਂ ਨਾਲ ਇਸ ਪਲੇਟਫ਼ਾਰਮ ਦੀ ਸ਼ੁਰੂਆਤ ਕੀਤੀ ਸੀ। ਜੁਲਾਈ 2021 ਤੋਂ ਅਸੀਂ ਜਨਤਾ ਦੀ ਵਿੱਤੀ ਸਹਾਇਤਾ ਰਾਹੀਂ ਇੱਕ ਰਜਿਸਟਰਡ ਗੈਰ-ਲਾਭਕਾਰੀ ਟਰੱਸਟ ਵਜੋਂ ਕੰਮ ਕਰ ਰਹੇ ਹਾਂ। ਹੁਣ ਆਮਦਨ ਕਰ ਵਿਭਾਗ ਨੇ ਸਾਡਾ ਗੈਰ-ਲਾਭਕਾਰੀ ਦਰਜਾ ਰੱਦ ਕਰ ਦਿੱਤਾ ਹੈ।"

## ਦੁਨੀਆਂ ਦੇ ਸਭ ਤੋਂ 10 ਸ਼ਕਤੀਸ਼ਾਲੀ ਦੇਸ਼ਾਂ ਦੀ ਨਵੀਂ ਸੂਚੀ ਵਿੱਚ ਅਮਰੀਕਾ ਸਭ ਤੋਂ ਉੱਪਰ, ਭਾਰਤ ਬਾਹਰ

### ਚੀਨ ਦੂਜੇ, ਰੂਸ ਤੀਜੇ, ਯੂ.ਕੇ. ਚੌਥੇ, ਜਰਮਨੀ ਪੰਜਵੇਂ ਨੰਬਰ 'ਤੇ

ਭਾਰਤ ਨੂੰ ਫ਼ੋਰਬਸ ਦੀ ਦੁਨੀਆਂ ਦੇ 10 ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਦੀ ਸੂਚੀ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ। 2025 ਦੀ ਇਸ ਨਵੀਂ ਸੂਚੀ ਵਿੱਚ, ਅਮਰੀਕਾ ਚੋਟੀ ਦੇ 10 ਵਿੱਚੋਂ ਸਭ ਤੋਂ ਉੱਪਰ ਹੈ। ਜਦੋਂ ਕਿ ਇਜ਼ਰਾਈਲ 10ਵੇਂ ਨੰਬਰ 'ਤੇ ਹੈ। ਫ਼ੋਰਬਸ ਖੁਦ ਦਾਅਵਾ ਕਰਦਾ ਹੈ ਕਿ ਉਹ ਰੈਂਕਿੰਗ ਜਾਰੀ ਕਰਦੇ ਸਮੇਂ ਕਈ ਮਾਪਦੰਡਾਂ 'ਤੇ ਵਿਚਾਰ ਕਰਦਾ ਹੈ, ਹਾਲਾਂਕਿ, ਭਾਰਤ ਦੇ ਰਖਿਆ ਮਾਹਿਰਾਂ ਅਨੁਸਾਰ ਦੁਨੀਆਂ ਦੀ ਸਭ ਤੋਂ ਵੱਡੀ ਆਬਾਦੀ, ਚੌਥੀ ਸਭ ਤੋਂ ਵੱਡੀ ਫ਼ੌਜੀ ਸ਼ਕਤੀ ਅਤੇ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਵਾਲੇ ਦੇਸ਼ ਭਾਰਤ ਨੂੰ ਚੋਟੀ ਦੇ 10 ਵਿੱਚੋਂ ਬਾਹਰ ਰੱਖਣ ਦਾ ਕੋਈ ਜਾਇਜ਼ ਨਹੀਂ ਜਾਪਦਾ।

ਫ਼ੋਰਬਸ ਦੀ ਰਿਪੋਰਟ ਅਨੁਸਾਰ, ਇਹ ਸੂਚੀ ਯੂ.ਐਸ. ਨਿਊਜ਼ ਦੁਆਰਾ ਤਿਆਰ ਕੀਤੀ ਗਈ ਸੀ ਅਤੇ ਦਰਜਾਬੰਦੀ ਲਈ ਪੰਜ ਮੁੱਖ ਮਾਪਦੰਡ ਵਰਤੇ ਗਏ ਸਨ। ਇਹ ਸੂਚੀ ਕਿਸੇ ਵੀ ਦੇਸ਼ ਦੇ ਨੇਤਾ, ਆਰਥਿਕ ਪ੍ਰਭਾਵ, ਰਾਜਨੀਤਿਕ ਪ੍ਰਭਾਵ, ਮਜ਼ਬੂਤ ਅੰਤਰਰਾਸ਼ਟਰੀ ਗੱਠਜੋੜ ਅਤੇ ਮਜ਼ਬੂਤ ਫ਼ੌਜ ਦੇ ਆਧਾਰ 'ਤੇ ਤਿਆਰ ਕੀਤੀ ਜਾਂਦੀ ਹੈ।

**ਪਾਵਰ ਰੈਂਕ ਅਤੇ ਦੇਸ਼ ਜੀ.ਡੀ.ਪੀ. ਆਬਾਦੀ ਖੇਤਰ**

1- ਅਮਰੀਕਾ 30.34 ਟ੍ਰਿਲੀਅਨ ਡਾਲਰ 345 ਕਰੋੜ
2. ਚੀਨ 19.53 ਟ੍ਰਿਲੀਅਨ ਡਾਲਰ 141.9 ਕਰੋੜ
3. ਰੂਸ 2.2 ਟ੍ਰਿਲੀਅਨ ਡਾਲਰ 144.4 ਕਰੋੜ
4. ਯੂਨਾਈਟਿਡ ਕਿੰਗਡਮ 3.73 ਟ੍ਰਿਲੀਅਨ ਡਾਲਰ 69.1 ਕਰੋੜ
5. ਜਰਮਨੀ 4.92 ਟ੍ਰਿਲੀਅਨ ਡਾਲਰ 84.5 ਮਿਲੀਅਨ ਕਰੋੜ
6. ਦੱਖਣੀ ਕੋਰੀਆ 1.95 ਟ੍ਰਿਲੀਅਨ ਡਾਲਰ 51.7 ਕਰੋੜ ਏਸ਼ੀਆ
7. ਫ਼ਰਾਂਸ /3.28 ਟ੍ਰਿਲੀਅਨ /66.5 ਕਰੋੜ ਯੂਰਪ
8. ਜਪਾਨ 4.39 ਟ੍ਰਿਲੀਅਨ ਡਾਲਰ 123.7 ਕਰੋੜ
9. ਸਾਊਦੀ ਅਰਬ 1.14 ਟ੍ਰਿਲੀਅਨ ਡਾਲਰ 33.9 ਕਰੋੜ
10 ਇਜ਼ਰਾਈਲ 550.91 ਬਿਲੀਅਨ ਡਾਲਰ 93.8 ਲਖ

ਇਸ ਤੋਂ ਇਲਾਵਾ, ਰੈਂਕਿੰਗ ਮਾਡਲ ਬੀ.ਏ.ਵੀ. ਗਰੁੱਪ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਇਕ ਗਲੋਬਲ ਮਾਰਕੀਟਿੰਗ ਸੰਚਾਰ ਕੰਪਨੀ ਡਬਲਯੂ.ਪੀ.ਪੀ. ਦੀ ਇੱਕ ਇਕਾਈ ਹੈ। ਇਹ ਦਰਜਾਬੰਦੀ ਤਿਆਰ ਕਰਨ ਵਾਲੀ ਖੋਜ ਟੀਮ ਦੀ ਅਗਵਾਈ ਪੈਨਸਿਲਵੇਨੀਆ ਯੂਨੀਵਰਸਿਟੀ ਦੇ ਵਾਰਟਨ ਸਕੂਲ ਦੇ ਪ੍ਰੋਫ਼ੈਸਰ ਡੇਵਿਡ ਰੀਬਸਟਾਈਨ ਨੇ ਕੀਤੀ।

# ਹਾਈਕੋਰਟ ਨੇ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਦਰਜ ਐਫ.ਆਈ.ਆਰਜ਼. ਦੇ ਮੰਗੇ ਵੇਰਵੇ

## 17 ਫ਼ਰਵਰੀ ਤੱਕ ਪ੍ਰਸ਼ਾਸਨ ਨੂੰ ਰਿਪੋਰਟ ਪੇਸ਼ ਕਰਨ ਲਈ ਦਿਤੇ ਹੁਕਮ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ-ਹਰਿਆਣਾ ਹਾਈ ਕੋਰਟ ਨੇ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਦਰਜ ਸਾਰੀਆਂ ਐਫ.ਆਈ.ਆਰਜ਼. ਦੇ ਪੂਰੇ ਵੇਰਵੇ ਮੰਗੇ ਹਨ। ਅੰਮ੍ਰਿਤਪਾਲ ਸਿੰਘ ਅਤੇ ਉਸਦੇ ਸਾਥੀ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਹਾਈ ਕੋਰਟ ਨੇ ਅੰਮ੍ਰਿਤਸਰ ਅਤੇ ਮੋਗਾ ਦੇ ਜ਼ਿਲ੍ਹਾ ਮੈਜਿਸਟ੍ਰੇਟਾਂ (ਡੀ.ਐਮਜ਼.) ਨੂੰ ਇਸ ਸਬੰਧ ਵਿੱਚ 17 ਫ਼ਰਵਰੀ ਤੱਕ ਪੂਰੀ ਜਾਣਕਾਰੀ ਅਦਾਲਤ ਵਿੱਚ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਮਾਮਲਾ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਵਿਰੁੱਧ ਦਰਜ ਮਾਮਲਿਆਂ ਦੀ ਪਾਰਦਰਸ਼ਤਾ ਨਾਲ ਸਬੰਧਤ ਹੈ। ਹਾਈ ਕੋਰਟ ਦੇ ਇਸ ਹੁਕਮ ਤੋਂ ਬਾਅਦ, ਪ੍ਰਸ਼ਾਸਨ ਨੂੰ ਹੁਣ ਤੱਕ ਦੀਆਂ ਸਾਰੀਆਂ ਐਫ.ਆਈ.ਆਰਜ਼. ਅਤੇ ਹੋਰ ਸਬੰਧਿਤ ਦਸਤਾਵੇਜ਼ ਅਦਾਲਤ ਵਿੱਚ ਪੇਸ਼ ਕਰਨੇ ਪੈਣਗੇ।

ਅੰਮ੍ਰਿਤਪਾਲ ਨੂੰ ਅਪ੍ਰੈਲ 2023 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

ਅੰਮ੍ਰਿਤਪਾਲ ਸਿੰਘ ਨੂੰ ਪੁਲਿਸ ਨੇ ਅਪ੍ਰੈਲ 2023 ਵਿੱਚ ਗ੍ਰਿਫ਼ਤਾਰ ਕੀਤਾ ਸੀ। ਉਦੋਂ ਤੋਂ, ਉਸਨੂੰ ਅਤੇ ਉਸਦੇ ਕੁਝ ਸਾਥੀਆਂ ਨੂੰ ਰਾਸ਼ਟਰੀ ਸੁਰੱਖਿਆ ਐਕਟ ਦੇ ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਦੇ ਸਮਰਥਕਾਂ ਅਤੇ ਕਈ ਸੰਗਠਨਾਂ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਸਵਾਲ ਖੜ੍ਹੇ ਕੀਤੇ ਹਨ।

**ਯੂ.ਏ.ਪੀ.ਏ. ਤਹਿਤ ਮਾਮਲਾ ਦਰਜ**

ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਵਿਦੇਸ਼ੀ ਗੈਂਗਸਟਰ ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ 'ਤੇ ਵੀ ਯੂ.ਏ.ਪੀ.ਏ. (ਗੈਰਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ) ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਫ਼ਰੀਦਕੋਟ ਜ਼ਿਲ੍ਹਾ ਪੁਲਿਸ ਵੱਲੋਂ ਇਹ ਕਾਰਵਾਈ ਸੰਪਰਦਾਇਕ ਸੰਗਠਨਾਂ ਨਾਲ ਜੁੜੇ ਨੌਜਵਾਨ ਗੁਰਪ੍ਰੀਤ ਸਿੰਘ ਹਰੀਨੌਂ ਦੇ ਕਤਲ ਦੇ ਮਾਮਲੇ ਵਿੱਚ ਕੀਤੀ ਗਈ ਹੈ। ਦਰਅਸਲ, ਡੀ.ਜੀ.ਪੀ. ਗੌਰਵ ਯਾਦਵ ਨੇ ਗੁਰਪ੍ਰੀਤ ਦੇ ਕਤਲ ਤੋਂ ਬਾਅਦ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਦਾਅਵਾ ਕੀਤਾ ਸੀ ਕਿ ਜਾਂਚ ਦੌਰਾਨ ਅਜਿਹੇ ਸਬੂਤ ਮਿਲੇ ਹਨ ਜੋ ਕਤਲ ਦੀ ਸਾਜ਼ਿਸ਼ ਵਿੱਚ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਭੂਮਿਕਾ ਨੂੰ ਦਰਸਾਉਂਦੇ ਹਨ। ਉਨ੍ਹਾਂ ਕਿਹਾ ਸੀ ਕਿ ਜਾਂਚ ਦੌਰਾਨ ਦਰਜ ਕੀਤੇ ਗਏ ਕੁਝ



ਬਿਆਨਾਂ ਮੁਤਾਬਕ ਇਹ ਕਤਲ ਅੰਮ੍ਰਿਤਪਾਲ ਸਿੰਘ ਦੇ ਇਸ਼ਾਰੇ 'ਤੇ ਕੀਤਾ ਗਿਆ ਸੀ।

ਐਸ.ਆਈ.ਟੀ. ਨੇ ਫ਼ਰੀਦਕੋਟ ਅਦਾਲਤ ਨੂੰ ਇਸ ਮਾਮਲੇ ਵਿੱਚ ਯੂ.ਏ.ਪੀ.ਏ.. ਜੋੜਨ ਬਾਰੇ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਸੀ।

ਪੰਥਕ ਸੰਗਠਨਾਂ ਅਤੇ ਵਾਰਿਸ ਪੰਜਾਬ ਸੰਸਥਾ ਦੇ ਸਾਬਕਾ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਹਰੀਨੌਂ ਦੀ ਪਿਛਲੇ ਸਾਲ 9 ਅਕਤੂਬਰ ਨੂੰ ਉਨ੍ਹਾਂ ਦੇ ਪਿੰਡ ਵਿੱਚ ਬਾਈਕ ਸਵਾਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਅਦਾਕਾਰ ਦੀਪ ਸਿੱਧੂ ਦੀ ਮੌਤ ਤੋਂ ਬਾਅਦ, ਵਾਰਿਸ ਪੰਜਾਬ ਸੰਸਥਾ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਸੰਸਥਾ ਦਾ ਚਾਰਜ ਸੰਭਾਲਿਆ, ਜਿਸ ਤੋਂ ਬਾਅਦ ਵਿੱਤ ਸਕੱਤਰ ਗੁਰਪ੍ਰੀਤ ਸਿੰਘ ਹਰੀਨੌਂ ਨੇ ਸੰਸਥਾ ਛੱਡ ਦਿੱਤੀ ਸੀ। 36 ਸਾਲ ਦੇ ਨੌਜਵਾਨ ਗੁਰਪ੍ਰੀਤ ਸਿੰਘ ਦੇ ਪਿਤਾ ਹਾਕਮ ਸਿੰਘ ਛੋਟੇ ਕਿਸਾਨ ਹਨ। ਉਨ੍ਹਾਂ ਕੋਲ 2 ਕਿੱਲੇ ਜ਼ਮੀਨ ਹੈ ਜਿਥੇ ਉਹ ਖੇਤੀਬਾੜੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ। ਗੁਰਪ੍ਰੀਤ ਸਿੰਘ ਦੀ ਮਾਤਾ ਰਵਿੰਦਰ ਕੌਰ ਘਰੇਲੂ ਸੁਆਣੀ ਹੈ। ਪਰਿਵਾਰ ਵਿੱਚ ਗੁਰਪ੍ਰੀਤ ਤੋਂ ਇਲਾਵਾ ਉਨ੍ਹਾਂ ਦੀ ਛੋਟੀ ਭੈਣ ਹਰਪ੍ਰੀਤ ਕੌਰ, ਪਤਨੀ ਅਤੇ ਕਰੀਬ 9 ਸਾਲ ਦਾ ਛੋਟਾ ਬੱਚਾ ਹੈ। ਗੁਰਪ੍ਰੀਤ ਗੁਰਸਿੱਖ ਨੌਜਵਾਨ ਸੀ।

ਕੁਝ ਸਾਲ ਪਹਿਲਾਂ ਉਸ ਨੇ ਅੰਮ੍ਰਿਤ ਛੱਕ ਦੇ ਪੰਥਕ ਹਲਕਿਆਂ ਵਿੱਚ ਆਪਣੀ ਸਰਗਰਮੀ ਵਧਾ ਦਿੱਤੀ ਸੀ। ਪਿੰਡ ਦੇ ਲੋਕਾਂ ਮੁਤਾਬਕ ਉਹ ਚੰਗੇ ਸੁਭਾਅ ਦਾ ਮਾਲਕ ਸੀ। ਜਿੱਥੇ ਪੰਥ ਦੀ ਗੱਲ ਹੁੰਦੀ ਉਥੇ ਉਹ ਮੋਹਰੀ ਰਹਿੰਦਾ ਸੀ।

ਬਹਿਬਲ ਕਲਾਂ ਇਨਸਾਫ਼ ਮੋਰਚੇ ਵਿੱਚ ਵੀ ਉਹ ਮਰਹੂਮ ਕਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਨਾਲ ਲਗਾਤਾਰ ਮੋਰਚੇ ਵਿੱਚ ਸ਼ਾਮਿਲ ਰਿਹਾ ਸੀ।

### ਭਾਈ ਅੰਮ੍ਰਿਤਪਾਲ ਸਿੰਘ ਕੌਣ ਹਨ ?

ਭਾਈ ਅੰਮ੍ਰਿਤਪਾਲ ਸਿੰਘ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਹਨ, ਉਹ ਸਿੱਖਾਂ ਲਈ ਖੁਦਮੁਖਤਿਆਰ ਰਾਜ (ਖ਼ਾਲਿਸਤਾਨ) ਦੀ ਪ੍ਰਾਪਤੀ ਨੂੰ ਆਪਣਾ ਨਿਸ਼ਾਨਾ ਦੱਸਦੇ ਰਹੇ ਹਨ। ਪਰ ਹੁਣ ਉਸਦੀ ਜਥੇਬੰਦੀ ਸੰਵਿਧਾਨ ਅਨੁਸਾਰ ਜਮਹੂਰੀ ਰਾਹਾਂ ਉਪਰ ਵਿਚਰਨ ਲਗੀ ਹੈ। ਕਈ ਸਾਲ ਦੁਬਈ ਰਹਿਣ ਤੋਂ ਬਾਅਦ ਪਿਛਲੇ ਸਾਲ ਅਗਸਤ ਮਹੀਨੇ ਪੰਜਾਬ ਵਿੱਚ ਵਾਪਸ ਆਏ ਅਤੇ ਉਨ੍ਹਾਂ ਅੰਮ੍ਰਿਤ ਸੰਚਾਰ ਅਤੇ ਨਸ਼ਾ ਛਡਾਓ ਲਹਿਰ ਦੇ ਨਾਂ ਉੱਤੇ ਨੌਜਵਾਨਾਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕੀਤਾ ਸੀ। ਪਰ ਉਹ ਆਪਣੇ ਗਰਮਸੁਰ ਵਾਲੇ ਭਾਸ਼ਣਾਂ ਅਤੇ ਗੁਰਦੁਆਰਿਆਂ ਵਿਚਲੇ ਬੈਂਚ ਸਾੜਨ ਤੇ ਅਜਨਾਲਾ ਥਾਣੇ ਅੱਗੇ ਹੋਈ ਹਿੰਸਾ ਕਾਰਨ ਵਿਵਾਦਾਂ ਵਿੱਚ ਆ ਗਏ ਸਨ। 23 ਅਪ੍ਰੈਲ 2023 ਨੂੰ ਤੜਕੇ ਪੁਲਿਸ ਵੱਲੋਂ ਉਨ੍ਹਾਂ ਪਿੰਡ ਰੋਡੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਉਨ੍ਹਾਂ ਉੱਤੇ ਐੱਨ.ਐੱਸ.ਏ. ਲੱਗਿਆ ਹੋਇਆ ਹੈ ਅਤੇ ਉਹ ਅਜੇ ਵੀ ਜੇਲ੍ਹ ਵਿੱਚ ਹਨ।ਇਸ ਵਿਚਾਲੇ 9 ਅਕਤੂਬਰ 2024 ਨੂੰ ਗੁਰਪ੍ਰੀਤ ਸਿੰਘ ਹਰੀਨੌਂ ਦੇ ਕਤਲ ਵਿੱਚ ਵੀ ਅੰਮ੍ਰਿਤਪਾਲ ਸਿੰਘ ਦਾ ਨਾਮ ਆਇਆ ਹੈ ਅਤੇ ਇਸ ਮਾਮਲੇ ਵਿੱਚ ਉਨ੍ਹਾਂ 'ਤੇ ਯੂ.ਏ.ਪੀ.ਏ. ਲਗਾਇਆ ਗਿਆ ਹੈ।


# ਪੰਜਾਬ ਤੋਂ ਬਾਹਰ ਦੀਆਂ ਜੇਲ੍ਹਾਂ 'ਚੋਂ 46 ਗੈਂਗਸਟਰ ਵਾਪਸ ਲਿਆਵੇਗੀ ਪੰਜਾਬ ਪੁਲਿਸ

## ਗੁਜਰਾਤ, ਰਾਜਸਥਾਨ, ਹਰਿਆਣਾ, ਉੱਤਰਾਖੰਡ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਨੇ ਇਹ ਗੈਂਗਸਟਰ


ਪੰਜਾਬ ਪੁਲਿਸ ਸੂਬੇ ਤੋਂ ਬਾਹਰ ਦੀਆਂ ਜੇਲ੍ਹਾਂ ਵਿੱਚ ਬੰਦ 46 ਗੈਂਗਸਟਰਾਂ ਨੂੰ ਵਾਪਸ ਲਿਆਉਣ ਦੀ ਤਿਆਰੀ ਕਰ ਰਹੀ ਹੈ। ਇਹ ਗੈਂਗਸਟਰ ਇਸ ਸਮੇਂ ਗੁਜਰਾਤ, ਰਾਜਸਥਾਨ, ਹਰਿਆਣਾ, ਉੱਤਰਾਖੰਡ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਪੰਜਾਬ ਵਿੱਚ ਹਿੰਸਾ ਅਤੇ ਜਬਰੀ ਵਸੂਲੀ ਦੇ ਜੁਰਮਾਂ ਲਈ ਲੋੜੀਂਦੇ ਗੈਂਗਸਟਰਾਂ ਨੂੰ ਵਾਪਸ ਲਿਆਉਣ ਦੇ ਉਪਰਾਲੇ ਵਜੋਂ, ਜਿਨ੍ਹਾਂ ਨੂੰ ਦੂਜੇ ਰਾਜਾਂ ਦੀਆਂ ਜੇਲ੍ਹਾਂ ਵਿੱਚ ਰਿਮਾਂਡ 'ਤੇ ਲਿਆ ਗਿਆ ਹੈ, ਪੰਜਾਬ ਪੁਲਿਸ ਨੇ ਅਜਿਹੇ 46 ਅਪਰਾਧੀਆਂ ਦੀ ਪਛਾਣ ਕਰਕੇ ਉਨ੍ਹਾਂ ਦੀ ਹਿਰਾਸਤ ਵਿੱਚ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਸੀਨੀਅਰ ਪੁਲਿਸ ਅਧਿਕਾਰੀਆਂ ਅਨੁਸਾਰ ਇਹ ਸਾਰੇ ਦੋਸ਼ੀ ਕਤਲ ਅਤੇ ਜਬਰਨ ਵਸੂਲੀ ਵਰਗੇ ਮਾਮਲਿਆਂ ਵਿੱਚ ਸ਼ਾਮਲ ਹਨ। ਉਨ੍ਹਾਂ ਨੂੰ ਵਾਪਸ ਲਿਆਉਣ ਦੀ ਪ੍ਰਕਿਰਿਆ ਜਾਰੀ ਹੈ। ਉਨ੍ਹਾਂ ਨੂੰ ਦੂਜੇ ਰਾਜਾਂ ਦੀਆਂ ਜੇਲ੍ਹਾਂ ਨੇ ਰਿਮਾਂਡ 'ਤੇ ਲਿਆ ਸੀ। ਲਾਰੰਸ ਬਿਸ਼ਨੋਈ ਜੇਲ੍ਹਾਂ ਵਿੱਚੋਂ ਆਪਣਾ ਸਿੰਡੀਕੇਟ ਚਲਾ ਰਿਹਾ ਹੈ।

ਪੁਲਿਸ ਕੋਲ ਜੇਲ੍ਹਾਂ ਤੋਂ ਅਪਰਾਧਾਂ ਵਿੱਚ ਅਜਿਹੇ ਗੈਂਗਸਟਰਾਂ ਦੀ ਸ਼ਮੂਲੀਅਤ ਦੇ ਸਬੂਤ ਹਨ। ਇਸ ਲਈ ਸਾਰੇ ਰਾਜਾਂ ਨਾਲ ਸੰਪਰਕ ਕੀਤਾ ਜਾ







ਰਿਹਾ ਹੈ। ਇਸ ਦੇ ਨਾਲ ਹੀ, ਇਨ੍ਹਾਂ ਰਾਜਾਂ ਦੀਆਂ ਅਦਾਲਤਾਂ ਵਿੱਚ ਜਾਣ ਲਈ ਇੱਕ ਡੋਜ਼ੀਅਰ ਤਿਆਰ ਕੀਤਾ ਜਾ ਰਿਹਾ ਹੈ। ਜ਼ਿਆਦਾਤਰ ਗੈਂਗਸਟਰ ਗੁਜਰਾਤ, ਰਾਜਸਥਾਨ, ਹਰਿਆਣਾ ਅਤੇ ਉੱਤਰਾਖੰਡ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਪੰਜਾਬ ਪੁਲਿਸ ਅਨੁਸਾਰ ਉਹ ਖਾੜਕੂਆਂ ਦੇ ਮਦਦਗਾਰ ਵੀ ਬਣ ਰਹੇ ਹਨ।ਵਿਦੇਸ਼ਾਂ ਵਿੱਚ ਲੁਕੇ ਗੈਂਗਸਟਰ ਵੀ ਭਾਰਤ ਲਿਆਂਦੇ ਜਾਣਗੇ

ਪੰਜਾਬ ਪੁਲਿਸ ਹੁਣ ਵਿਦੇਸ਼ਾਂ ਤੋਂ ਅਪਰਾਧੀਆਂ ਨੂੰ ਭਾਰਤ ਲਿਆ ਰਹੀ ਹੈ। ਕੁਝ ਦਿਨ ਪਹਿਲਾਂ ਹੀ, ਯੂਥ ਅਕਾਲੀ ਆਗੂ ਵਿਕਰਮਜੀਤ ਸਿੰਘ ਉਰਫ਼ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਰਣਨੀਤੀ ਵਿੱਚ ਸ਼ਾਮਲ ਸ਼ਗਨਪ੍ਰੀਤ ਸਿੰਘ ਸਮੇਤ ਪੰਜ ਮੁਲਜ਼ਮ ਇਸ ਸਮੇਂ ਵਿਦੇਸ਼ ਵਿੱਚ ਹਨ। ਆਪਣੇ ਹੁਕਮ ਵਿੱਚ, ਅਦਾਲਤ ਨੇ ਪੰਜਾਬ ਪੁਲਿਸ ਨੂੰ ਉਕਤ ਲੋਕਾਂ ਬਾਰੇ ਪਤਾ ਲਗਾਉਣ ਅਤੇ ਉਨ੍ਹਾਂ ਦੀ ਹਵਾਲਗੀ ਲਈ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਪਹਿਲਾਂ, ਨਾਭਾ ਜੇਲ੍ਹ ਬ੍ਰੇਕ ਮਾਮਲੇ ਦੇ ਦੋਸ਼ੀ ਰਮਨਜੀਤ ਸਿੰਘ ਰੋਮੀ ਨੂੰ ਪਿਛਲੇ ਸਾਲ ਅਗਸਤ ਵਿੱਚ ਹਵਾਲਗੀ ਦਿੱਤੀ ਗਈ ਸੀ। ਕੁੱਲ 22 ਗੈਂਗਸਟਰ ਲਾਰੈਂਸ ਬਿਸ਼ਨੋਈ-ਗੋਲਡੀ ਬਰਾੜ ਗੈਂਗ ਦੇ, 10 ਦਵਿੰਦਰ ਬੰਬੀਹਾ-ਲੱਕੀ ਪਟਿਆਲਾ ਗੈਂਗ ਦੇ, ਅੱਠ ਹਰਵਿੰਦਰ ਰਿੰਦਾ-ਲਖਬੀਰ ਲੰਡਾ ਗੈਂਗ ਦੇ, ਚਾਰ ਜੱਗੂ ਭਗਵਾਨਪੁਰੀਆ ਗੈਂਗ ਅਤੇ ਦੋ ਹੈਰੀ ਚੱਠਾ ਗੈਂਗ ਦੇ ਹਨ। ਇਹ ਗੈਂਗਸਟਰ ਇਸ ਸਮੇਂ ਗੁਜਰਾਤ, ਰਾਜਸਥਾਨ, ਹਰਿਆਣਾ, ਉੱਤਰਾਖੰਡ ਅਤੇ ਦਿੱਲੀ ਦੀਆਂ ਜੇਲ੍ਹਾਂ ਵਿੱਚ ਬੰਦ ਹਨ।

(ਬਾਕੀ ਸਫ਼ਾ 31 'ਤੇ)

# 32 ਸਾਲ ਪਹਿਲਾਂ ਹੋਏ ਝੂਠੇ ਪੁਲਿਸ ਮੁਕਾਬਲੇ ਦੇ ਮਾਮਲੇ 'ਚ ਐਸ.ਐਚ.ਓ. ਤੇ ਐਸ.ਆਈ. ਨੂੰ ਉਮਰ ਕੈਦ

ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼: ਪੰਜਾਬ ਸੰਤਾਪ ਦੌਰਾਨ ਘਰ ਬੈਠੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਤਰੱਕੀ ਦੇ ਲੋਭੀ ਪੁਲਿਸ ਮੁਲਾਜ਼ਮਾਂ ਵਲੋਂ ਖਾੜਕੂ ਕਰਾਰ ਦੇ ਕੇ ਫ਼ਰਜ਼ੀ ਪੁਲਿਸ ਮੁਕਾਬਲੇ ਦਿਖਾ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ ।ਇਸੇ ਤਰ੍ਹਾਂ ਦਾ ਹੀ ਇਕ ਮਾਮਲਾ ਮੋਹਾਲੀ ਦੀ ਇੱਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਸਾਹਮਣੇ ਆਇਆ। ਬਲਦੇਵ ਸਿੰਘ ਦੇਬਾ ਅਤੇ ਕੁਲਵੰਤ ਸਿੰਘ ਦੇ ਫ਼ਰਜ਼ੀ ਮੁਕਾਬਲੇ ਦੇ ਮਾਮਲੇ ਵਿੱਚ ਦੋ ਸਾਬਕਾ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ, ਜੋ ਕਿ 32 ਸਾਲ ਪਹਿਲਾਂ 1992 ਵਿੱਚ ਅੰਮ੍ਰਿਤਸਰ ਵਿੱਚ ਹੋਇਆ ਸੀ ।32 ਸਾਲ ਪਹਿਲਾਂ ਬਲਦੇਵ ਸਿੰਘ ਦੇਬਾ ਵਾਸੀ ਪਿੰਡ ਬਾਸਰਕੇ ਭੈਣੀ ਨੂੰ ਐਸ. ਆਈ. ਮਹਿੰਦਰ ਸਿੰਘ ਅਤੇ ਹਰਭਜਨ ਸਿੰਘ ਐੱਸ. ਐੱਚ. ਓ. ਥਾਣਾ ਛੇਹਰਟਾ ਦੀ ਅਗਵਾਈ ਵਾਲੀ ਇੱਕ ਟੀਮ ਨੇ ਉਸ ਦੇ ਘਰੋਂ ਹਿਰਾਸਤ ਵਿੱਚ ਲਿਆ ਸੀ ।ਇਸੇ ਤਰ੍ਹਾਂ ਲਖਵਿੰਦਰ ਸਿੰਘ ਲੱਖਾ ਵਾਸੀ ਪਿੰਡ





ਸੁਲਤਾਨਵਿੰਡ ਨੂੰ ਵੀ 12 ਸਤੰਬਰ 1992 ਨੂੰ ਅੰਮਿਜ਼ਸਰ ਦੇ ਪ੍ਰੀਤ ਨਗਰ ਸਥਿਤ ਉਸ ਦੇ ਕਿਰਾਏ ਦੇ ਘਰ ਤੋਂ ਐੱਸ. ਆਈ. ਗੁਰਭਿੰਦਰ ਸਿੰਘ ਦੀ ਅਗਵਾਈ ਵਾਲੀ ਇੱਕ ਟੀਮ ਨੇ ਗ਼ੈਰਕਾਨੂੰਨੀ ਤਰੀਕੇ ਨਾਲ ਗ੍ਰਿਫ਼ਤਾਰ ਕੀਤਾ ਸੀ ਅਤੇ ਦੋਵਾਂ ਨੂੰ ਉਸ ਸਮੇਂ ਦੇ ਮੰਤਰੀ ਦੇ ਪੁੱਤਰ ਦੇ ਕੇਸ ਵਿੱਚ ਝੂਠਾ ਫ਼ਸਾ ਕੇ ਤੇ ਫ਼ਰਜ਼ੀ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ ਸੀ। ਪੰਜਾਬ ਪੁਲਿਸ ਵੱਲੋਂ ਲਾਵਾਰਿਸ ਲਾਸ਼ਾਂ ਦੇ ਵੱਡੇ ਪੱਧਰ 'ਤੇ ਸਸਕਾਰ ਸੰਬੰਧੀ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ 1995 ਵਿੱਚ ਸੀ.ਬੀ.ਆਈ. ਨੇ ਜਾਂਚ ਆਪਣੇ ਹੱਥਾਂ ਵਿੱਚ ਲੈ ਲਈ ਸੀ। ਸੀ. ਬੀ. ਆਈ. ਵੱਲੋਂ ਮਾਮਲੇ ਦੀ ਜਾਂਚ ਕਰ ਕੇ ਦਾਖ਼ਲ ਕੀਤੀ ਗਈ ਚਾਰਜਸ਼ੀਟ ਵਿੱਚ 9 ਪੁਲਿਸ ਮੁਲਾਜ਼ਮਾਂ ਨੂੰ ਮੁਲਜ਼ਮ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚੋਂ 5 ਪੁਲਿਸ ਮੁਲਾਜ਼ਮਾਂ (ਹਰਭਜਨ ਸਿੰਘ, ਮਹਿੰਦਰ ਸਿੰਘ, ਪੁਰਸ਼ੋਤਮ ਲਾਲ, ਮੋਹਨ ਸਿੰਘ ਅਤੇ ਜੱਸਾ ਸਿੰਘ) ਦੀ ਮੌਤ ਹੋ ਚੁੱਕੀ ਹੈ। ਜਦਕਿ 2 ਮੁਲਜ਼ਮਾਂ ਇੰਸਪੈਕਟਰ ਚਮਨ ਲਾਲ ਅਤੇ ਡੀ.ਐਸ.ਪੀ. ਐਸ.ਐਸ. ਸਿੱਧੂ ਨੂੰ ਸ਼ੱਕ ਦਾ ਲਾਭ ਦਿੰਦੇ ਹੋਏ ਬਰੀ ਕਰ ਦਿੱਤਾ ਗਿਆ ਸੀ । ਹਾਲਾਂਕਿ, ਫ਼ਰਜ਼ੀ ਮੁਕਾਬਲੇ ਦੇ ਸਮੇਂ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਦੋਵੇਂ ਕੱਟੜ ਖਾੜਕੂ ਸਨ ਜਿਨ੍ਹਾਂ 'ਤੇ ਇਨਾਮ ਦਾ ਐਲਾਨ ਕੀਤਾ ਗਿਆ ਸੀ। ਹਾਲਾਂਕਿ, ਅਸਲ ਵਿੱਚ ਉਨ੍ਹਾਂ ਵਿੱਚੋਂ ਇੱਕ ਫ਼ੌਜ ਦਾ ਜਵਾਨ ਸੀ ਅਤੇ ਦੂਜਾ 16 ਸਾਲ ਦਾ ਨਾਬਾਲਗ ਸੀ। ਇਸ ਮਾਮਲੇ ਵਿਚ ਕੁੱਲ 19 ਵਿਅਕਤੀਆਂ ਦੇ ਬਿਆਨ ਗਵਾਹ ਵਜੋਂ ਕਲਮਬੰਦ ਕੀਤੇ ਗਏ ਸਨ। ਬੀਤੇ ਦਿਨੀਂ ਸੀ. ਬੀ. ਆਈ. ਅਦਾਲਤ ਨੇ ਤਤਕਾਲੀ ਐਸ. ਐਚ. ਓ ਪੁਰਸ਼ੋਤਮ ਸਿੰਘ ਅਤੇ ਤਤਕਾਲੀ ਐਸ. ਆਈ. ਗੁਰਭਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ, ਜਿਨ੍ਹਾਂ ਨੂੰ ਹੁਣੇ ਜਿਹੇ ਸੀ. ਬੀ. ਆਈ. ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ ਸਮੇਤ 2 ਲੱਖ ਰੁ. ਜੁਰਮਾਨੇ ਦੀ ਸਜ਼ਾ ਸੁਣਾਈ ਗਈ। (ਬਾਕੀ ਸਫ਼ਾ 31 'ਤੇ)

### ਪਰਿਵਾਰ ਨੇ ਕਿਹਾ ਕਿ ਇਨਸਾਫ਼ ਅਧੂਰਾ




ਬਲਦੇਵ ਸਿੰਘ ਦੀ ਭੈਣ ਨੇ ਦੱਸਿਆ ਕਿ ਅਸੀਂ ਬਹੁਤ ਯਤਨ ਕੀਤੇ ਪਰ ਸਾਨੂੰ ਤਾਂ ਇਨ੍ਹਾਂ ਨੇ ਲਾਸ਼ ਵੀ ਨਹੀਂ ਦਿੱਤੀ। ਇਨ੍ਹਾਂ ਨੂੰ ਸਜ਼ਾ ਤਾਂ ਹੋ ਗਈ ਪਰ ਇਹਨਾਂ ਦੇ ਸਾਥੀਆਂ ਨੂੰ ਵੀ ਸਜ਼ਾ ਹੋਣੀ ਚਾਹੀਦੀ ਸੀ, ਜਿਨ੍ਹਾਂ ਉਸ ਨੂੰ ਘਰੋਂ ਚੁੱਕ ਕੇ ਲਿਆਂਦਾ। ਇਹ ਵਿਅਕਤੀ ਉਹਨਾਂ ਦੇ ਪੁੱਤਰ ਨੂੰ ਛੱਤ ਤੋਂ ਉਤਾਰ ਲੈ ਕੇ ਗਏ ਸਨ, ਕਹਿੰਦੇ ਸਨ ਕਿ ਅਸੀਂ ਕਿਸੇ ਦਾ ਘਰ ਹੀ ਪੁੱਛਣਾ ਹੈ, ਅੱਧੇ ਘੰਟੇ ਤੱਕ ਛੱਡ ਦਿਆਂਗੇ। ਉਸ ਨੂੰ ਕੁੱਟਦੇ-ਮਾਰਦੇ ਰਹੇ ਅਤੇ 8 ਦਿਨ ਜੇਲ੍ਹ ਵਿੱਚ ਰੱਖਿਆ ਤੇ ਐਨਕਾਊਂਟਰ ਬਣਾ ਦਿੱਤਾ। ਉਸ ਵੇਲੇ ਉਹ 25 ਸਾਲ ਦਾ ਸੀ। ਸਾਡਾ ਤਾਂ ਘਰ ਉੱਜੜ ਗਿਆ। ਅਸੀਂ ਤਿੰਨ ਭੈਣਾਂ ਤੇ ਸਾਡਾ ਇੱਕੋ-ਇੱਕ ਵੀਰ ਸੀ। ਇੱਕ ਸਾਲ ਉਸ ਦੇ ਵਿਆਹ ਨੂੰ ਹੋਇਆ ਸੀ ਪਰ ਫ਼ਿਰ ਉਸ ਦੀ ਪਤਨੀ ਵੀ ਚਲੀ ਗਈ। ਲਖਵਿੰਦਰ ਸਿੰਘ ਦੇ ਭਰਾ ਨੇ ਦੱਸਿਆ ਕਿ ਉਸ ਵੇਲੇ ਉਨ੍ਹਾਂ ਦੇ ਭਰਾ ਦੀ ਉਮਰ 15-16 ਸਾਲ ਦੀ ਉਮਰ ਸੀ। ਉਨ੍ਹਾਂ ਨੇ ਕਿਹਾ ਕਿ ਘਰੋਂ ਹੀ ਚੁੱਕ ਕੇ ਲੈ ਗਏ ਸਨ। ਸਾਨੂੰ ਤਾਂ ਕੁਝ ਵੀ ਪਤਾ ਨਹੀਂ ਲੱਗਾ, ਨਾ ਲਾਸ਼ ਸਾਨੂੰ ਦਿੱਤੀ। ਸਾਨੂੰ ਅਖ਼ਬਾਰ ਤੋਂ ਪਤਾ ਲੱਗਾ ਸੀ। ਸਾਰਿਆਂ ਨੂੰ ਬਰਾਬਰ ਦੀ ਸਜ਼ਾ ਮਿਲਣੀ ਚਾਹੀਦੀ ਸੀ। ਸਾਨੂੰ ਪੂਰਾ ਇਨਸਾਫ਼ ਨਹੀਂ ਮਿਲਿਆ। (ਬਾਕੀ ਸਫ਼ਾ 31 'ਤੇ)

# ਜੈਕਾਰਿਆਂ ਦੀ ਗੂੰਜ ਨਾਲ ਸਮਾਪਤ ਹੋਏ ਦਸਮੇਸ਼ ਵਿਆਹ ਪੁਰਬ ਸਮਾਗਮ

## ਹਿਮਾਚਲ ਦੇ ਗੁਰੂ ਕਾ ਲਾਹੌਰ ਸਥਿਤ ਗੁਰਦੁਆਰਾ ਅਨੰਦਕਾਰਜ 'ਚ ਵੱਡੀ ਗਿਣਤੀ ਸੰਗਤ ਨਤਮਸਤਕ



ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਗੁਰੂ ਕਾ ਲਾਹੌਰ 'ਚ ਸੰਗਤ ਵੱਲੋਂ ਮਨਾਏ ਜਾ ਰਹੇ ਦਸਮੇਸ਼ ਵਿਆਹ ਪੁਰਬ ਦੇ ਦੋ ਰੋਜ਼ਾ ਸਮਾਗਮ ਜੈਕਾਰਿਆਂ ਦੀ ਗੂੰਜ ਨਾਲ ਸਮਾਪਤ ਹੋ ਗਏ। ਇਸ ਮੌਕੇ ਗੁਰਦੁਆਰਾ ਅਨੰਦਕਾਰਜ ਸਾਹਿਬ ਗੁਰੂ ਕਾ ਲਾਹੌਰ ਵਿੱਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਸਜਾਏ ਦੀਵਾਨ ਵਿੱਚ ਵੱਖ-ਵੱਖ ਰਾਗੀ ਅਤੇ ਢਾਡੀ ਜਥਿਆਂ ਨੇ ਹਾਜ਼ਰੀ ਭਰੀ। ਸਮਾਗਮਾਂ ਦੀ ਸਮਾਪਤੀ ਕਿਲਾ ਅਨੰਦਗੜ੍ਹ ਸਾਹਿਬ ਦੇ ਮੁੱਖ ਪ੍ਰਬੰਧਕ ਬਾਬਾ ਸੁੱਚਾ ਸਿੰਘ ਵੱਲੋਂ ਅਰਦਾਸ ਕਰ ਕੇ ਕੀਤੀ ਗਈ। ਇਸ ਮੌਕੇ ਉਨ੍ਹਾਂ ਸੰਗਤ ਨੂੰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਦੇ ਵਿਆਹ ਪੁਰਬ ਦੀ ਮੁਬਾਰਕਬਾਦ ਦਿੱਤੀ ਅਤੇ ਲੋਕਾਂ ਨੂੰ ਗੁਰੂ ਚਰਨਾਂ ਨਾਲ ਜੁੜਨ ਦੀ ਅਪੀਲ ਕੀਤੀ।

ਇਸ ਦੌਰਾਨ ਕਿਲ੍ਹਾ ਅਨੰਦਗੜ੍ਹ ਸਾਹਿਬ ਵੱਲੋਂ ਵੱਖ-ਵੱਖ ਪ੍ਰਕਾਰ ਦੀਆਂ ਦੇਸੀ ਘਿਓ ਦੀਆਂ ਮਠਿਆਈਆਂ ਦੇ ਲੰਗਰ ਲਾਏ ਗਏ। ਇਸ ਮੌਕੇ ਇਲਾਕੇ ਦੇ ਪਿੰਡਾਂ ਦੇ ਲੋਕਾਂ ਵੱਲੋਂ ਵੀ ਸੰਗਤ ਲਈ ਲੰਗਰ ਲਾਏ ਗਏ।

**ਪ੍ਰਸ਼ਾਸਨ ਦੇ ਪ੍ਰਬੰਧਾਂ ਤੋਂ ਸੰਗਤ ਵਿੱਚ ਰੋਸ**

ਗੁਰੂ ਕਾ ਲਾਹੌਰ 'ਚ ਦਸਮੇਸ਼ ਵਿਆਹ ਪੁਰਬ ਸਮਾਗਮ ਲਈ ਸੰਗਤ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਪਰ ਸਥਾਨਕ ਪ੍ਰਸ਼ਾਸਨ ਇੱਥੇ ਢੁਕਵੇਂ ਪ੍ਰਬੰਧ ਕਰਨ ਵਿੱਚ ਨਾਕਾਮਯਾਬ ਰਿਹਾ। ਗੁਰੂ ਕਾ ਲਾਹੌਰ ਜ਼ਿਲ੍ਹਾ ਬਿਲਾਸਪੁਰ ਹਿਮਾਚਲ ਪ੍ਰਦੇਸ਼ ਵਿੱਚ ਪੈਂਦਾ ਹੈ। ਲੋਕਾਂ ਵੱਲੋਂ ਲਾਏ ਲੰਗਰ 'ਤੇ ਹੀ ਪਾਣੀ ਆਦਿ ਦਾ ਪ੍ਰਬੰਧ ਕੀਤਾ ਗਿਆ ਸੀ। ਪ੍ਰਸ਼ਾਸਨ ਦੇ ਪ੍ਰਬੰਧਾਂ ਦੀ ਘਾਟ ਖ਼ਿਲਾਫ਼ ਇੱਥੇ ਪਹੁੰਚਣ ਵਾਲੀ ਸੰਗਤ ਵਿੱਚ ਜ਼ਿਲ੍ਹਾ ਬਿਲਾਸਪੁਰ ਪ੍ਰਸ਼ਾਸਨ ਵਿਰੁੱਧ ਰੋਸ ਦੇਖਣ ਨੂੰ ਮਿਲਿਆ। ਲੋਕਾਂ ਨੇ ਕਿਹਾ ਕਿ ਇੱਥੋਂ ਦੀਆਂ ਸੜਕਾਂ ਦੀ ਮੁੜ ਉਸਾਰੀ ਤਾਂ ਦੂਰ ਦੀ ਗੱਲ ਪ੍ਰਸ਼ਾਸਨ ਨੇ ਟੁੱਟੀਆਂ ਸੜਕਾਂ 'ਤੇ ਪੈਚਵਰਕ ਵੀ ਨਹੀਂ ਕਰਵਾਇਆ। ਇਸ ਸਥਾਨ 'ਤੇ ਪਾਣੀ ਦੀ ਘਾਟ ਹੋਣ ਕਾਰਨ ਸੰਗਤ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਇੱਥੇ ਆਵਾਜਾਈ ਦੇ ਪੁਖ਼ਤਾ ਇੰਤਜ਼ਾਮ ਨਾ ਹੋਣ ਵਾਹਨਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ ਲੱਗ ਗਈਆਂ।

# ਗਿ. ਹਰਪ੍ਰੀਤ ਸਿੰਘ ਮਾਮਲੇ 'ਚ ਜਾਂਚ ਕਮੇਟੀ ਨੂੰ ਦਿੱਤਾ ਇੱਕ ਮਹੀਨੇ ਦਾ ਹੋਰ ਸਮਾਂ

## ਸੇਵਾਵਾਂ 'ਤੇ ਵੀ ਇੱਕ ਮਹੀਨੇ ਦੀ ਰੋਕ ਵਧੀ



ਅੰਮ੍ਰਿਤਸਰ/ਏ.ਟੀ.ਨਿਊਜ਼: ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਿੰਨ ਮੈਂਬਰੀ ਜਾਂਚ ਕਮੇਟੀ ਨੂੰ ਜਾਂਚ ਲਈ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਗਿਆ ਹੈ। ਬੀਤੇ ਸਾਲ 19 ਦਸੰਬਰ ਨੂੰ ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਹੰਗਾਮੀ ਇਕੱਤਰਤਾ ਸੱਦ ਕੇ ਗਿਆਨੀ ਹਰਪ੍ਰੀਤ ਸਿੰਘ 'ਤੇ ਗੁਰਪ੍ਰੀਤ ਸਿੰਘ ਵੱਲੋਂ ਲਗਾਏ ਗਏ ਦੋਸ਼ਾਂ ਦੀ ਪੜਤਾਲ ਲਈ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਤੇ ਅੰਤ੍ਰਿੰਗ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ ਨੂੰ ਸ਼ਾਮਲ ਕੀਤਾ ਸੀ। ਇਸ ਕਮੇਟੀ ਨੂੰ ਜਾਂਚ ਲਈ 15 ਦਿਨ ਦਾ ਸਮਾਂ ਦਿੱਤਾ ਸੀ ਜਦਕਿ ਕਮੇਟੀ ਦੀ ਮੰਗ ਤੇ ਅੰਤ੍ਰਿੰਗ ਕਮੇਟੀ ਨੇ 31 ਦਸੰਬਰ ਦੀ ਇਕੱਤਰਤਾ ਵਿੱਚ ਇੱਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਸੀ। ਹੁਣ ਕਮੇਟੀ ਵੱਲੋਂ ਦੁਬਾਰਾ ਮੰਗ ਕਰਨ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਾਂਚ ਲਈ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਹੈ। ਜਿੱਥੇ ਜਾਂਚ ਲਈ ਮਹੀਨੇ ਦੇ ਸਮੇਂ ਦਾ ਵਾਧਾ ਕੀਤਾ ਕੀਤਾ ਗਿਆ ਹੈ, ਉੱਥੇ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ 'ਤੇ ਵੀ

(ਬਾਕੀ ਸਫ਼ਾ 31 'ਤੇ)

# ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ 'ਚ ਉਤਰੀ ਸੁਨਹਿਰੀ ਕਿਸ਼ਤੀ



ਅੰਮ੍ਰਿਤਸਰ/ਏ.ਟੀ.ਨਿਊਜ਼: ਕੈਨੇਡਾ ਨਿਵਾਸੀ ਐਨ.ਆਰ.ਆਈ. ਸ਼ਰਧਾਲੂ ਗੁਰਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਸਰੋਵਰ ਦੇ ਜਲ ਦੀ ਸਮੇਂ-ਸਮੇਂ 'ਤੇ ਸਫਾਈ ਲਈ ਸੁਨਹਿਰੀ ਰੰਗ ਦੀ ਕਿਸ਼ਤੀ ਦਾਨ ਕੀਤੀ ਹੈ। ਅਰਦਾਸ ਤੋਂ ਬਾਅਦ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਦੇ ਜੈਕਾਰਿਆਂ ਦੀ ਗੂੰਜ ਵਿੱਚ ਕਿਸ਼ਤੀ ਨੂੰ ਸਰੋਵਰ ਵਿੱਚ ਉਤਾਰ ਦਿੱਤਾ।

ਇਸ ਕਿਸ਼ਤੀ ਦਾ ਭਾਰ ਲਗਭਗ 250 ਤੋਂ 300 ਕਿਲੋਗ੍ਰਾਮ ਹੈ ਅਤੇ ਇਹ ਸੁਨਹਿਰੀ ਰੰਗ ਦੇ ਪਿੱਤਲ ਨਾਲ ਢੱਕੀ ਹੋਈ ਹੈ। ਇਸ ਦੇ ਨਾਲ ਹੀ, ਸ਼ਰਧਾਲੂ ਗੁਰਜੀਤ ਸਿੰਘ ਨੇ ਸੁਨਹਿਰੀ ਰੰਗ ਦੀ ਕਿਸ਼ਤੀ ਦੇ ਨਾਲ ਚੱਪੂ ਵੀ ਸਫਾਈ ਲਈ ਦਾਨ ਕੀਤੇ ਹਨ।


ਕਿਸ਼ਤੀ ਸੇਵਾ ਪ੍ਰਦਾਨ ਕਰਨ ਵਾਲੇ ਸ਼ਰਧਾਲੂ ਪਰਿਵਾਰ ਦੇ ਇੱਕ ਹੋਰ ਮੈਂਬਰ ਮਨਦੀਪ ਸਿੰਘ ਬਟਾਲਾ ਨੇ ਕਿਹਾ ਕਿ ਕੈਨੇਡਾ ਵਿੱਚ ਰਹਿੰਦੇ ਉਨ੍ਹਾਂ ਦੇ ਭਰਾ ਗੁਰਜੀਤ ਸਿੰਘ ਅਤੇ ਹੋਰ ਰਿਸ਼ਤੇਦਾਰ ਚਾਹੁੰਦੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਲੱਕੜ ਦੀ ਬਜਾਏ ਸੁਨਹਿਰੀ ਰੰਗ ਦੀ ਕਿਸ਼ਤੀ ਹੋਵੇ।

ਇਸ ਲਈ, ਪਰਿਵਾਰ ਵੱਲੋਂ ਸ਼ਰਧਾ ਨਾਲ ਪਿੱਤਲ ਦੀ ਇੱਕ ਕਿਸ਼ਤੀ ਤਿਆਰ ਕੀਤੀ ਗਈ ਹੈ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੈਨੇਜਰ ਰਾਜਿੰਦਰ ਸਿੰਘ ਰੂਬੀ, ਮਾਤਾ ਮਲਕੀਤ ਕੌਰ ਆਦਿ ਵੀ ਮੌਜੂਦ ਸਨ।

# ਵਿਸਾਖੀ ਤੋਂ ਪਹਿਲਾਂ ਨਹੀਂ ਹੋਣਗੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ

## * ਸ਼੍ਰੋਮਣੀ ਕਮੇਟੀ ਵੋਟਾਂ ਲਈ 10 ਮਾਰਚ ਤੱਕ ਲਏ ਜਾਣਗੇ ਇਤਰਾਜ਼ * 16 ਅਪ੍ਰੈਲ ਨੂੰ ਹੋਵੇਗੀ ਵੋਟਰ ਲਿਸਟ ਦੀ ਪ੍ਰਕਾਸ਼ਨਾ

ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਸਾਖੀ ਤੋਂ ਪਹਿਲਾਂ ਨਹੀਂ ਹੋਣਗੀਆਂ। ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਨੇ ਪੰਜਾਬ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਲਈ ਇਤਰਾਜ਼ ਪ੍ਰਾਪਤ ਕਰਨ ਦੀ ਤਰੀਕ ਵਿੱਚ 10 ਮਾਰਚ ਤੱਕ ਦਾ ਵਾਧਾ ਕਰ ਦਿੱਤਾ ਹੈ। ਹੁਣ ਅੰਤਿਮ ਵੋਟਰ ਲਿਸਟ ਦੀ ਪ੍ਰਕਾਸ਼ਨਾ 16 ਅਪ੍ਰੈਲ ਨੂੰ ਹੋਵੇਗੀ। ਸਪਸ਼ਟ ਹੈ ਕਿ 16 ਅਪ੍ਰੈਲ ਤੱਕ ਵੋਟਾਂ ਟਲ ਗਈਆਂ ਹਨ, ਭਵਿੱਖ ਵਿੱਚ ਵੋਟਾਂ ਕਦੋਂ ਹੋਣਗੀਆਂ, ਇਸਨੂੰ ਲੈ ਕੇ ਵੀ ਦੁਬਿਧਾ ਬਰਕਰਾਰ ਹੈ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੁਖਬੀਰ ਸਿੰਘ ਬਾਦਲ, ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੇ ਆਧਾਰਤ ਵਫ਼ਦ ਨੇ ਪਿਛਲੇ ਦਿਨੀਂ ਗੁਰਦੁਅਰਾ ਚੋਣ ਕਮਿਸ਼ਨਰ ਐੱਸ.ਐੱਸ. ਸਾਰੋ ਨਾਲ ਮੁਲਾਕਾਤ ਕਰਕੇ ਸੂਬੇ ਵਿੱਚ ਵੱਡੇ ਪੱਧਰ 'ਤੇ ਫਰਜ਼ੀ ਵੋਟਾਂ ਬਣਾਉਣ ਦਾ ਦੋਸ਼ ਲਾਇਆ ਸੀ। ਅਕਾਲੀ ਦਲ ਨੇ ਦੋਸ਼ ਲਾਇਆ ਸੀ ਕਿ ਸੂਬੇ ਵਿੱਚ ਉਨ੍ਹਾਂ ਲੋਕਾਂ ਦੀਆਂ ਵੀ ਵੋਟਾਂ ਬਣਾ ਦਿੱਤੀਆਂ ਜਿਹੜੇ ਸਿੱਖ ਧਰਮ ਤੋਂ ਕੋਹਾਂ ਦੂਰ ਹਨ ਅਤੇ ਸਿੱਖ ਰਹਿਤ ਮਰਿਆਦਾ ਨੂੰ ਵੀ ਨਹੀਂ ਮੰਨਦੇ। ਗੁਰਦੁਆਰਾ ਚੋਣ ਕਮਿਸ਼ਨਰ ਨੇ ਅਕਾਲੀ ਦਲ ਦੇ ਵਫ਼ਦ ਨੂੰ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ ਸੀ। ਇਸ ਤਰ੍ਹਾਂ ਕਮਿਸ਼ਨਰ ਨੇ 10 ਮਾਰਚ ਤੱਕ ਇਤਰਾਜ਼ ਲੈਣ ਦੀ ਤਾਰੀਖ ਵਿੱਚ ਵਾਧਾ ਕਰ ਦਿੱਤਾ ਹੈ।

ਇੱਥੇ ਦੱਸਿਆ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ 2011 ਵਿੱਚ ਹੋਈਆਂ ਸਨ, ਉਸਤੋਂ ਬਾਅਦ ਚੋਣਾਂ ਲਟਕਦੀਆਂ ਆ ਰਹੀਆਂ ਹਨ। ਇੱਥੇ ਦੱਸਿਆਂ ਜਾਂਦਾ ਹੈ ਕਿ ਚੋਣਾਂ ਲਟਕਣ ਦੇ ਪਿੱਛੇ ਸਹਿਜਧਾਰੀ ਵੋਟਾਂ ਦੇ ਅਧਿਕਾਰ ਨੂੰ ਲੈ ਕੇ ਮਾਮਲਾ ਸੁਪਰੀਮ ਕੋਰਟ ਤੱਕ ਪੁੱਜ ਗਿਆ ਸੀ। ਜਿਸ ਕਰਕੇ ਜਨਰਲ ਚੋਣਾਂ ਨਹੀਂ ਹੋ ਸਕੀਆਂ।

ਹੁਣ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਵੋਟਾਂ ਬਣਾਈਆਂ ਜਾ ਰਹੀਆਂ ਹਨ। ਮਿਲੀ ਜਾਣਕਾਰੀ ਅਨੁਸਾਰ ਸੂਬੇ ਵਿੱਚ 50 ਲੱਖ ਦੇ ਕਰੀਬ ਵੋਟਾਂ ਬਣੀਆਂ ਹਨ। ਨਿਯਮਾਂ ਅਨੁਸਾਰ ਸਿੱਖਾਂ, ਜਿਹੜੇ ਕੇਸਾਂ ਦੀ ਬੇਅਦਬੀ ਨਹੀਂ ਕਰਦੇ ਉਨ੍ਹਾਂ ਦੀਆਂ ਹੀ ਵੋਟਾਂ ਬਣ ਸਕਦੀਆਂ ਹਨ। ਇਹ ਪਹਿਲੀ ਵਾਰ ਹੈ ਕਿ ਵੋਟ ਬਣਾਉਣ ਲਈ ਫੋਟੋਆਂ ਅਤੇ ਅਧਾਰ ਕਾਰਡ ਦੀ ਫੋਟੋ ਕਾਪੀ ਵੀ ਲਈ ਜਾ ਰਹੀ ਹੈ। ਇਸਦੇ ਬਾਵਜੂਦ ਗੈਰ ਸਿੱਖਾਂ ਯਾਨੀ ਜਾਅਲੀ ਵੋਟਾਂ ਬਣਨ ਦੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ।

ਵਰਨਣਯੋਗ ਹੈ ਕਿ ਪਹਿਲਾਂ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ 3 ਜਨਵਰੀ ਨੂੰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਉਪਰੰਤ ਇਸ ਸੂਚੀ 'ਤੇ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਆਖਰੀ ਮਿਤੀ 24 ਜਨਵਰੀ ਨਿਰਧਾਰਤ ਕੀਤੀ ਸੀ।

# ਨਾਨਕਸ਼ਾਹੀ ਕੈਲੰਡਰ ਦੇ ਖ਼ਾਤਮੇ ਬਾਬਤ ਜਥੇਦਾਰ ਭੌਰ ਨੇ ਬਿਆਨ ਕੀਤੀ ਸੱਚਾਈ

## ਮੱਕੜ ਤੇ ਧੁੰਮੇ ਨੇ ਨਹੀਂ ਦਿੱਤੀ ਸੀ ਕੋਈ ਰਿਪੋਰਟ , ਉੱਪਰੋਂ ਹੁਕਮ ਆਏ ਸੀ ਕੈਲੰਡਰ ਰੱਦ ਕਰਨ ਦੇ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੱਖ- ਵੱਖ ਵਕਾਰੀ ਅਹੁਦਿਆਂ ਉੱਤੇ ਰਹੇ ਸੀਨੀਅਰ ਪੰਥਕ ਆਗੂ ਸ. ਸੁਖਦੇਵ ਸਿੰਘ ਭੌਰ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਉਤੇ ਇਹ ਖੁਲਾਸਾ ਕੀਤਾ ਹੈ ਕਿ ਪਾਲ ਸਿੰਘ ਪੁਰੇਵਾਲ ਵਾਲੇ ਨਾਨਕਸ਼ਾਹੀ ਕੈਲੰਡਰ ਦਾ ਖ਼ਾਤਮਾ ਕਿਵੇਂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪੰਥ ਦੀ ਅੱਡਰੀ ਹਸਤੀ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਬਹੁਤ ਸੋਚ ਵਿਚਾਰ ਤੋਂ ਬਾਅਦ ਸ੍ਰ. ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤਾ ਗਿਆ ਸੀ ਜਿਸ ਨੂੰ 300 ਸਾਲਾ ਖ਼ਾਲਸਾ ਸਿਰਜਣਾ ਦਿਵਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਤੋਂ ਜਾਰੀ ਕੀਤਾ ਜਾਣਾ ਸੀ ਪਰ ਉਸ ਸਮੇਂ ਦੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਰਣਜੀਤ ਸਿੰਘ ਨੇ ਕੈਲੰਡਰ ਦੀਆਂ ਕੁੱਝ ਖਾਮੀਆਂ ਸਾਹਮਣੇ ਲਿਆਂਦੀਆਂ ਜਿਸ ਕਾਰਨ ਜਥੇਦਾਰ ਟੌਹੜਾ ਨੇ ਛਪੇ ਹੋਏ ਕੈਲੰਡਰ ਅਤੇ ਡਾਇਰੀਆਂ ਰੋਕ ਲਈਆਂ ਅਤੇ ਵਧੇਰੇ ਵਿਚਾਰ ਲਈ ਪੈਂਡਿੰਗ ਕਰ ਦਿੱਤਾ ਗਿਆ।

2003 ਵਿੱਚ ਸੋਧਾਂ ਸਮੇਤ ਨਵਾਂ ਕੈਲੰਡਰ ਜ਼ਾਰੀ ਕੀਤਾ ਗਿਆ ਜਿਸ ਨੂੰ ਸਮੁੱਚੇ ਖ਼ਾਲਸਾ ਪੰਥ ਨੇ ਪ੍ਰਵਾਨ ਵੀ ਕਰ ਲਿਆ। ਕੇਂਦਰੀ ਸਰਕਾਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੇ ਸਾਰੇ ਦਿਹਾੜੇ ਇਸੇ ਅਨੁਸਾਰ ਮਨਾਉਣੇ ਸ਼ੁਰੂ ਕਰ ਦਿੱਤੇ ਪਰ ਕੁੱਝ ਡੇਰਾਵਾਦੀ ਸੋਚ ਰੱਖਣ ਵਾਲੇ ਸੰਤਾਂ ਅਤੇ ਆਰ ਐੱਸ ਐੱਸ ਨੂੰ ਇਹ ਪ੍ਰਵਾਨ ਨਹੀਂ ਸੀ, ਉਨ੍ਹਾਂ ਇਸ ਦਾ ਵਿਰੋਧ ਵੱਖ ਵੱਖ ਢੰਗਾਂ ਨਾਲ ਜਾਰੀ ਰੱਖਿਆ। ਆਰ ਐੱਸ ਐੱਸ ਅਤੇ ਡੇਰਾਵਾਦੀ ਸੋਚ ਦੇ ਲੋਕਾਂ ਨੇ ਸ਼ਰੇਆਮ ਨਾਨਕਸ਼ਾਹੀ ਕੈਲੰਡਰ ਦੀ ਵਿਰੋਧਤਾ ਵਿੱਚ ਬਿਆਨ ਵੀ ਜਾਰੀ ਕੀਤੇ ਪਰ ਇਹ ਕੈਲੰਡਰ 2010 ਤੱਕ ਸਫਲਤਾ ਨਾਲ ਲਾਗੂ ਰਿਹਾ।



ਉਨ੍ਹਾਂ ਬਾਦਲ ਦਲ ਦੀ ਲੀਡਰਸ਼ਿਪ ਨੂੰ ਨਾਨਕਸ਼ਾਹੀ ਕੈਲੰਡਰ ਦਾ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ 2010 ਵਿੱਚ ਅਕਾਲੀ ਲੀਡਰਸ਼ਿਪ ਨੇ ਇਸ ਦਾ ਭੋਗ ਪਾਉਣ ਦਾ ਮਨ ਬਣਾ ਲਿਆ, ਉਸ ਵੇਲੇ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਰਾਹੀਂ ਅਕਾਲ ਤਖਤ ਸਾਹਿਬ ਦੀ ਦੁਰਵਰਤੋਂ ਕਰਦਿਆਂ ਇੱਕ ਦੋ ਮੈਂਬਰੀ ਕਮੇਟੀ, ਜਿਸ ਵਿੱਚ ਭਾਈ ਹਰਨਾਮ ਸਿੰਘ ਮੁਖੀ ਦਮਦਮੀ ਟਕਸਾਲ ਅਤੇ ਉਸ ਵੇਲੇ ਦੇ ਪ੍ਰਧਾਨ ਸ਼੍ਰੋਮਣੀ ਕਮੇਟੀ ਅਵਤਾਰ ਸਿੰਘ ਮੱਕੜ 'ਤੇ ਆਧਾਰਿਤ ਇੱਕ ਕਮੇਟੀ ਬਣਾਈ ਗਈ ਜਿਸ ਦੀ ਰਿਪੋਰਟ 'ਤੇ ਵਿਚਾਰ ਕਰਨ ਲਈ ਅੰਤ੍ਰਿੰਗ ਕਮੇਟੀ ਦੀ ਵਿਸ਼ੇਸ਼ ਮੀਟਿੰਗ ਬੁਲਾਈ ਗਈ। ਮੀਟਿੰਗ ਤੋਂ ਪਹਿਲਾਂ ਅਕਾਲੀ ਦਲ ਦੀ ਲੀਡਰਸ਼ਿਪ ਨੇ ਸਾਰੇ ਮੈਂਬਰਾਂ ਨੂੰ ਖੁਦ ਫੋਨ ਕਰ ਕੇ ਕਿਹਾ ਕਿ ਇਹ ਕੈਲੰਡਰ ਖਤਮ ਕਰਨ ਵਿੱਚ ਆਪਣਾ ਯੋਗਦਾਨ ਪਾਉਣਾ ਹੈ, ਕੇਵਲ ਅਸੀਂ ਤਿੰਨ ਮੈਂਬਰ ਸਾਂ ਜਿਸ ਵਿੱਚ ਦਾਸ, ਕਰਨੈਲ ਸਿੰਘ ਪੰਜੋਲੀ ਅਤੇ ਬੀਬੀ ਰਵਿੰਦਰ ਕੌਰ ਹਰਿਆਣਾ, ਜਿਨ੍ਹਾਂ ਨੇ ਇਸ ਕੋਹਝੀ ਚਾਲ ਦਾ ਲਿਖਤੀ ਵਿਰੋਧ ਕੀਤਾ ।

ਉਨ੍ਹਾਂ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਬਾਰੇ ਕੋਈ ਰਿਪੋਰਟ ਪੇਸ਼ ਹੀ ਨਹੀਂ ਕੀਤੀ ਗਈ ਸੀ ਬਾਅਦ ਵਿੱਚ ਖਾਨਾਪੂਰਤੀ ਲਈ ਇੱਕ ਫਰਜ਼ੀ ਜਿਹੀ

(ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕੀ ਕੇਂਦਰ ਦੀ ਨਵੀਂ ਨੀਤੀ ਵਿਦਿਆਰਥੀਆਂ ਦੇ ਪਰਵਾਸ ਨੂੰ ਪਾ ਸਕੇਗੀ ਠੱਲ੍ਹ ?

ਭਾਰਤ ਦੀ ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਸੰਸਦ ਵਿੱਚ ਬਜਟ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਭਾਰਤ ਦੇ ਵਿਦਿਆਰਥੀਆਂ ਨੂੰ ਹੁਣ ਉਹਨਾਂ ਦੇ ਘਰਾਂ ਦੇ ਨੇੜੇ ਹੀ ਉੱਚ ਪੱਧਰੀ ਮਿਆਰੀ ਸਿੱਖਿਆ ਮਿਲੇਗੀ, ਜਿਸ ਕਾਰਨ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਇੱਕ ਰਾਜ ਤੋਂ ਦੂਜੇ ਰਾਜ ਜਾਂ ਵਿਦੇਸ਼ ਨਹੀਂ ਜਾਣਾ ਪਵੇਗਾ ਪਰ ਹਰ ਦਿਨ ਵਿਦਿਆਰਥੀਆਂ ਦੇ ਨਵੀਂ ਦਿੱਲੀ ਦੇ ਏਅਰਪੋਰਟ ਤੋਂ ਵਿਦੇਸ਼ਾਂ ਨੂੰ ਭਰ ਕੇ ਜਾਂਦੇ ਹਵਾਈ ਜਹਾਜ਼ ਆਪਣੀ ਕਹਾਣੀ ਆਪ ਕਹਿ ਰਹੇ ਹਨ। ਇਸ ਤੋਂ ਇਲਾਵਾ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਦਾ ਉਚੇਰੀ ਪੜ੍ਹਾਈ ਲਈ ਸ਼ਹਿਰੀ ਖੇਤਰਾਂ ਵਿੱਚ ਆਉਣਾ ਲਗਾਤਾਰ ਜਾਰੀ ਹੈ ਕਿਉਂਕਿ ਪੇਂਡੂ ਖੇਤਰਾਂ ਵਿੱਚ ਉੱਚ ਪੱਧਰੀ ਮਿਆਰੀ ਸਿੱਖਿਆ ਸੰਸਥਾਵਾਂ ਦੀ ਘਾਟ ਅਜੇ ਵੀ ਹੈ।

ਕੇਂਦਰ ਸਰਕਾਰ ਵੱਲੋਂ ਬਜਟ ਵਿੱਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ (ਯੂ.ਜੀ.ਸੀ.) ਨੂੰ 3,335 ਕਰੋੜ ਰੁਪਏ ਦਾ ਬਜਟ ਦਿੱਤਾ ਗਿਆ ਹੈ, ਜਦੋਂ ਕਿ ਪਿਛਲੇ ਸਾਲ ਯੂ.ਜੀ.ਸੀ. ਨੂੰ 2500 ਕਰੋੜ ਰੁਪਏ ਦਿਤੇ ਗਏ ਸਨ। ਇਸ ਤਰ੍ਹਾਂ ਯੂ.ਜੀ.ਸੀ. ਦਾ ਬਜਟ 33 ਫ਼ੀਸਦੀ ਤੋਂ ਵੱਧ ਵਧਿਆ ਹੈ। ਸਿੱਖਿਆ ਮਾਹਿਰ ਕਹਿ ਰਹੇ ਹਨ ਕਿ ਜਿਸ ਤਰ੍ਹਾਂ ਯੂ.ਜੀ.ਸੀ. ਸਮੇਤ ਪ੍ਰਧਾਨ ਮੰਤਰੀ ਉੱਚ ਪੱਧਰੀ ਸਿੱਖਿਆ ਮੁਹਿੰਮ ਦੇ ਬਜਟ ਵਿੱਚ ਵਾਧਾ ਕੀਤਾ ਗਿਆ ਹੈ ਉਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਭਾਰਤ ਵਿੱਚ ਆਉਣ ਵਾਲੇ ਦਿਨਾਂ ਦੌਰਾਨ ਉੱਚ ਸਿੱਖਿਆ ਦਾ ਢਾਂਚਾ ਹੋਰ ਮਜਬੂਤ ਹੋਵੇਗਾ। ਖਾਸ ਕਰਕੇ ਉੱਚ ਸਿੱਖਿਆ ਲਈ ਦੂਜੇ ਦੇਸ਼ਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਹੋ ਜਾਵੇਗੀ। ਸਿੱਖਿਆ ਮਾਹਿਰ ਕਹਿੰਦੇ ਹਨ ਕਿ ਭਾਰਤ ਵਿੱਚ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਦੀ ਘਾਟ ਕਾਰਨ ਵਿਦਿਆਰਥੀਆਂ ਨੂੰ ਉਚੇਰੀ ਸਿਖਿਆ ਲਈ ਇੱਕ ਜ਼ਿਲ੍ਹੇ ਤੋਂ ਦੂਜੇ ਜ਼ਿਲ੍ਹੇ ਜਾਂ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਜਾਣਾ ਪੈਂਦਾ ਹੈ। ਇਸ ਤੋਂ ਇਲਾਵਾ ਉਚੇਰੀ ਸਿੱਖਿਆ ਲਈ ਵੱਡੀ ਗਿਣਤੀ ਭਾਰਤੀ ਵਿਦਿਆਰਥੀ ਵਿਦੇਸ਼ ਚਲੇ ਜਾਂਦੇ ਹਨ। ਇਸ ਤਰ੍ਹਾਂ ਘਰ ਤੋਂ ਦੂਰ ਜਾ ਕੇ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਵੀ ਹੁੰਦੀ ਹੈ, ਉਹਨਾਂ ਦੇ ਖਰਚੇ ਵੀ ਵੱਧ ਜਾਂਦੇ ਹਨ ਅਤੇ ਉੱਚ ਸਿੱਖਿਆ ਸੰਸਥਾਵਾਂ 'ਤੇ ਵਿਦਿਆਰਥੀਆਂ ਦਾ ਬੋਝ ਵੀ ਪੈ ਜਾਂਦਾ ਹੈ ਕਿਉਂਕਿ ਇਹਨਾਂ ਸੰਸਥਾਂਵਾਂ ਵਿੱਚ ਅਕਸਰ ਸਮਰਥਾ ਤੋਂ ਜਿਆਦਾ ਵਿਦਿਆਰਥੀ ਦਾਖਲੇ ਲੈਣ ਲਈ ਆ ਜਾਂਦੇ ਹਨ। ਇਹ ਭਾਰਤ ਦੇ ਸਿਰਫ਼ ਇੱਕ ਰਾਜ ਦੀ ਗੱਲ ਨਹੀਂ ਹੈ ਬਲਕਿ ਭਾਰਤ ਦੇ ਸਾਰੇ ਰਾਜਾਂ ਵਿੱਚ ਹੀ ਅਜਿਹਾ ਹੋ ਰਿਹਾ ਹੈ ਜਿਹਨਾਂ ਵਿੱਚ ਪੰਜਾਬ ਵੀ ਸ਼ਾਮਲ ਹੈ। ਭਾਵੇਂ ਕਿ ਪੰਜਾਬ ਵਿੱਚ ਹਰ ਇਲਾਕੇ ਵਿੱਚ ਹੀ ਕਾਲਜ ਖੁੱਲ੍ਹੇ ਹੋਏ ਹਨ ਪਰ ਉਚੇਰੀ ਸਿੱਖਿਆ ਲਈ ਉਚ ਪੱਧਰੀ ਮਿਆਰੀ ਸਿੱਖਿਆ ਸੰਸਥਾਵਾਂ ਦੀ ਅਜੇ ਵੀ ਘਾਟ ਹੈ। ਇਸੇ ਕਾਰਨ ਪੰਜਾਬ ਦੇ ਵੱਡੀ ਗਿਣਤੀ ਵਿਦਿਆਰਥੀ ਵੀ ਉਚੇਰੀ ਸਿੱਖਿਆ ਲਈ ਵਿਦੇਸ਼ ਜਾ ਰਹੇ ਹਨ।

ਸਮਾਜ ਦੇ ਹਰ ਵਰਗ ਵਿੱਚ ਇਸ ਸਮੇਂ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦਾ ਰੁਝਾਨ ਪੈਦਾ ਹੋ ਗਿਆ ਹੈ। ਅਮੀਰ ਵਰਗ ਦੇ ਨਾਲ ਹੀ ਮੱਧ ਵਰਗ ਅਤੇ ਗਰੀਬ ਵਰਗ ਵੀ ਆਪਣੇ ਬੱਚਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦਾ ਯਤਨ ਕਰ ਰਹੇ ਹਨ ਤਾਂ ਕਿ ਚੰਗੀ ਪੜ੍ਹਾਈ ਕਰਕੇ ਇਹ ਬੱਚੇ ਸਹੀ ਤਰੀਕੇ ਨਾਲ ਵਪਾਰ, ਨੌਕਰੀਆਂ ਅਤੇ ਹੋਰ ਕੰਮ ਕਰ ਸਕਣ। ਅੱਜ ਦੇ ਯੁੱਗ ਵਿੱਚ ਆਮਦਨੀ ਦੇ ਸੋਮੇ ਵਧਾਉਣ ਲਈ ਉਚੇਰੀ ਸਿੱਖਿਆ ਦਾ ਹੋਣਾ ਬਹੁਤ ਜਰੂਰੀ ਹੈ। ਪਰ ਉਚੇਰੀ ਸਿੱਖਿਆ ਮਹਿੰਗੀ ਹੋਣ ਅਤੇ ਉਚ ਸਿਖਿਆ ਸੰਸਥਾਵਾਂ ਘੱਟ ਹੋਣ ਕਾਰਨ ਵਿਦਿਆਰਥੀਆਂ ਨੂੰ ਅਨੇਕਾਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਕਾਰਨ ਹੀ ਵਿਦਿਆਰਥੀਆਂ ਦੇ ਮਾਪੇ ਆਪਣੀਆਂ ਜ਼ਮੀਨਾਂ ਵੇਚ ਕੇ ਜਾਂ ਕਰਜ਼ੇ ਲੈ ਕੇ ਉਹਨਾਂ ਨੂੰ ਉਚੇਰੀ ਸਿੱਖਿਆ ਲਈ ਵਿਦੇਸ਼ ਭੇਜ ਰਹੇ ਹਨ।


ਕੁਝ ਸਿੱਖਿਆ ਮਾਹਿਰ ਕਹਿ ਰਹੇ ਹਨ ਕਿ ਭਾਰਤੀ ਵਿਦਿਆਰਥੀਆਂ ਵਿੱਚ ਵਿਦੇਸ਼ ਜਾ ਕੇ ਸਿੱਖਿਆ ਪ੍ਰਾਪਤ ਕਰਨਾ 'ਸਟੇਟਸ ਸਿੰਬਲ' ਬਣ ਗਿਆ ਹੈ। ਇੱਕ ਦੂਜੇ ਦੀ ਦੇਖਾਦੇਖੀ ਵੀ ਅਨੇਕਾਂ ਵਿਦਿਆਰਥੀ ਭਾਰਤ ਵਿੱਚ ਉਚ ਪੱਧਰ ਦੀ ਸਿੱਖਿਆ ਲੈਣ ਦੀ ਥਾਂ ਵਿਦੇਸ਼ ਜਾ ਰਹੇ ਹਨ। ਇਹਨਾਂ ਵਿਦਿਆਰਥੀਆਂ ਦਾ ਇੱਕੋ ਇੱਕ ਮਕਸਦ ਵਿਦੇਸ਼ਾਂ ਵਿੱਚ ਜਾ ਕੇ ਉਥੋਂ ਦੇ ਨਾਗਰਿਕ ਬਣਨਾ ਹੁੰਦਾ ਹੈ ਪਰ ਹੁਣ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਆਪਣੇ ਕਾਨੂੰਨ ਬਹੁਤ ਸਖ਼ਤ ਕਰ ਦਿੱਤੇ ਹਨ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਤਾਂ ਸਪਸ਼ਟ ਕਹਿ ਦਿੱਤਾ ਹੈ ਕਿ ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹਾਈ ਲਈ ਆਉਂਦੇ ਹਨ, ਉਹਨਾਂ ਨੂੰ ਅਮਰੀਕਾ ਦੀ ਨਾਗਰਿਕਤਾ ਨਹੀਂ ਦਿੱਤੀ ਜਾਵੇਗੀ ਸਗੋਂ ਉਹਨਾਂ ਦੀ ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਹਨਾਂ ਦੇ ਮੂਲ ਮੁਲਕਾਂ ਨੂੰ ਵਾਪਸ ਭੇਜ ਦਿੱਤਾ ਜਾਵੇਗਾ। ਇਸ ਦੇ ਬਾਵਜੂਦ ਭਾਰਤ ਦੇ ਵਿਦਿਆਰਥੀਆਂ ਦਾ ਵਿਦੇਸ਼ ਜਾਣ ਲਈ ਰੁਝਾਨ ਜਾਰੀ ਹੈ।

ਭਾਰਤੀ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨਾਲ ਵਿਦੇਸ਼ਾਂ ਨੂੰ ਤਾਂ ਆਰਥਿਕ ਫ਼ਾਇਦਾ ਹੁੰਦਾ ਹੈ ਅਤੇ ਉਥੋਂ ਦੀ ਆਰਥਿਕਤਾ ਮਜਬੂਤ ਹੁੰਦੀ ਹੈ, ਪਰ ਭਾਰਤ ਦਾ ਆਰਥਿਕ ਨੁਕਸਾਨ ਹੁੰਦਾ ਹੈ ਕਿਉਂਕਿ ਪੜ੍ਹਾਈ ਦੀਆਂ ਫ਼ੀਸਾਂ ਅਤੇ ਹੋਰ ਖਰਚਿਆਂ ਦੇ ਰੂਪ ਵਿੱਚ ਵਿਦਿਆਰਥੀਆਂ ਨੂੰ ਵਿਦੇਸ਼ ਵਿੱਚ ਬਹੁਤ ਪੈਸੇ ਦੇਣੇ ਪੈਂਦੇ ਹਨ। ਭਾਵੇਂ ਕਿ ਅਮਰੀਕਾ ਤੇ ਕੈਨੇਡਾ ਸਮੇਤ ਅਨੇਕਾਂ ਦੇਸ਼ਾਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ 'ਤੇ ਅਨੇਕਾਂ ਪਾਬੰਦੀਆਂ ਲਗਾ ਦਿੱਤੀਆਂ ਹਨ ਪਰ ਇਸ ਦੇ ਬਾਵਜੂਦ ਵਿਦਿਆਰਥੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵੱਧਦਾ ਜਾ ਰਿਹਾ ਹੈ। ਇਸ ਗੱਲ ਨੂੰ ਕੇਂਦਰ ਸਰਕਾਰ ਵੀ ਸਮਝਦੀ ਹੈ। ਇਸੇ ਕਰਕੇ ਹੀ ਕੇਂਦਰੀ ਬਜਟ ਵਿੱਚ ਯੂ.ਜੀ.ਸੀ. ਦੀ ਗਰਾਂਟ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਉਚ ਸਿੱਖਿਆ ਸੰਸਥਾਵਾਂ ਦੀ ਗਿਣਤੀ ਵਧਾਉਣ ਦਾ ਐਲਾਨ ਕੀਤਾ ਗਿਆ ਹੈ। ਕੇਂਦਰ ਸਰਕਾਰ ਚਾਹੁੰਦੀ ਹੈ ਕਿ ਵਿਦਿਆਰਥੀਆਂ ਨੂੰ ਘਰ ਦੇ ਨੇੜੇ ਹੀ ਬਿਹਤਰ ਉਚ ਸਿੱਖਿਆ ਮਿਲ ਸਕੇ ਤਾਂ ਕਿ ਵਿਦਿਆਰਥੀਆਂ ਨੂੰ ਉਚ ਸਿੱਖਿਆ ਪ੍ਰਾਪਤ ਕਰਨ ਲਈ ਦੂਜੇ ਜ਼ਿਲ੍ਹਿਆਂ, ਦੂਜੇ ਰਾਜਾਂ ਅਤੇ ਦੂਜੇ ਦੇਸ਼ਾਂ ਵਿੱਚ ਨਾ ਜਾਣਾ ਪਵੇ ਪਰ ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੇਂਦਰ ਸਰਕਾਰ ਦੇ ਇਸ ਕਦਮ ਨਾਲ ਭਾਰਤ ਤੋਂ ਵਿਦੇਸ਼ਾਂ ਨੂੰ ਹੋ ਰਹੇ ਵਿਦਿਆਰਥੀਆਂ ਦੇ ਪਰਵਾਸ ਨੂੰ ਕਿੰਨੀ ਕੁ ਠੱਲ ਪਵੇਗੀ ?

# ਜੇਕਰ ਪੰਜਾਬ ਇਕੱਠਾ ਰਹਿੰਦਾ ਤਾਂ ਹਿੰਦ ਮਹਾਦੀਪ ਵਿੱਚ ਹੋਣੀ ਸੀ ਪੰਜਾਬੀਆਂ ਦੀ ਅਹਿਮੀਅਤ

ਡਾ. ਗੁਲਾਮ ਮੁਸਤਫ਼ਾ ਡੋਗਰ

ਦੁਨੀਆਂ 'ਚ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਕਿੰਨੀ ਆਬਾਦੀ ਹੈ, ਇਸ ਸਵਾਲ ਦਾ ਕੋਈ ਪੱਕਾ ਜਵਾਬ ਆਮ ਤੌਰ 'ਤੇ ਨਹੀਂ ਮਿਲਦਾ। ਮੈਂ ਪੰਜਾਬੀਆਂ ਦੀ ਕੁਲ ਆਬਾਦੀ ਬਾਰੇ ਕਈ ਲੋਕਾਂ ਦੀਆਂ ਗੱਲਾਂ ਸੁਣਦਾ ਰਹਿੰਦਾ ਅਤੇ ਉਨ੍ਹਾਂ ਦੀਆਂ ਲਿਖਤਾਂ ਪੜ੍ਹਦਾ ਰਹਿੰਦਾ ਹਾਂ। ਅਸਲ ਵਿੱਚ ਇਹ ਮਸਲਾ 1947 ਦੀ ਵੰਡ ਤੋਂ ਬਾਅਦ ਪੈਦਾ ਹੋਇਆ ਹੈ। ਪਹਿਲਾਂ ਤਾਂ ਪੰਜਾਬ ਇਕੱਠਾ ਹੀ ਸੀ ਅਤੇ ਵੱਡੀ ਗਿਣਤੀ 'ਚ ਪੰਜਾਬੀ ਪੰਜਾਬ ਨੂੰ ਛੱਡ ਕੇ ਕਿਸੇ ਹੋਰ ਪਾਸੇ ਮੂੰਹ ਨਹੀਂ ਸਨ ਕਰਦੇ। ਉਂਝ ਵੀ ਪਹਿਲਾਂ ਇਸ ਤਰ੍ਹਾਂ ਦੀਆਂ ਕੋਈ ਸਹੂਲਤਾਂ ਵੀ ਨਹੀਂ ਸਨ, ਜੋ ਬਾਅਦ 'ਚ ਹੋਈਆਂ ਜਿਵੇਂ ਜਹਾਜ਼, ਰੇਲ, ਬੱਸ ਅਤੇ ਸੜਕਾਂ ਆਦਿ। ਪੰਜਾਬ ਦੇ ਕਿਸੇ ਪਾਸੇ ਵੀ ਸਿੱਧਾ-ਸਿੱਧਾ ਸਮੁੰਦਰ ਨਹੀਂ ਸੀ ਲੱਗਦਾ। ਸਮੁੰਦਰ ਇੱਥੋਂ ਦੂਰ ਦੱਖਣ ਵਾਲੇ ਪਾਸੇ ਹੈ। ਉਸ ਪਾਸੇ ਸਿੰਧ, ਬਲੋਚਸਤਾਨ ਤੇ ਰਾਜਸਥਾਨ ਦਾ ਇਲਾਕਾ ਲੱਗਦਾ ਹੈ। ਬਾਕੀ ਪਾਸਿਆਂ ਵੱਲ ਤਾਂ ਸਮੁੰਦਰ ਹੈ ਹੀ ਨਹੀਂ ਨਾ ਤਾਂ ਅਫ਼ਗਾਨਿਸਤਾਨ ਵੱਲ, ਨਾ ਚੀਨ ਵੱਲ, ਨਾ ਦਿੱਲੀ ਤੇ ਨਾ ਹੀ ਬਿਹਾਰ ਵੱਲ। ਪੰਜਾਬੀ ਉਂਝ ਵੀ ਆਪਣਾ ਘਰ-ਬਾਰ ਛੱਡ ਕੇ ਦੂਜੇ ਦੇਸ਼ਾਂ ਵੱਲ ਪਰਵਾਸ ਕਰਨ ਲਈ ਛੇਤੀ ਤਿਆਰ ਨਹੀਂ ਸਨ ਹੁੰਦੇ। ਇਨਸਾਨ ਉਸ ਵੇਲੇ ਹੀ ਘਰ-ਬਾਰ ਛੱਡ ਕੇ ਜਾਂਦਾ ਹੈ, ਜਦੋਂ ਭੁੱਖ ਤੋਂ ਬੇਜਾਰ ਹੋ ਜਾਂਦਾ ਹੈ, ਜਿਵੇਂ ਕਿ ਅੱਜਕੱਲ੍ਹ ਦੋਵਾਂ ਪੰਜਾਬਾਂ ਦੇ ਲੋਕ ਆਪਣਾ ਮੁਲਕ ਛੱਡ ਕੇ ਯੂਰਪ ਅਤੇ ਹੋਰ ਦੂਜੇ ਮੁਲਕਾਂ ਵੱਲ ਜਾ ਰਹੇ ਨੇ। ਪੰਜਾਬ 'ਚ ਜ਼ਮੀਨ ਚੰਗੀ ਤੇ ਜਰਖੇਜ਼ ਸੀ ਤੇ ਸਾਲ ਦੇ ਦਾਣੇ ਖਾਣ-ਪੀਣ ਵਾਸਤੇ ਆ ਜਾਂਦੇ ਸਨ। ਪੰਜਾਬ 'ਤੇ ਹਮਲਾ ਕਰਨ ਵਾਲੇ ਪਠਾਣ, ਮੁਗ਼ਲ, ਅਰਬ ਤੇ ਅਖ਼ੀਰ 'ਚ ਅੰਗਰੇਜ਼ ਭੁੱਖੇ ਮਰਦੇ ਹੋਏ ਹੀ ਆਪਣੇ ਇਲਾਕੇ ਛੱਡ ਕੇ ਇਸ ਮੁਲਕ 'ਤੇ ਹਮਲਾਵਰ ਹੋਏ। 1947 ਤੋਂ ਪਹਿਲਾਂ ਮਰਦਮਸ਼ੁਮਾਰੀਆਂ ਹੁੰਦੀਆਂ ਸਨ। ਪੰਜਾਬ ਦੀ ਵੰਡ ਤੋਂ ਬਾਅਦ ਅਸਲ ਮੁਸੀਬਤ ਖੜ੍ਹੀ ਹੋਈ, ਇੱਕ ਤਾਂ ਪੰਜਾਬ ਸ਼ੁਰੂ 'ਚ ਹੀ ਦੋ ਹਿੱਸਿਆਂ 'ਚ ਵੰਡਿਆ ਗਿਆ ਤੇ ਦੂਜਾ ਭਾਰਤੀ ਪੰਜਾਬ ਦੇ ਅੱਗੇ ਤਿੰਨ ਹਿੱਸੇ ਕਰ ਦਿੱਤੇ ਗਏ। ਦਿੱਲੀ ਤੇ ਇਸਲਾਮਾਬਾਦ ਜੋ ਕਦੇ ਪੰਜਾਬ ਦਾ ਹੀ ਹਿੱਸਾ ਹੁੰਦੇ ਸਨ, ਇਨ੍ਹਾਂ ਦੋਵਾਂ ਨੂੰ ਪੰਜਾਬ 'ਚੋਂ ਕੱਢ ਦਿੱਤਾ ਗਿਆ। 1947 ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੀਆਂ ਲੜਾਈਆਂ ਕਾਰਨ ਪੰਜਾਬ ਦੇ ਦੋਵੇਂ ਹਿੱਸਿਆਂ ਦਾ ਮੇਲ-ਮਿਲਾਪ ਜਾਂ ਰਾਬਤਾ ਨਹੀਂ ਰਿਹਾ। ਵੀਜ਼ੇ ਦੀਆਂ ਵੀ ਪਾਬੰਦੀਆਂ ਰਹੀਆਂ ਤੇ ਉਸ ਮਗਰੋਂ ਸਰਹੱਦ ਉੱਤੇ ਕੰਡਿਆਂ ਵਾਲੀ ਤਾਰ ਵੀ ਲੱਗ ਗਈ। ਹੁਣ ਤਮਾਮ ਪੰਜਾਬੀਆਂ ਦਾ ਇੰਟਰਨੈੱਟ ਦੀ ਵਜ੍ਹਾ ਨਾਲ ਆਪਸ 'ਚ ਰਾਬਤਾ ਹੋ ਗਿਆ ਹੈ। ਪੰਜਾਬੀਆਂ ਦੀ ਆਬਾਦੀ ਬਾਰੇ ਨੈੱਟ ਤੋਂ ਵੀ ਅੰਕੜੇ ਮਿਲ ਜਾਂਦੇ ਹਨ। ਪਰ ਪੰਜਾਬ ਦੇ ਲੋਕਾਂ ਦਾ ਆਪਸ ਵਿੱਚ ਮਿਲਵਰਤਨ ਹਾਲੇ ਵੀ ਬਹੁਤ ਥੋੜ੍ਹਾ ਹੈ। ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਲਹਿੰਦੇ ਪੰਜਾਬ ਵਿੱਚ ਵੱਸਦੇ ਪੰਜਾਬੀਆਂ ਦੀ ਆਬਾਦੀ ਦਾ ਕੋਈ ਬਹੁਤਾ ਇਲਮ ਨਹੀਂ ਹੁੰਦਾ। ਲਹਿੰਦੇ ਪੰਜਾਬ ਦੇ ਵਾਸੀ ਚੜ੍ਹਦੇ ਪੰਜਾਬ ਦੇ ਤਿੰਨ ਟੁਕੜਿਆਂ




ਵਿੱਚ ਵੰਡਣ ਦੀ ਵਜ੍ਹਾ ਨਾਲ ਭੰਬਲਭੂਸੇ ਵਿੱਚ ਪਏ ਰਹਿੰਦੇ ਨੇ। ਚੜ੍ਹਦੇ ਪੰਜਾਬ ਦੇ ਵਸਨੀਕਾਂ ਨੂੰ ਇਸ ਗੱਲ ਦਾ ਇਲਮ ਹੀ ਨਹੀਂ ਕਿ ਲਹਿੰਦੇ ਪੰਜਾਬ ਵਿੱਚ ਰਹਿੰਦੇ ਪੰਜਾਬੀਆਂ ਦੀ ਗਿਣਤੀ ਕਿੰਨੀ ਹੈ, ਕਿਉ ਜੋ ਉਨ੍ਹਾਂ ਦੇ ਇਲਮ ਵਿੱਚ ਇਹ ਗੱਲ ਨਹੀਂ ਕਿ ਪਠਾਣਾਂ ਦੇ ਸੂਬੇ ਖ਼ੈਬਰ ਪਖ਼ਤੂਨਖ਼ਵਾ, ਬਲੋਚਿਸਤਾਨ, ਸਿੰਧ ਤੇ ਕਸ਼ਮੀਰ ਵਿੱਚ ਕਿੰਨੇ ਪੰਜਾਬੀ ਵੱਸਦੇ ਹਨ ? ਮੈਂ ਚੜ੍ਹਦੇ ਪੰਜਾਬ ਦੇ ਕਈ ਵਿਦਵਾਨਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੀ ਸੰਖਿਆ ਕੋਈ 4 ਕਰੋੜ ਦੇ ਕਰੀਬ ਹੈ। ਜੇ ਮੈਨੂੰ ਸਹੀ ਤਰ੍ਹਾਂ ਯਾਦ ਹੈ ਕਿ ਇੱਕ ਦਫ਼ਾ ਮੈਂ ਯੂ ਟਿਊਬ 'ਤੇ ਮਸ਼ਹੂਰ ਗਾਇਕ ਬੱਬੂ ਮਾਨ ਨੂੰ ਇਹੀ ਗੱਲ ਕਹਿੰਦਿਆਂ ਸੁਣਿਆ ਕਿ ਲਹਿੰਦੇ ਪੰਜਾਬ ਦੇ ਪੰਜਾਬੀਆਂ ਦੀ ਜਨਸੰਖਿਆ 4 ਕਰੋੜ ਦੇ ਕਰੀਬ ਹੈ। ਮੈਂ ਅੱਜ ਪੂਰੀ ਕੋਸ਼ਿਸ਼ ਕਰਾਂਗਾ ਕਿ ਲਹਿੰਦੇ ਪੰਜਾਬ ਅਤੇ ਬਾਕੀ ਪਾਕਿਸਤਾਨ ਵਿੱਚ ਰਹਿੰਦੇ ਪੰਜਾਬੀਆਂ ਦੀ ਜਨਸੰਖਿਆ ਬਾਰੇ ਦੱਸ ਸਕਾਂ। ਚੜ੍ਹਦੇ ਪੰਜਾਬ ਦੀ ਜਨਸੰਖਿਆ ਬਾਰੇ ਤਾਂ ਤੁਹਾਨੂੰ ਇਲਮ ਹੀ ਹੈ ਕੁੱਲ ਜਨਸੰਖਿਆ ਦਾ ਤੁਹਾਨੂੰ ਖੁਦ ਹੀ ਪਤਾ ਲੱਗ ਜਾਵੇਗਾ। ਪਹਿਲਾਂ ਲਹਿੰਦੇ ਪੰਜਾਬ ਨੂੰ ਲੈ ਲੈਂਦੇ ਹਾਂ। ਕੁਝ ਗੱਲਾਂ ਬਾਰੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਜਾਣਕਾਰੀ ਨਹੀਂ। ਜੇ ਪੰਜਾਬ ਦਾ ਮਰਕਜ਼ ਅਸੀਂ ਲਾਹੌਰ ਨੂੰ ਮੰਨ ਲਈਏ ਤੇ ਲਾਹੌਰ ਦੇ ਪਹਾੜ ਪਾਸੇ ਜੇਹਲਮ, ਚਕਵਾਲ, ਰਾਵਲਪਿੰਡੀ, ਇਸਲਾਮਾਬਾਦ ਤੇ ਪਿੰਡੀਖੇਤ ਦੇ ਇਲਾਕਿਆਂ ਨੂੰ ਪੋਠੋਹਾਰ ਦਾ ਇਲਾਕਾ ਕਿਹਾ ਜਾਂਦਾ ਹੈ, ਤਾਂ ਇੱਥੇ ਪੰਜਾਬੀ ਦਾ ਲਹਿਜਾ ਪੋਠੋਹਾਰੀ ਬੋਲਿਆ ਜਾਂਦਾ ਹੈ। ਜੇਹਲਮ ਤੋਂ ਅੱਗੇ ਪਾਕਿਸਤਾਨੀ ਕਸ਼ਮੀਰ ਦਾ ਇਲਾਕਾ ਆ ਜਾਂਦਾ ਹੈ, ਜਿਸ ਦੀ ਆਬਾਦੀ 50 ਲੱਖ ਦੇ ਕਰੀਬ ਹੈ ਤੇ ਇੱਥੇ ਪੰਜਾਬੀ ਹੀ ਬੋਲੀ ਜਾਂਦੀ ਹੈ। ਇਸ ਵਿੱਚ ਪੋਠੋਹਾਰੀ ਲਹਿਜਾ ਹੀ ਸ਼ਾਮਿਲ ਹੁੰਦਾ ਹੈ। ਮੀਰਪੁਰ ਜ਼ਿਲ੍ਹੇ ਦੀ ਆਬਾਦੀ 25 ਲੱਖ ਭਾਵ ਕੁੱਲ ਕਸ਼ਮੀਰੀ ਆਬਾਦੀ 40 ਲੱਖ ਦਾ 70% ਭਾਵ ਬਾਕੀ ਸਾਰਾ ਕਸ਼ਮੀਰ ਜੋ ਪਾਕਿਸਤਾਨ ਦੇ ਕੋਲ ਹੈ, ਉਸ ਦੀ ਆਬਾਦੀ ਕੇਵਲ 15 ਲੱਖ ਹੈ। ਅਸਲ ਕਸ਼ਮੀਰ ਦੀ ਭਾਸ਼ਾ ਤਾਂ ਭਾਰਤੀ ਕਸ਼ਮੀਰ ਵਿੱਚ ਹੀ ਬੋਲੀ ਜਾਂਦੀ ਹੈ, ਜਿਵੇਂ ਕਿ ਸ੍ਰੀਨਗਰ ਵਿੱਚ ਹੈ। ਲਾਹੌਰ ਤੋਂ ਦੱਖਣ ਵਾਲੇ ਪਾਸੇ ਮੁਲਤਾਨ ਵਾਲੇ ਪਾਸੇ ਸਰਾਈਕੀ ਭਾਸ਼ਾ ਬੋਲੀ ਜਾਂਦੀ ਹੈ, ਜਿਸ ਨੂੰ ਅਸੀ ਸਰਾਈਕੀ ਲਹਿਜਾ ਕਹਿੰਦੇ ਹਾਂ। ਪੇਸ਼ਾਵਰ ਵਿੱਚ ਵੀ 1979 ਤੋਂ ਪਹਿਲਾਂ ਜਦੋਂ ਕਿ ਅਫ਼ਗਾਨਿਸਤਾਨ 'ਤੇ ਰੂਸ ਨੇ ਹਮਲਾ ਨਹੀਂ ਕੀਤਾ ਤਾਂ ਉੱਥੇ ਵੀ ਹਿੰਦਕੋ ਬੋਲਣ ਵਾਲੇ ਬਹੁਗਿਣਤੀ ਵਿੱਚ ਵਸਦੇ ਸਨ। ਬਾਅਦ ਵਿੱਚ ਅਫ਼ਗਾਨਿਸਤਾਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਅਫ਼ਗਾਨਿਸਤਾਨ ਦੇ ਪਠਾਣ ਤੇ ਸਰਹੱਦੀ ਇਲਾਕੇ ਦੇ ਪਠਾਣ ਉੱਥੋਂ ਉੱਠ ਕੇ ਪਾਕਿਸਤਾਨੀ ਇਲਾਕੇ ਵਿੱਚ ਆ ਗਏ ਤੇ ਪੇਸ਼ਾਵਰ ਵਿੱਚ ਵੱਡੀ ਗਿਣਤੀ ਵਿੱਚ ਆ ਵਸੇ। ਜਿਹਦੀ ਵਜ੍ਹਾ ਨਾਲ ਪੇਸ਼ਾਵਰ ਦਾ ਜ਼ਿਲ੍ਹਾ ਜੋ ਹਿੰਦਕੋ ਦਾ ਗੜ੍ਹ ਸੀ, ਉੱਥੇ ਪਸ਼ਤੋ ਬੋਲਣ ਵਾਲੇ ਜ਼ਿਆਦਾ ਹੋ ਗਏ ਤੇ ਹਿੰਦਕੋ ਬੋਲਣ ਵਾਲੇ ਘੱਟ ਹੋ ਗਏ। ਪਾਕਿਸਤਾਨ ਦੀ ਕੁੱਲ ਜਨਸੰਖਿਆ 2024 ਵਿੱਚ ਤਕਰੀਬਨ 25 ਕਰੋੜ ਦੇ ਕਰੀਬ ਹੈ। ਇਸ ਵਿੱਚ ਪੰਜਾਬ ਸੂਬੇ ਦੀ ਆਬਾਦੀ 14 ਕਰੋੜ ਹੈ, ਜੋ ਕਿ ਕੁੱਲ ਪਾਕਿਸਤਾਨੀ ਆਬਾਦੀ ਦਾ 55% ਬਣਦਾ ਹੈ। ਇਸ ਵਿੱਚ ਸਭ ਪੰਜਾਬੀ ਬੋਲਣ ਵਾਲੇ ਹੀ ਵਸਦੇ ਹਨ। ਜੇ ਕਿਸੇ ਦੂਸਰੇ ਸੂਬੇ ਦਾ ਵਿਅਕਤੀ ਵੀ ਇੱਥੇ ਆ ਕੇ ਵੱਸਦਾ ਹੈ, ਉਹ ਵੀ ਪੰਜਾਬੀ ਸਮਝਦਾ ਤੇ ਬੋਲਦਾ ਹੈ। ਆਬਾਦੀ ਦੇ ਹਿਸਾਬ ਨਾਲ ਸਿੰਧ ਪਾਕਿਸਤਾਨ ਦਾ ਦੂਜਾ ਵੱਡਾ ਸੂਬਾ ਹੈ। ਇਸ ਦੀ ਆਬਾਦੀ ਸਾਢੇ ਪੰਜ ਕਰੋੜ ਹੈ, ਜੋ ਪੂਰੇ ਪਾਕਿਸਤਾਨ ਦੀ ਆਬਾਦੀ ਦਾ 21% ਹੈ। ਸੂਬਾ ਸਿੰਧ ਵਿੱਚ ਘੱਟੋ-ਘੱਟ 50 ਲੱਖ ਪੰਜਾਬੀ ਵੱਸਦੇ ਹਨ, ਜਿਨ੍ਹਾਂ ਵਿੱਚ ਨਰੋਏ ਪੰਜਾਬੀ 25 ਲੱਖ, 10 ਲੱਖ ਤੋਂ ਉੱਤੇ ਸਰਾਇਕੀ, 8 ਲੱਖ ਦੇ ਕਰੀਬ ਹਿੰਦਕੋ ਬੋਲਣ ਵਾਲੇ ਤੇ 70 ਹਜ਼ਾਰ ਦੇ ਕਰੀਬ ਕਸ਼ਮੀਰੀ ਵੱਸਦੇ ਹਨ। ਇਹ ਸਿੰਧ ਦੀ ਕੁੱਲ ਆਬਾਦੀ ਦਾ ਕਰੀਬ 10 % ਦੇ ਲਾਗੇ ਚਾਗੇ ਹਨ। ਤੀਸਰੇ ਨੰਬਰ 'ਤੇ ਪਠਾਣਾਂ ਵਾਲੀ ਆਬਾਦੀ ਦਾ ਸੂਬਾ ਖ਼ੈਬਰ ਪਖ਼ਤੂਨਖ਼ਵਾ ਹੈ, ਜਿਸ ਦੀ ਆਬਾਦੀ 4 ਕਰੋੜ ਤੋਂ ਉੱਤੇ ਹੈ। ਇਸ ਸੂਬੇ ਦੀ ਆਬਾਦੀ ਦਾ 25% ਪੰਜਾਬੀ ਭਾਸ਼ਾ ਬੋਲਣ ਵਾਲੇ ਹਨ। ਇਸ ਸੂਬੇ ਵਿੱਚ ਇੱਕ ਬਹੁਤ ਵੱਡਾ ਇਲਾਕਾ ਹਰੀਪੁਰ ਹਜ਼ਾਰਾ ਅਖਵਾਉਂਦਾ ਹੈ। ਜਿੱਥੇ 70 ਲੱਖ ਲੋਕ ਆਬਾਦ ਨੇ, ਇਹ ਹਰੀਪੁਰ ਹਜ਼ਾਰਾ ਤੇ ਐਪਟਾਬਾਦ ਦੇ ਜ਼ਿਲ੍ਹਿਆਂ ਵਿੱਚ ਵਸਦੇ ਨੇ। ਇਨ੍ਹਾਂ ਜ਼ਿਲ੍ਹਿਆਂ ਹਿੰਦਕੋ ਪੰਜਾਬੀ ਬੋਲਣ ਵਾਲਿਆਂ ਦੀ ਆਬਾਦੀ 70 ਲੱਖ ਦੇ ਕਰੀਬ ਹੈ। ਖ਼ੈਬਰ ਪਖ਼ਤੂਨਖ਼ਵਾ ਦੇ ਜ਼ਿਲ੍ਹਾ ਡੇਰਾ ਇਸਮਾਈਲ ਖਾਨ ਵਿੱਚ 18 ਲੱਖ ਦੀ ਆਬਾਦੀ ਹੈ, ਜਿਹਦੇ ਵਿਚੋਂ 67% ਪੰਜਾਬੀ ਬੋਲਣ ਵਾਲੇ ਹਨ। ਭਾਵ 3 ਹਿੱਸਿਆਂ ਵਿਚੋਂ 2 ਹਿੱਸੇ ਪੰਜਾਬੀ ਬੋਲਣ ਵਾਲੇ ਨੇ, ਜੋ ਕਿ 12 ਲੱਖ ਦੇ ਕਰੀਬ ਬਣਦੇ ਨੇ। ਪੇਸ਼ਾਵਰ ਜ਼ਿਲ੍ਹੇ ਦੀ 45 ਲੱਖ ਆਬਾਦੀ ਵਿਚੋਂ 10% ਭਾਵ ਸਾਢੇ 4 ਲੱਖ ਹਿੰਦਕੋ ਪੰਜਾਬੀ ਬੋਲਣ ਵਾਲੇ ਨੇ। ਜ਼ਿਲ੍ਹਾ ਕੋਹਾਟ ਦੀ 15 ਲੱਖ ਆਬਾਦੀ ਵਿਚੋਂ 10% ਪੰਜਾਬੀ ਬੋਲਣ ਵਾਲੇ ਨੇ ਜੋ ਕਿ 3 ਲੱਖ ਦੇ ਕਰੀਬ ਬਣਦੇ ਨੇ। ਪਠਾਣਾ ਦੇ ਗੜ੍ਹ ਮਰਦਾਨ ਦੀ 25 ਲੱਖ ਦੀ ਆਬਾਦੀ ਵਿਚੋਂ 2% ਪੰਜਾਬੀ ਬੋਲਣ ਵਾਲੇ ਨੇ, ਜੋ 50, 000 ਦੇ ਕਰੀਬ ਬਣਦੇ ਨੇ। ਪਠਾਣਾਂ ਦੇ ਜ਼ਿਲ੍ਹਾ ਬੰਨੋਂ ਦੀ 13 ਲੱਖ ਆਬਾਦੀ ਵਿਚੋਂ 2% ਪੰਜਾਬੀ ਨੇ ਜੋ 26000 ਦੇ ਕਰੀਬ ਬਣਦੇ ਨੇ। ਇੱਕ ਹੋਰ ਜ਼ਿਲ੍ਹਾ ਮਾਲਾਕੰਡ ਦੀ ਕੁੱਲ ਆਬਾਦੀ 8 ਲੱਖ ਦਾ 2 % ਪੰਜਾਬੀ ਬੋਲਣ ਵਾਲੇ ਲੋਕ ਨੇ, ਇਹ ਆਬਾਦੀ ਤਕਰੀਬਨ 16000 ਦੇ ਕਰੀਬ ਹੈ। ਪਠਾਣਾਂ ਦੇ ਸੂਬੇ ਖ਼ੈਬਰ ਪਖ਼ਤੂਨਖ਼ਵਾ ਦਾ 25% ਭਾਵ 1 ਕਰੋੜ ਪੰਜਾਬੀ ਭਾਸ਼ਾ ਬੋਲਣ ਵਾਲੇ ਲੋਕ ਨੇ। ਚੌਥੇ ਸਥਾਨ 'ਤੇ ਬਲੋਚਿਸਤਾਨ ਦੀ ਕੁੱਲ 1.5 ਕਰੋੜ ਦੀ ਆਬਾਦੀ ਵਿਚੋਂ 63000 ਹਜ਼ਾਰ ਦੇ ਕਰੀਬ ਪੰਜਾਬੀ ਬੋਲਣ ਵਾਲੇ ਨੇ। ਹੁਣ ਅਸੀਂ ਚੜ੍ਹਦੇ ਪੰਜਾਬ ਵੱਲ ਆ ਜਾਂਦੇ ਹਾਂ। ਲਗਭਗ ਸਵਾ 3 ਕਰੋੜ ਆਬਾਦੀ ਚੜ੍ਹਦੇ ਪੰਜਾਬ ਦੀ ਅਤੇ 3 ਕਰੋੜ ਆਬਾਦੀ ਹਰਿਆਣੇ ਦੀ ਤੇ 25 ਲੱਖ ਆਬਾਦੀ ਹਿਮਾਚਲ ਪ੍ਰਦੇਸ਼ ਦੀ ਹੈ। ਪਾਕਿਸਤਾਨ ਵਿਚੋਂ ਬਾਹਰ ਦੇ ਮੁਲਕਾਂ ਵੱਲ ਚਲੇ ਜਾਣ ਵਾਲੇ ਪੰਜਾਬੀਆਂ ਦੀ ਸੰਖਿਆ ਸਵਾ ਕਰੋੜ ਦੇ ਕਰੀਬ ਹੈ। ਮੇਰੇ ਸਿੱਖ ਦੋਸਤ ਦੱਸਦੇ ਨੇ ਕਿ ਚੜ੍ਹਦੇ ਪੰਜਾਬ ਦੇ ਸਿੱਖਾਂ ਵਿਚੋਂ 50 ਲੱਖ ਦੇ ਕਰੀਬ ਪੰਜਾਬੀ ਭਾਸ਼ਾ ਬੋਲਣ ਵਾਲੇ ਸਿੱਖ ਦੂਜੇ ਮੁਲਕਾਂ ਵਿੱਚ ਜਾ ਕੇ ਵਸੇ ਹੋਏ ਹਨ। ਹੁਣ ਅਸੀਂ ਇਨ੍ਹਾਂ ਸਭ ਦਾ ਅੰਕੜਾ ਇਕੱਠਾ ਕਰ ਲੈਂਦੇ ਹਾਂ।

ਸਭ ਤੋਂ ਪਹਿਲਾਂ ਪਾਕਿਸਤਾਨੀ ਸੂਬੇ ਪੰਜਾਬ ਦੀ ਆਬਾਦੀ 14 ਕਰੋੜ, ਖ਼ੈਬਰ ਪਖ਼ਤੂਨਖ਼ਵਾ ਵਿੱਚ 1 ਕਰੋੜ ਤੇ ਸਿੰਧ ਵਿੱਚ 51 ਲੱਖ ਤੇ ਕਸ਼ਮੀਰ ਵਿੱਚ 50 ਲੱਖ ਤੇ ਬਲੋਚਿਸਤਾਨ ਵਿੱਚ 63 ਹਜ਼ਾਰ ਹੈ, ਇਹ ਬਣਦੀ ਹੈ 16 ਕਰੋੜ 64 ਹਜ਼ਾਰ ਤੇ ਬਾਹਰ ਵਸਦੇ ਪਾਕਿਸਤਾਨੀ 1 ਕਰੋੜ ਮਿਲਾ ਕੇ ਇਹ 17 ਕਰੋੜ ਤੇ 64 ਲੱਖ ਭਾਵ ਕੁੱਲ 18 ਕਰੋੜ ਦੇ ਕਰੀਬ ਪੰਜਾਬੀ ਪਾਕਿਸਤਾਨ ਵਿੱਚ ਵੱਸਦੇ ਹਨ। ਅਸੀਂ ਭਾਰਤ ਦੀ ਗੱਲ ਕਰੀਏ ਤਾਂ ਭਾਰਤ ਦੇ ਪੰਜਾਬ ਦੀ ਆਬਾਦੀ ਸਵਾ 3 ਕਰੋੜ, ਹਰਿਆਣੇ ਦੀ 3 ਕਰੋੜ ਤੇ ਹਿਮਾਚਲ ਪ੍ਰਦੇਸ਼ ਦੀ 75 ਲੱਖ ਤੇ ਮੁਲਕੋਂ ਬਾਹਰ ਵੱਸਦੇ 50 ਲੱਖ ਇਹ ਬਣਦੀ ਹੈ ਪੌਣੇ ਸਾਢੇ 7 ਕਰੋੜ। ਇਸ ਆਬਾਦੀ ਦਾ ਵੱਡਾ ਹਿੱਸਾ ਪੰਜਾਬੀ ਬੋਲਦੇ ਹਨ ਜਾਂ ਪੰਜਾਬੀ ਚੰਗੀ ਤਰ੍ਹਾਂ ਸਮਝਦੇ ਹਨ। ਪਾਕਿਸਤਾਨੀ ਤੇ ਭਾਰਤੀ ਪੰਜਾਬਾਂ ਦੀ ਸੰਖਿਆ ਮਿਲਾ ਲਈਏ ਤਾਂ ਇਹ ਤਕਰੀਬਨ 25 ਕਰੋੜ ਦੇ ਕਰੀਬ ਬਣਦੀ ਹੈ। ਹੁਣ ਜਿੰਨੀ ਕੁੱਲ ਪਾਕਿਸਤਾਨ ਦੀ ਆਬਾਦੀ ਇਸ ਖਿੱਤੇ ਵਿੱਚ ਬਣਦੀ ਹੈ ਇੰਨੀ ਕੁੱਲ ਪੰਜਾਬੀਆਂ ਦੀ ਆਬਾਦੀ ਬਣਦੀ ਹੈ। ਇਸ ਵਿੱਚ ਅਸੀਂ ਉਹ ਪੰਜਾਬੀ ਸ਼ਾਮਿਲ ਨਹੀਂ ਕੀਤੇ, ਜੋ ਪਾਕਿਸਤਾਨ ਨੂੰ ਛੱਡ ਕੇ ਜਾਂ ਚੜ੍ਹਦੇ ਪੰਜਾਬ ਨੂੰ ਛੱਡ ਕੇ ਭਾਰਤ ਦੇ ਦੂਜਿਆਂ ਹਿੱਸਿਆਂ ਵਿੱਚ ਕਾਰੋਬਾਰ ਜਾਂ ਨੌਕਰੀਆਂ ਲਈ ਚਲੇ ਗਏ, ਜਿਨ੍ਹਾਂ ਵਿੱਚ ਦਿੱਲੀ, ਮੱਧ ਪ੍ਰਦੇਸ਼ ਤੇ ਰਾਜਸਥਾਨ, ਮਹਾਰਾਸ਼ਟਰ ਆਦਿ ਸੂਬੇ ਸ਼ਾਮਿਲ ਹਨ। ਉਨ੍ਹਾਂ ਲੋਕਾਂ ਨੂੰ ਅਸੀਂ ਇਸ ਵਿੱਚ ਸ਼ਾਮਿਲ ਨਹੀਂ ਕੀਤਾ।

(ਬਾਕੀ ਸਫ਼ਾ 31 'ਤੇ)

# ਪੰਜਾਬ ਵਿੱਚ ਸਿੱਖਾਂ ਦਾ ਇਸਾਈ ਧਰਮ ’ਚ ਧਰਮ ਪਰਿਵਰਤਨ



ਕੁੱਕੀ ਗਿੱਲ

ਪੰਜਾਬ ਵਿੱਚ ਸਿੱਖਾਂ ਦਾ ਇਸਾਈ ਧਰਮ ਵਿੱਚ ਧਰਮ ਪਰਿਵਰਤਨ ਲੰਬੇ ਸਮੇਂ ਤੋਂ ਬਹੁਤ ਚਿੰਤਾ ਦਾ ਵਿਸ਼ਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ, ਅਜਿਹੀਆਂ ਕਈ ਰਿਪੋਰਟਾਂ ਸਾਹਮਣੇ ਆਈਆਂ ਹਨ ਜੋ ਦਰਸਾਉਂਦੀਆਂ ਹਨ ਕਿ ਇਸਾਈ ਮਿਸ਼ਨਰੀਆਂ ਦਾ ਰਾਜ ਵਿੱਚ ਪ੍ਰਭਾਵ ਵੱਧ ਰਿਹਾ ਹੈ। ਕਈ ਵਾਰ ਸਿੱਖ ਸੰਗਠਨਾਂ ਨੇ ਵੀ ਇਸ ਬਾਰੇ ਚਿੰਤਾ ਸਾਂਝੀ ਕੀਤੀ ਹੈ, ਪਰ ਫਿਰ ਵੀ, ਮੌਜੂਦਾ ਸਰਕਾਰ ਨੇ

ਇਸ ਮੁੱਦੇ ’ਤੇ ਕੋਈ ਧਿਆਨ ਨਹੀਂ ਦਿੱਤਾ ਹੈ। ਦੈਨਿਕ ਜਾਗਰਣ ਦੀ ਇਸ ਮਾਮਲੇ ਬਾਰੇ ਰਿਪੋਰਟ ਬਿਲਕੁਲ ਹੈਰਾਨ ਕਰਨ ਵਾਲੀ ਹੈ। ਇਹ ਸਾਂਝਾ ਕਰਦੀ ਹੈ ਕਿ ਪੰਜਾਬ ਵਿੱਚ ਪਿਛਲੇ 2 ਸਾਲਾਂ ਵਿੱਚ, 3 ਲੱਖ 50 ਹਜ਼ਾਰ ਤੋਂ ਵੱਧ ਲੋਕਾਂ ਨੇ ਆਪਣਾ ਧਰਮ ਪਰਿਵਰਤਨ ਕੀਤਾ ਹੈ ਅਤੇ ਇਸਾਈ ਬਣ ਗਏ ਹਨ। ਰਿਪੋਰਟਾਂ

ਅਨੁਸਾਰ, ਪੰਜਾਬ ਵਿੱਚ ਸਿਰਫ ਸਾਲ 2023-24 ਵਿੱਚ, 1.5 ਲੱਖ ਲੋਕਾਂ ਨੇ ਧਰਮ ਪਰਿਵਰਤਨ ਕੀਤਾ, ਜਦੋਂ ਕਿ 2024-25 ਦੌਰਾਨ, ਦੋ ਲੱਖ ਲੋਕਾਂ ਨੇ ਆਪਣਾ ਧਰਮ ਪਰਿਵਰਤਨ ਕੀਤਾ।

ਇਹ ਹੋਰ ਵੀ ਹੈਰਾਨ ਕਰਨ ਵਾਲਾ ਹੈ ਜਦੋਂ ਦੂਜੇ ਰਾਜਾਂ ਦੇ ਹਵਾਲੇ ਨਾਲ ਧਰਮ ਪਰਿਵਰਤਨ ਕੀਤੇ ਲੋਕਾਂ ਦੀ ਵਧਦੀ ਗਿਣਤੀ ਨੂੰ ਦੇਖਿਆ ਜਾਂਦਾ ਹੈ। ਤਰਨਤਾਰਨ ਬਾਰੇ ਰਿਪੋਰਟ ਅਨੁਸਾਰ, ਪਿਛਲੇ 10 ਸਾਲਾਂ ਵਿੱਚ, ਇਸਾਈ ਭਾਈਚਾਰੇ ਦੀ ਆਬਾਦੀ 6,137 ਤੋਂ ਵਧ ਕੇ 12,436 ਹੋ ਗਈ ਹੈ, ਯਾਨੀ ਕਿ ਪਿਛਲੇ ਦਸ ਸਾਲਾਂ ਵਿੱਚ 102 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸੇ ਤਰ੍ਹਾਂ, ਜੇਕਰ ਅਸੀਂ ਗੁਰਦਾਸਪੁਰ ਜ਼ਿਲ੍ਹੇ ਦੀ ਗੱਲ ਕਰੀਏ, ਤਾਂ ਪਿਛਲੇ 5 ਸਾਲਾਂ ਵਿੱਚ ਇਸਾਈ ਭਾਈਚਾਰੇ ਦੀ ਆਬਾਦੀ 4 ਲੱਖ ਤੋਂ ਵੱਧ ਵਧੀ ਹੈ।

ਹਾਲਾਂਕਿ ਇਸਾਈ ਮਿਸ਼ਨਰੀ ਦੇਸ਼ ਦੇ ਸਾਰੇ ਦੂਰ-ਦੁਰਾਡੇ ਇਲਾਕਿਆਂ ਵਿੱਚ ਪਹੁੰਚ ਰਹੇ ਹਨ ਅਤੇ ਗਰੀਬ ਅਤੇ ਬੇਸਹਾਰਾ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਪੰਜਾਬ ਵਿਸ਼ੇਸ਼ ਚਿੰਤਾ ਦਾ ਕਾਰਨ ਹੈ, ਕਿਉਂਕਿ ਉਨ੍ਹਾਂ ਦੁਆਰਾ ਧਰਮ ਪਰਿਵਰਤਨ ਦੀ ਖੇਡ ਇੱਥੇ ਖੁੱਲ੍ਹੇਆਮ ਚੱਲ ਰਹੀ ਹੈ। ਪੰਜਾਬ ਵਿੱਚ ਇਨ੍ਹਾਂ ਮਿਸ਼ਨਰੀਆਂ ਦੁਆਰਾ ਖੁੱਲ੍ਹੇਆਮ ਹੀਲਿੰਗ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।

ਅਜਿਹੇ ਪਾਦਰੀਆਂ ਦੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ ਜੋ ਮਰੇ ਹੋਏ ਲੋਕਾਂ ’ਤੇ ਹਵਾ ਫੂਕ ਕੇ ਉਨ੍ਹਾਂ ਨੂੰ ਜੀਵਨ ਦੇਣ ਦਾ ਦਾਅਵਾ ਕਰਦੇ ਹਨ। ਇਨ੍ਹਾਂ ਗੁੰਮਰਾਹਕੁੰਨ ਕਾਰਵਾਈਆਂ ਤੋਂ ਬਾਅਦ ਸਿੱਖਾਂ ਨੂੰ ਇਸਾਈ ਧਰਮ ਅਪਣਾਉਣ ਲਈ ਕਿਹਾ ਜਾਂਦਾ ਹੈ। ਇੱਕ ਪੁਰਾਣੀ ਰਿਪੋਰਟ ਵਿੱਚ ਖੁਲਾਸਾ ਹੋਇਆ ਸੀ ਕਿ ਇਨ੍ਹਾਂ ਮਿਸ਼ਨਰੀਆਂ ਦਾ ਪ੍ਰਭਾਵ ਪਟਿਆਲਾ ਤੋਂ ਪਠਾਨਕੋਟ ਤੱਕ ਪੂਰੇ ਪੰਜਾਬ ਵਿੱਚ ਪ੍ਰਚਲਿਤ ਹੈ। ਇਸਾਈ ਮਿਸ਼ਨਰੀ ਹੁਣ ਰਾਜ ਦੇ ਸਾਰੇ 23 ਜ਼ਿਲ੍ਹਿਆਂ ਵਿੱਚ ਪ੍ਰਸਿੱਧ ਹਨ ਅਤੇ ਲਗਾਤਾਰ ਆਪਣੇ ਸਾਮਰਾਜ ਦਾ ਵਿਸਥਾਰ ਕਰ ਰਹੇ ਹਨ। ਸਿੱਖਾਂ ਵਿੱਚ ਪ੍ਰਵੇਸ਼ ਕਰਨ ਲਈ ਉਨ੍ਹਾਂ ਦੀਆਂ ਮੀਟਿੰਗਾਂ ਵਿੱਚ ਪੱਗਾਂ ਪਹਿਨੇ ਹੋਏ ਲੋਕਾਂ ਨੂੰ ਦੇਖਿਆ ਜਾ ਸਕਦਾ ਹੈ ਤਾਂ ਜੋ ਆਮ ਸਿੱਖ ਇਹ ਮਹਿਸੂਸ ਕਰਨ ਕਿ ਇਨ੍ਹਾਂ ਮੀਟਿੰਗਾਂ ਦਾ ਆਯੋਜਨ ਕਰਨ ਵਾਲੇ ਲੋਕ ਇਸ ਤੋਂ ਵੱਖਰੇ ਨਹੀਂ ਹਨ।

ਇਹ ਸਾਰੇ ਇਸਾਈ ਪਾਦਰੀ ਗੈਰ-ਇਸਾਈ ਲੋਕਾਂ ਨੂੰ ਧਰਮ ਪਰਿਵਰਤਨ ਦੇ ਧੰਦੇ ਵਿੱਚ ਫਸਾਉਣ ਲਈ ਵੱਡੇ ਪ੍ਰੋਗਰਾਮ ਆਯੋਜਿਤ ਕਰਦੇ ਹਨ। ਪ੍ਰਸ਼ਾਸਨ ਉਨ੍ਹਾਂ ਨੂੰ ਇਸ ਲਈ ਇਜਾਜ਼ਤ ਦਿੰਦਾ ਹੈ ਅਤੇ ਸੁਰੱਖਿਆ ਵੀ ਪ੍ਰਦਾਨ ਕਰਦਾ ਹੈ। ਉਹ ਬੈਨਰਾਂ, ਪੈਂਫਲੇਟਾਂ, ਸੋਸ਼ਲ ਮੀਡੀਆ ਮੁਹਿੰਮਾਂ ਰਾਹੀਂ ਆਪਣੇ ਪ੍ਰੋਗਰਾਮਾਂ ਦਾ ਪ੍ਰਚਾਰ ਕਰਦੇ ਹਨ ਅਤੇ ਅੰਤ ਵਿੱਚ ਹਜ਼ਾਰਾਂ ਲੋਕ ਸਥਾਨ ’ਤੇ ਇਕੱਠੇ ਹੁੰਦੇ ਹਨ। ਇਸ ਸਾਰੀ ਪ੍ਰੀਕਿਰਿਆ ਤੋਂ ਬਾਅਦ ਭੀੜ ਵਿੱਚੋਂ ਕਿਸੇ ਨੂੰ ਚੁਣਿਆ ਜਾਂਦਾ ਹੈ ਅਤੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਹ ਪਾਦਰੀ ਨਾ ਸਿਰਫ਼ ਸਭ ਤੋਂ ਵੱਡੀ ਬਿਮਾਰੀ ਦਾ ਇਲਾਜ ਕਰ ਸਕਦਾ ਹੈ ਬਲਕਿ ਭੂਤਾਂ ਨੂੰ ਵੀ ਭਜਾ ਸਕਦਾ ਹੈ। ਪਾਦਰੀਆਂ ਦੇ ਇਨ੍ਹਾਂ ਲੁਭਾਉਣ ਵਾਲੇ ਵਾਅਦਿਆਂ ਕਾਰਨ ਕੁਝ ਲੋਕ ਪ੍ਰੋਗਰਾਮ ਵਿੱਚ ਇਸਾਈ ਧਰਮ ਅਪਣਾਉਂਦੇ ਹਨ ਅਤੇ ਕੁਝ ਪ੍ਰੋਗਰਾਮ ਤੋਂ ਬਾਅਦ।

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪੰਜਾਬ ਵਿੱਚ ਧਰਮ ਪਰਿਵਰਤਨ ਦੇ ਕਾਰੋਬਾਰ ਵਿੱਚ ਸ਼ਾਮਲ ਜ਼ਿਆਦਾਤਰ ਇਸਾਈ ਪਾਦਰੀ ਧਰਮ ਪਰਿਵਰਤਨ ਤੋਂ ਬਾਅਦ ਇਸਾਈ ਬਣ ਗਏ ਸਨ। ਹਾਲਾਂਕਿ, ਨਾ ਤਾਂ ਇਨ੍ਹਾਂ ਲੋਕਾਂ ਨੇ ਆਪਣਾ ਨਾਮ ਬਦਲਿਆ ਹੈ ਅਤੇ ਨਾ ਹੀ ਆਪਣੀ ਪਛਾਣ। ਅੱਜ ਵੀ ਸਿੱਖ ਪਾਦਰੀ

ਧਰਮ ਪਰਿਵਰਤਨ ਤੋਂ ਬਾਅਦ ਪੱਗਾਂ ਪਹਿਨਦੇ ਹਨ ਅਤੇ ਆਪਣੇ ਹੱਥਾਂ ਵਿੱਚ ਬਾਈਬਲ ਲੈ ਕੇ ਪ੍ਰਚਾਰ ਕਰਦੇ ਘੁੰਮਦੇ ਹਨ। ਉਨ੍ਹਾਂ ਦੀਆਂ ਅਜਿਹੀਆਂ ਕਾਰਵਾਈਆਂ ਦਾ ਨਤੀਜਾ ਇਹ ਹੈ ਕਿ ਆਮ ਸਿੱਖ ਵੀ ਉਨ੍ਹਾਂ ਦੀਆਂ ਮੀਟਿੰਗਾਂ ਨੂੰ ਆਪਣਾ ਸਮਝ ਕੇ ਪਹੁੰਚਦੇ ਹਨ।

ਚਾਰ ਸਾਲ ਪਹਿਲਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਾਮਲੇ ਦਾ ਨੋਟਿਸ ਲਿਆ ਅਤੇ ਚਿੰਤਾ ਪ੍ਰਗਟ ਕੀਤੀ ਅਤੇ ਸਿੱਖਾਂ ਨੂੰ ਧਰਮ ਪਰਿਵਰਤਨ ਤੋਂ ਬਚਾਉਣ ਲਈ ਘਰ-ਘਰ ਅੰਦਰ ਧਰਮਸਾਲ ਮੁਹਿੰਮ ਸ਼ੁਰੂ ਕੀਤੀ। ਉਨ੍ਹਾਂ ਦਾ ਉਦੇਸ਼ ਸੀ ਕਿ ਜਿਸ ਪ੍ਰਕਿਰਿਆ ਰਾਹੀਂ ਇਸਾਈ ਪ੍ਰਚਾਰਕ ਸਿੱਖਾਂ ਨੂੰ ਗੁੰਮਰਾਹ ਕਰ ਰਹੇ ਹਨ, ਹੁਣ ਉਸੇ ਪ੍ਰਕਿਰਿਆ ਨੂੰ ਸਿੱਖ ਧਰਮ ਨੂੰ ਬਚਾਉਣ ਲਈ ਵਰਤਿਆ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੰਨਣਾ ਸੀ ਕਿ ਕੁਝ ਪਾਦਰੀ ਜਾਣਬੁੱਝ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਇਸਾਈ ਧਰਮ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਧਿਆਨ ਦੇਣ ਯੋਗ ਹੈ ਕਿ ਪੰਜਾਬ ਵਿੱਚ ਚੱਲ ਰਹੀ ਇੰਨੀ ਵੱਡੀ ਸਾਜ਼ਿਸ਼ ਲਈ ਵਿਦੇਸ਼ੀ ਫੰਡਿੰਗ ਦੀਆਂ ਅਕਸਰ ਰਿਪੋਰਟਾਂ ਆਉਂਦੀਆਂ ਰਹੀਆਂ ਹਨ। ਦੈਨਿਕ ਜਾਗਰਣ ਨੇ ਸਿੱਖ ਵਿਦਵਾਨ ਡਾ. ਰਣਬੀਰ ਸਿੰਘ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਵਿੱਚ ਚੱਲ ਰਹੀ ਧਰਮ ਪਰਿਵਰਤਨ ਦੀ ਖੇਡ ਨੂੰ ਅਮਰੀਕਾ, ਪਾਕਿਸਤਾਨ ਅਤੇ ਹੋਰ ਦੇਸ਼ਾਂ ਤੋਂ ਫੰਡ ਦਿੱਤਾ ਜਾ ਰਿਹਾ ਹੈ। ਅੱਜ, ਪੰਜਾਬ ਵਿੱਚ ਸਭ ਤੋਂ ਮਸ਼ਹੂਰ ਪਾਦਰੀ ਪੈਗੰਬਰ ਬਜਿੰਦਰ ਸਿੰਘ ਹਨ, ਜੋ ਆਪਣੇ ਆਪ ਨੂੰ ਯਿਸੂ ਮਸੀਹ ਦਾ ਪੈਗੰਬਰ ਕਹਿੰਦੇ ਹਨ। ਉਨ੍ਹਾਂ ਦੇ ਯੂਟਿਊਬ ’ਤੇ

30 ਲੱਖ ਤੋਂ ਵੱਧ ਫਾਲੋਅਰ ਹਨ ਅਤੇ ਉਨ੍ਹਾਂ ਦੀਆਂ ਵੀਡੀਓਜ਼ ਨੂੰ ਲੱਖਾਂ ਵਿਊਜ਼ ਵੀ ਮਿਲਦੇ ਹਨ। ਹਾਲ ਹੀ ਵਿੱਚ, ਬਾਲੀਵੁੱਡ ਅਦਾਕਾਰ ਰਾਜਪਾਲ ਯਾਦਵ ਨੂੰ ਵੀ ਇਸ ਪਾਦਰੀ ਦੇ ਪੈਰਾਂ ’ਤੇ ਡਿੱਗਦੇ ਦੇਖਿਆ ਗਿਆ ਸੀ।

ਪਾਸਟਰ ਬਜਿੰਦਰ ਸਿੰਘ ਤੋਂ ਇਲਾਵਾ, ਪੰਜਾਬ ਦੇ ਕੁਝ ਵੱਡੇ ਨਾਮ ਜੋ ਧਰਮ ਪਰਿਵਰਤਨ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰ ਰਹੇ ਹਨ, ਉਹ ਹਨ ਅੰਮ੍ਰਿਤ ਸੰਧੂ, ਕੰਚਨ ਮਿੱਤਲ, ਰਮਨ ਹੰਸ, ਗੁਰਨਾਮ ਸਿੰਘ ਖੇੜਾ, ਹਰਜੀਤ ਸਿੰਘ, ਸੁਖਪਾਲ ਰਾਣਾ ਅਤੇ ਫਾਰਿਸ ਮਸੀਹ। ਇਹ ਲੋਕ ਸੋਸ਼ਲ ਮੀਡੀਆ ਰਾਹੀਂ ਲੋਕਾਂ ਵਿੱਚ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਂਦੇ ਹਨ। ਉਨ੍ਹਾਂ ਦੇ ਪੈਰੋਕਾਰਾਂ

ਵਿੱਚ ਸਮਾਜ ਦੇ ਸਾਰੇ ਵਰਗਾਂ ਦੇ ਲੋਕ ਸ਼ਾਮਲ ਹਨ। ਜਦੋਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾਂਦੀ ਹੈ ਤਾਂ ਉਹ ਦਾਅਵਾ ਕਰਦੇ ਹਨ ਕਿ ਉਹ ਸਿਰਫ਼ ਪ੍ਰਾਰਥਨਾਵਾਂ ਕਰਦੇ ਹਨ। ਪਰ ਫਿਰ ਸਵਾਲ ਇਹ ਹੈ ਕਿ ਜੇਕਰ ਸਿਰਫ਼ ਪ੍ਰਾਰਥਨਾਵਾਂ, ਹੀਲਿੰਗ ਮੀਟਿੰਗਾਂ ਅਤੇ ਹੋਰ ਮਿਸ਼ਨਰੀ ਪ੍ਰੋਗਰਾਮ ਹੀ ਕੀਤੇ ਜਾਂਦੇ ਹਨ ਤਾਂ ਲੋਕ ਧਰਮ ਪਰਿਵਰਤਨ ਕਿਵੇਂ ਕਰਦੇ ਹਨ?




# ਨਸ਼ਿਆਂ ਦੀ ਦਲਦਲ-ਵੱਡੀ ਚਣੌਤੀ



ਗੁਰਮੀਤ ਸਿੰਘ ਪਲਾਹੀ
9815802070

ਨਸ਼ਾ ਮਾਫੀਏ ਦੀਆਂ ਸਰਗਰਮੀਆਂ ਸਿਖ਼ਰਾਂ ’ਤੇ ਹਨ। ਬੱਚਿਆਂ, ਭੋਲੇ-ਭਾਲੇ ਚੜ੍ਹਦੀ ਉਮਰ ਦੇ ਮੁੱਛ-ਫੁੱਟ ਗੱਭਰੂਆਂ, ਨੌਜਵਾਨ-ਮੁਟਿਆਰਾਂ ਨੂੰ ਆਪਣੇ ਰਸਤੇ ਤੋਂ ਭਟਕਾ ਕੇ ਦੇਸ਼, ਦੁਨੀਆਂ ਵਿੱਚ ਮਨ-ਆਈਆਂ ਕਰਨ ਲਈ, ਸਭ ਤੋਂ ਸੌਖਾ ਤਰੀਕਾ ਜਿਹੜਾ ਦਿਸਦਾ ਹੈ, ਉਹ ਨਸ਼ੀਲੇ ਪਦਾਰਥ ਬਨਾਉਣਾ, ਵੰਡਣਾ, ਵੇਚਣਾ ਅਤੇ ਇਸਦਾ ਦੁਨੀਆਂ ਭਰ ’ਚ ਪ੍ਰਸਾਰ ਕਰਨਾ ਹੈ। ਇਹ ਕੰਮ ਕਰਨ ਵਾਲੇ ਨਸ਼ਾ ਸੌਦਾਗਰ ਇੰਨੇ ਬਲਬਾਨ ਹੋ ਚੁੱਕੇ ਹਨ ਕਿ ਦੁਨੀਆਂ ਦੀ ਕੋਈ ਵੀ ਸਰਕਾਰ ਨਸ਼ੇ ਦੇ ਇਹਨਾਂ ਸੌਦਾਗਰਾਂ ਉਤੇ ਪੱਕੇ ਤੌਰ ’ਤੇ ਪਾਬੰਦੀ ਲਾਉਣ ਤੋਂ ਅਸਮਰਥ ਹੈ। ਇਸੇ ਕਰਕੇ ਨਸ਼ਿਆਂ ਦਾ ਅੰਤ ਨਹੀਂ ਹੋ ਰਿਹਾ।

ਦੁਨੀਆਂ ਭਰ ’ਚ ਨਸ਼ੀਲੇ ਪਦਾਰਥਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੀਲੇ ਪਦਾਰਥ ਬਨਾਉਣ ਤੋਂ ਲੈ ਕੇ ਵੇਚਣ ਤੱਕ ਦੇ ਆਪਣੇ ਕੰਮ ਨੂੰ ਨਸ਼ਾ ਸੌਦਾਗਰ ਅਤਿਅੰਤ ਵਪਾਰਕ ਪੱਧਰ ’ਤੇ ਪੂਰਾ ਕਰਦੇ ਹਨ। ਕੋਈ ਦੋ ਰਾਵਾਂ ਨਹੀਂ ਕਿ ਸਾਸ਼ਨ-ਪ੍ਰਸ਼ਾਸ਼ਨ ਦੀਆਂ ਕੁਝ ਗੰਦੀਆਂ ਮੱਛੀਆਂ ਲੁਕਵੇਂ ਰੂਪ ’ਚ ਇਸ ਵਿੱਚ ਸ਼ਾਮਲ ਹਨ। ਜੇਕਰ ਇੰਝ ਨਾ ਹੁੰਦਾ ਤਾਂ ਨਸ਼ਾ ਮਾਫੀਆ ਇਸ ਕਦਰ ਵੱਧ-ਫੁੱਲ ਨਹੀਂ ਸੀ ਸਕਦਾ।



ਸਮੱਸਿਆ ਨਸ਼ਿਆਂ ਦੇ ਪਦਾਰਥਾਂ ਦੀ ਖਰੀਦੋ-ਫ਼ਰੋਖਤ ਤੱਕ ਹੀ ਸੀਮਤ ਨਹੀਂ ਰਹੀ। ਪੈਕਟ ਬੰਦ ਡੱਬੇ, ਡੱਬੇ ਬੰਦ ਭੋਜਨ ਅਤੇ ਪੀਣ ਵਾਲੀਆਂ ਚੀਜਾਂ ਵਿੱਚ ਵੀ ਸਿਹਤ ਲਈ ਘਾਤਕ, ਮੌਤ ਦੇ ਮੂੰਹ ਧੱਕਣ ਵਾਲੇ ਰਸਾਇਣਿਕ ਮਿਸ਼ਰਣ ਪਾਏ ਜਾਂਦੇ ਹਨ। ਪਿਛਲੇ 25 ਵਰ੍ਹਿਆਂ ’ਚ ਇਹ ਅਭਿਆਸ ਨਿਰੰਤਰ ਵਧਿਆ ਹੈ। ਇਸ ਅਭਿਆਸ ਦੀ ਨਿਗਰਾਨੀ ਉਤੇ, ਜੋ ਪਹਿਲਾਂ ਸਰਕਾਰੀ ਬੰਦਸ਼ ਸੀ, ਉਹ ਕਾਫੀ ਢਿੱਲੀ ਪੈ ਚੁੱਕੀ ਹੈ। ਹੁਣ ਕਣਕ, ਚਾਵਲ, ਦਾਲ, ਸਬਜੀ, ਫਲ, ਮਸਾਲੇ, ਤੇਲ, ਘਿਓ, ਪੈਕਟ ਬੰਦ ਭੋਜਨ ਅਤੇ ਸੋਡਾ ਵਾਟਰ ਤੇ ਹੋਰ ਪੀਣ ਵਾਲੇ ਪਦਾਰਥਾਂ ਵਿੱਚ ਇਸ ਦੀ ਮਾਤਰਾ ਆਮ ਪਾਈ ਜਾਂਦੀ ਹੈ, ਜਿਸਨੇ ਬਹੁਤੇ ਲੋਕਾਂ ਦੀ ਸਿਹਤ ਨੂੰ ਹਾਲੋਂ-ਬੇਹਾਲ ਕੀਤਾ ਹੋਇਆ ਹੈ। ਆਮ ਆਦਮੀ ਬੇਬਸ ਹੈ। ਉਸਦੇ ਸਰੀਰ ਦੇ ਅੰਦਰੂਨੀ ਅੰਗਾਂ ਉਤੇ ਇਸਦਾ ਅਸਰ ਪੈ ਰਿਹਾ ਹੈ। ਇਹਦਾ ਅਸਰ ਮਨੁੱਖ ਦੀ ਮਨੋ ਅਵਸਥਾ ਉਤੇ ਵੀ ਪੈਂਦਾ ਹੈ।

ਨਸ਼ੀਲੇ ਪਦਾਰਥਾਂ ਦੀ ਤਸਕਰੀ ਭਾਰਤ ਲਈ ਹੀ ਨਹੀਂ, ਸਗੋਂ ਦੁਨੀਆਂ ਲਈ ਵੀ ਵੱਡੀ ਸਿਰਦਰਦੀ ਹੈ। ਲਗਭਗ ਸਾਰੇ ਦੇਸ਼ਾਂ ਦੇ ਵੱਡੀ ਸੰਖਿਆ ’ਚ ਛੋਟੀ ਉਮਰ ਵਾਲੇ ਅਤੇ ਨੌਜਵਾਨ ਨਸ਼ਿਆਂ ਦੀ ਮਾਰ ਹੇਠ ਹਨ। ਹੈਰਾਨੀਜਨਕ ਤਾਂ ਇਹ ਹੈ ਕਿ ਕਾਨੂੰਨੀ ਤੌਰ ’ਤੇ ਨਸ਼ਿਆਂ ਦੀ ਮਨਾਹੀ ਹੈ। ਪਰ ਇਹ ਧੰਦਾ ਰੁਕ ਨਹੀਂ ਰਿਹਾ, ਲਗਾਤਾਰ ਵੱਧ ਰਿਹਾ ਹੈ। ਸਵਾਲ ਉੱਠਦੇ ਹਨ ਕਿ ਕੀ ਇਹ ਸਭ ਕੁਝ ਸਰਕਾਰੀ ਮਿਲੀ ਭੁਗਤ ਨਾਲ ਹੋ ਰਿਹਾ ਹੈ? ਤੱਥ ਇਹ ਵੀ ਕੱਢੇ ਜਾ ਰਹੇ ਹਨ ਕਿ ਜਿਹਨਾ ਦੇਸ਼ਾਂ ਵਿੱਚ ਪਰਿਵਾਰਿਕ ਇਕਾਈਆਂ ਟੁੱਟ ਰਹੀਆਂ ਹਨ ਜਾਂ ਟੁੱਟ ਚੁੱਕੀਆਂ ਹਨ, ਉਥੇ ਨੌਜਵਾਨਾਂ ’ਚ ਨਸ਼ਿਆਂ ਦੀ ਵਰਤੋਂ ਜ਼ਿਆਦਾ ਹੈ।

ਭਾਰਤ ਜਿਹੇ ਦੇਸ਼ ਵਿੱਚ ਹੁਣ ਵੀ ਬੱਚਿਆਂ ਅਤੇ ਨੌਜਵਾਨਾਂ ਨੂੰ ਪਰਿਵਾਰ ਅਤੇ ਸਮਾਜ ਦਾ ਡਰ ਹੈ, ਇਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਹੈ, ਲੇਕਿਨ ਪਿਛਲੇ ਕੁਝ ਦਹਾਕਿਆਂ ਵਿੱਚ ਇਹ ਦੇਖਣ ਨੂੰ ਮਿਲ ਰਿਹਾ ਹੈ ਕਿ ਜਿਹਨਾ ਸੂਬਿਆਂ ਚ ਸਰਕਾਰਾਂ ਦਾ ਕੁ-ਪ੍ਰਬੰਧ ਹੈ, ਉਥੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵੱਧ ਰਹੀ ਹੈ ਅਤੇ ਨਸ਼ਿਆਂ ਦਾ ਪ੍ਰਕੋਪ ਸਿਖ਼ਰਾਂ ’ਤੇ ਪੁੱਜ ਗਿਆ ਹੈ। ਭਾਰਤ ਦੇ ਸਰਹੱਦੀ ਸੂਬੇ ਇਸਦੀ ਮਾਰ ਵਿੱਚ ਹਨ। ਪੰਜਾਬ ਨਸ਼ਿਆਂ ਦੀ ਵੱਡੀ ਮਾਰ ਸਹਿ ਰਿਹਾ ਹੈ।


ਨਸ਼ਿਆਂ ਦੀ ਵਰਤੋਂ ਦੀ ਵੱਧ ਰਹੀ ਤਸਵੀਰ ਅੰਕੜਿਆਂ ਤੋਂ ਵੇਖੀ ਜਾ ਸਕਦੀ ਹੈ। ਇਕੱਲੇ 2024 ਵਿੱਚ ਹੀ 16,914 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ। ਕੁਝ ਦਿਨ ਪਹਿਲਾਂ ਨਵੀਂ ਦਿੱਲੀ ’ਚ 560 ਕਿਲੋ ਤੋਂ ਜ਼ਿਆਦਾ ਕੋਕੀਨ ਅਤੇ 40 ਕਿਲੋ ਮਾਰਜੁਆਨਾ ਫੜਿਆ ਗਿਆ। ਇਸ ਦੀ ਕੀਮਤ ਸੱਤ ਹਜ਼ਾਰ ਕਰੋੜ ਹੈ। ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿੱਚ ਇੱਕ ਕਾਰਖਾਨੇ ਵਿੱਚ 1814 ਕਰੋੜ ਮੁੱਲ ਦਾ 907 ਕਿਲੋ ਮੈਫੇਡਰੀਨ ਪਦਾਰਥ ਫੜਿਆ ਗਿਆ। ਇਹ ਨਸ਼ਾ ਬਨਾਉਣ ਵਾਲੀ ਕੱਚੀ ਸਮੱਗਰੀ ਵਜੋਂ ਵਰਤਿਆਂ ਜਾਂਦਾ ਹੈ। ਇੰਝ ਬਹੁਤ ਵੱਡੀ ਰਾਸ਼ੀ ਨਸ਼ਿਆਂ ਦੇ ਪਦਾਰਥਾਂ ਦੇ ਪ੍ਰਚਲਣ ਲਈ ਇਸਤੇਮਾਲ ਹੋ ਰਹੀ ਹੈ। ਹੈਰਾਨੀਜਨਕ ਹੈ ਕਿ ਅੰਕੜਿਆਂ ’ਚ ਦੱਸਿਆ ਹੈ ਕਿ ਇਹ ਪਦਾਰਥ ਜਾਂ ਸਮੱਗਰੀ ਉਹ ਹੈ ਜੋ ਛਾਪਿਆਂ ’ਚ ਜਬਤ ਕੀਤੀ ਜਾ ਰਹੀ ਹੈ, ਪਰ ਪੈਸੇ ਦੀ ਜਿਹੜੀ ਵਰਤੋਂ ਨਸ਼ਾ ਵਪਾਰ ’ਚ ਹੋ ਰਹੀ ਹੈ, ਉਸਦਾ ਅੰਦਾਜ਼ਾ ਲਗਾਇਆ ਹੀ ਨਹੀਂ ਜਾ ਸਕਦਾ। ਭਾਰਤ ਵਿੱਚ ਸਾਲ 2009 ਤੋਂ 2014 ਤੱਕ ਕੁੱਲ 3.63 ਲੱਖ ਨਸ਼ੀਲੇ ਪਦਾਰਥ ਜ਼ਬਤ ਹੋਏ ਜਦਕਿ 2014 ਤੋਂ 2024 ਤੱਕ 24 ਲੱਖ ਕਿਲੋ ਨਸ਼ੀਲੇ ਪਦਾਰਥ ਜ਼ਬਤ ਹੋਏ। 2004 -14 ਤੱਕ ਨਸ਼ੀਲੇ ਜ਼ਬਤ ਪਦਾਰਥਾਂ ਦਾ ਮੁੱਲ 8150 ਕਰੋੜ ਸੀ ਜਦਕਿ 2014-24 ਦੇ ਵਿੱਚ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ ਦਾ ਮੁੱਲ 54,831 ਕਰੋੜ ਸੀ। ਭਾਰਤ ਵਿੱਚ ਵੀ ਤੇ ਦੁਨੀਆ ਵਿੱਚ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਧੰਦਾ ਚਰਮ ਸੀਮਾ ’ਤੇ ਹੈ। ਇਸ ਕਾਲੇ ਕਾਰੋਬਾਰ ਨੂੰ ਵਧਾਉਣ ਲਈ ਮਾਨਵ ਤਸਕਰੀ ਅਤੇ ਖ਼ਾਸ ਕਰਕੇ ਵੇਸਵਾ ਵਿਰਤੀ ਦਾ ਪ੍ਰਚਲਣ ਵਧ ਰਿਹਾ ਹੈ ਅਤੇ ਨੌਜਵਾਨ ਲੜਕੀਆਂ ਦੀ ਵੱਡੀ ਸੰਖਿਆ ਇਸ ਕਾਲੇ ਧੰਦੇ ਵਿੱਚ ਘਸੀਟੀ ਜਾ ਰਹੀ ਹੈ।

ਨਸ਼ਾ ਤਸਕਰੀ ’ਚ ਤਸਕਰ-ਗ੍ਰੋਹ ਡਾਰਕ ਵੇਵ, ਔਨਲਾਈਨ ਅਤੇ ਡਰੋਨ ਅਧਾਰਿਤ ਠੱਗੀ ਵੀ ਸ਼ੁਰੂ ਕਰ ਚੁੱਕੇ ਹਨ। ਨਤੀਜਾ ਇਹ ਹੈ ਕਿ ਉਹਨਾ ਦੀਆਂ ਵਿਆਪਕ ਭੈੜੀਆਂ ਸਰਗਰਮੀਆਂ ਦੀ ਮਾਰ ਹੇਠ ਸਮਾਜ ਦੀ ਕੋਈ ਵੀ ਗਤੀਵਿਧੀ ਸੁਰੱਖਿਅਤ ਨਹੀਂ ਰਹੀ। ਇਥੋਂ ਤੱਕ ਕਿ ਦੇਸ਼ਾਂ ਦੀ ਆਰਥਿਕਤਾ ਵੀ ਇਹਨਾਂ ਤਸਕਰ-ਗ੍ਰੋਹਾਂ ਦੇ ਨਿਸ਼ਾਨੇ ’ਤੇ ਆ ਚੁੱਕੀ ਹੈ। ਮਾਫੀਆ ਰਾਜ ਦਾ ਪਸਾਰਾ ਇਹਨਾਂ ਦੀ ਬਦੌਲਤ ਵਧ ਫੁੱਲ ਰਿਹਾ ਹੈ। ਅਪਰਾਧਾਂ ਦੀ ਵੱਧ ਰਹੀ ਚਿੰਤਾਜਨਕ ਵੱਡੀ ਗਿਣਤੀ ਵੀ ਨਸ਼ਾ ਗ੍ਰੋਹਾਂ ਦੀ ਉਪਜ ਹੈ, ਜਿਹੜੇ ਆਪਣੇ ਵਿਰੋਧੀਆਂ ਨੂੰ ਖ਼ਤਮ ਕਰਨ ਲਈ ਨਿੱਤ ਦਿਹਾੜੇ ਵਾਰਦਾਤਾਂ ਕਰਦੇ ਹਨ। ਇਹ ਹੋਰ ਵੀ ਚਿੰਤਾਜਨਕ ਹੈ ਕਿ ਰੋਜ਼ਗਾਰ ਤੋਂ ਵੰਚਿਤ ਨੌਜਵਾਨ ਇਹਨਾ ਗ੍ਰੋਹਾਂ @ਚ ਸ਼ਾਮਲ ਹੋ ਰਹੇ ਹਨ ਅਤੇ ਸਮਾਜ ਵਿੱਚ ਨਿੱਤ ਨਵੀਆਂ ਮੁਸੀਬਤਾਂ ਦਾ ਕਾਰਨ ਬਣ ਰਹੇ ਹਨ। ਇਸ ਤੋਂ ਵੀ ਵੱਡੀ ਚਿੰਤਾ ਨਸ਼ਾ ਤਸਕਰਾਂ, ਗੁੰਡਾ ਗ੍ਰੋਹਾਂ ਸਮਾਜ ਵਿਰੋਧੀ ਅਨਸਰਾਂ ਦੇ ਸਰਗਨਿਆਂ ਦਾ ਸਿਆਸੀ ਧਿਰਾਂ ਦਾ ਜੋੜ-ਮੇਲ ਵੱਧ ਰਿਹਾ ਹੈ, ਜੋ ਦੇਸ਼ ਵਿੱਚ ਹੋ ਰਹੀਆਂ ਕਿਸੇ ਕਿਸਮ ਦੀਆਂ ਚੋਣਾਂ ’ਚ ਅਹਿਮ ਭੂਮਿਕਾ ਨਿਭਾਉਣ ਦੇ ਯੋਗ ਬਣ ਗਏ ਹਨ। ਸਿੱਟਾ ਇਹ ਹੈ ਕਿ ਸਰਵਜਨਕ ਰੂਪ ਵਿੱਚ ਤਸਕਰਾਂ ਦੀ ਅਰਾਜਕਤਾ ਪ੍ਰਭਾਵੀ ਢੰਗ ਨਾਲ ਦੇਸ਼ ਤੇ ਸਮਾਜ ਵਿੱਚ ਦਿਖਣ ਲੱਗੀ ਹੈ, ਜੋ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਭਾਰੀ ਪੈਣ ਲੱਗੀ ਹੈ। ਇਥੋਂ ਤੱਕ ਕਿ ਦੇਸ਼ ਦੀ ਸੁਰੱਖਿਆ ਵੀ ਇਹਨਾ ਤਸਕਰਾਂ ਕਾਰਨ ਦਾਅ @ਤੇ ਲੱਗੀ ਦਿਸ ਰਹੀ ਹੈ, ਕਿਉਂਕਿ ਨਿੱਤ ਦਿਹਾੜੇ ਸਰਹੱਦੋਂ ਪਾਰ ਡਰੋਨ ਹਮਲੇ ਅਤੇ ਸਰਹੱਦੀਆਂ ਥਾਣੇ ਚੌਕੀਆਂ ਉਤੇ ਗਰਨੇਡ ਹਮਲੇ ਹੋ ਰਹੇ ਹਨ। ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਇਸ ਕਿਸਮ ਦੀਆਂ ਵਾਰਦਾਤਾਂ ਪਿਛੇ ਪੁਲਿਸ ਪ੍ਰਸ਼ਾਸ਼ਨ, ਇਹਨਾ ਨਸ਼ਾ ਤਸਕਰਾਂ ਦਾ ਹੀ ਹੱਥ ਵੇਖਦਾ ਹੈ।

ਵੈਸੇ ਤਾਂ ਦੇਸ਼ ਦੇ ਹਰ ਸੂਬੇ ’ਚ ਨਸ਼ਿਆਂ ਦਾ ਜਾਲ ਫੈਲਾਇਆ ਜਾ ਰਿਹਾ ਹੈ। ਪਰ ਸਰਹੱਦੀ ਸੂਬੇ ਇਸਦੀ ਮਾਰ ਹੇਠ ਜ਼ਿਆਦਾ ਹਨ। ਪੰਜਾਬ ’ਚ ਨਸ਼ਾ ਤਸਕਰ ਆਪਣਾ ਪ੍ਰਭਾਵ ਵਧਾ ਚੁੱਕੇ ਹਨ। ਪੰਜਾਬ ਦੇ ਪਿੰਡਾਂ ’ਚ ਸ਼ਹਿਰਾਂ ਦੀਆਂ ਬਸਤੀਆਂ ਦਾ ਬੇਰੋਕ-ਟੋਕ ਮਿਲਣਾ ਅਤੇ ਨਸ਼ਿਆਂ ਖਿਲਾਫ਼ ਬੋਲਣ ਵਾਲਿਆਂ ਨੂੰ ਨਸ਼ਾ ਤਸਕਰਾਂ ਵੱਲੋਂ ਚੁੱਪ ਕਰਵਾਉਣਾ ਆਮ ਜਿਹੀ ਗੱਲ ਹੈ। ਕਈ ਥਾਵਾਂ ਉਤੇ, ਜਿਥੇ ਨਸ਼ਿਆਂ ਦਾ ਭਰਵਾਂ ਵਿਰੋਧ ਹੋਇਆ, ਉਥੇ ਸਰਪੰਚਾਂ ਜਾਂ ਮੁਹੱਤਬਰਾਂ ਦੇ ਕਤਲਾਂ ਦੀਆਂ ਖ਼ਬਰਾਂ ਵੀ ਮਿਲਦੀਆਂ ਹਨ।

(ਬਾਕੀ ਸਫ਼ਾ 31 ’ਤੇ)


# ਕਿਉਂ ਵਿਸਾਰ ਰਹੇ ਹਾਂ ਆਪਣੀ ਮਾਂ ਬੋਲੀ ਪੰਜਾਬੀ



ਨਿਸ਼ਠਾ ਸੂਦ

ਹਾਲ ਹੀ ਵਿੱਚ ਕ੍ਰਿਕਟਰ ਆਰ. ਅਸ਼ਿਵਨ ਨੇ ਜਦੋਂ ਇਹ ਕਹਿ ਦਿੱਤਾ ਸੀ ਕਿ ਹਿੰਦੀ ਭਾਰਤ ਦੀ ਰਾਸ਼ਟਰ ਭਾਸ਼ਾ ਨਹੀਂ ਹੈ ਤਾਂ ਦੇਸ਼ ਵਿੱਚ ਤੂਫ਼ਾਨ ਖੜ੍ਹਾ ਹੋ ਗਿਆ ਸੀ। ਭਾਰਤੀ ਸੰਵਿਧਾਨ ਦੀ ਧਾਰਾ 343 ਤਹਿਤ ਦੇਵਨਾਗਰੀ ਲਿਪੀ ਵਿੱਚ ਲਿਖੀ ਜਾਂਦੀ ਹਿੰਦੀ ਨੂੰ ਕੇਂਦਰ ਅਤੇ ਸੂਬਿਆਂ ਵਿਚਕਾਰ ਸੰਚਾਰ ਦੇ ਮਾਧਿਅਮ ਵਜੋਂ ਇੱਕ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ ਨਾ ਕਿ ਰਾਸ਼ਟਰ ਭਾਸ਼ਾ ਵਜੋਂ। ਸਿਰਫ਼ ਹਿੰਦੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਖ਼ਿਲਾਫ਼ ਦੱਖਣੀ ਸੂਬਿਆਂ ਅੰਦਰ ਰੋਸ ਮੁਜ਼ਾਹਰੇ ਹੋਣ ਤੋਂ ਬਾਅਦ ਅੰਗਰੇਜ਼ੀ ਨੂੰ ਇਸ ਸੂਚੀ ਵਿੱਚ ਦੂਜੀ ਸਰਕਾਰੀ ਭਾਸ਼ਾ ਵਜੋਂ ਸ਼ਾਮਿਲ ਕੀਤਾ ਗਿਆ ਸੀ। ਇਸ ਵਖਰੇਵੇਂ, ਜਿਸ ਨੂੰ ਅਮੂਮਨ ਗ਼ਲਤ ਢੰਗ ਨਾਲ ਸਮਝਿਆ ਜਾਂਦਾ ਰਿਹਾ ਹੈ, ਦੀਆਂ ਜੜ੍ਹਾਂ ਸੰਵਿਧਾਨ ਉੱਪਰ ਹੋਈਆਂ ਇਤਿਹਾਸਕ ਬਹਿਸਾਂ ਵਿੱਚ ਪਈਆਂ ਹਨ। ਪ੍ਰੋਫ਼ੈਸਰ ਪ੍ਰੀਤਮ ਸਿੰਘ ਨੇ ਭਾਰਤੀ ਸੰਵਿਧਾਨ ਉੱਪਰ ਆਪਣੇ ਕਾਰਜ ਵਿੱਚ ਵੇਰਵੇ ਦਿੱਤੇ ਹਨ ਕਿ ਕਿਵੇਂ 1949 ਵਿੱਚ ਇੱਕ ਹਿੰਦੂ ਸੰਨਿਆਸਣ ਨੇ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਦਿਵਾਉਣ ਅਤੇ ਇੰਡੀਆ ਦਾ ਨਾਂ 'ਭਾਰਤ' ਰੱਖਣ ਲਈ ਵਰਤ ਰੱਖਿਆ ਸੀ। ਭਾਵੇਂ ਹਿੰਦੀ ਨੂੰ ਰਾਸ਼ਟਰ ਭਾਸ਼ਾ ਦਾ ਦਰਜਾ ਕਦੇ ਵੀ ਨਾ ਮਿਲ ਸਕਿਆ, ਪਰ ਇਸ ਦੇ ਦਬਦਬੇ ਨੇ ਬਹੁਤ ਸਾਰੀਆਂ ਖੇਤਰੀ ਭਾਸ਼ਾਵਾਂ ਦੀ ਜੱਖਣਾ ਪੁੱਟ ਦਿੱਤੀ ਜਿਨ੍ਹਾਂ 'ਚ ਪੰਜਾਬੀ ਵੀ ਸ਼ਾਮਿਲ ਹੈ।

ਭਾਸ਼ਾ ਵਿਗਿਆਨੀ ਨੌਮ ਚੌਮਸਕੀ ਨੇ ਇਸ ਦੀ ਘੋਖ ਕੀਤੀ ਹੈ ਕਿ ਭਾਸ਼ਾਵਾਂ ਦਾ ਉਥਾਨ ਕਿੰਝ ਹੁੰਦਾ ਹੈ ਅਤੇ ਭਾਸ਼ਾਈ ਵਿਰਾਸਤਾਂ ਕਿਵੇਂ ਸਿਰਜੀਆਂ ਜਾਂਦੀਆਂ ਹਨ। ਹਾਲਾਂਕਿ ਉਨ੍ਹਾਂ ਦਾ ਧਿਆਨ ਯੂਰਪੀ ਭਾਸ਼ਾਵਾਂ 'ਤੇ ਕੇਂਦਰਿਤ ਸੀ ਪਰ ਉਨ੍ਹਾਂ ਦੀਆਂ ਲੱਭਤਾਂ ਦੀ ਗੂੰਜ ਉਪ ਮਹਾਂਦੀਪ ਵਿੱਚ ਵੀ ਸੁਣਾਈ ਦਿੰਦੀ ਹੈ ਜਿੱਥੇ ਸੱਤਾ ਨੂੰ ਗਤੀ ਦੇਣ ਵਾਲੇ ਕਾਰਕ ਭਾਸ਼ਾਈ ਧਾਰਨਾਵਾਂ ਨੂੰ ਘੜਦੇ ਹਨ। ਮਿਸਾਲ ਦੇ ਤੌਰ 'ਤੇ ਪਾਕਿਸਤਾਨ ਵਿੱਚ ਉਰਦੂ ਦੇ ਗ਼ਲਬੇ ਨੇ ਪੰਜਾਬੀ ਨੂੰ ਨੱਪ ਲਿਆ ਸੀ ਹਾਲਾਂਕਿ ਹੁਣ ਪੱਛਮੀ ਪੰਜਾਬ ਵਿੱਚ ਪੰਜਾਬੀ 'ਚ ਰੁਚੀ ਵਧ ਰਹੀ ਹੈ। ਪੂਰਬੀ ਪੰਜਾਬ ਵਿੱਚ ਭਾਵੇਂ 1966 ਤੋਂ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲਿਆ ਹੋਇਆ ਹੈ ਪਰ ਫ਼ਿਰ ਵੀ ਵੱਡੇ ਸ਼ਹਿਰੀ ਖੇਤਰਾਂ ਵਿੱਚ ਹਿੰਦੀ ਦਾ ਪ੍ਰਭਾਵ ਵਧ ਰਿਹਾ ਹੈ। ਇਸ ਤੋਂ ਹੀ ਮੈਨੂੰ ਭਾਸ਼ਾ, ਸੱਭਿਆਚਾਰ ਅਤੇ ਸਮਾਜਿਕ ਨੁਹਾਰ ਦੀਆਂ ਤ੍ਰਿਵੇਣੀਆਂ ਦੀ ਤਲਾਸ਼ ਕਰਨ ਲਈ ਪ੍ਰੇਰਨਾ ਮਿਲੀ, ਜਿਸ ਨਾਲ ਪੰਜਾਬੀ ਦੀ ਅਹਿਮੀਅਤ ਪ੍ਰਤੀ ਮੇਰੀ ਸਮਝ ਪੁਖ਼ਤਾ ਹੋਈ।



ਪੰਜਾਬ ਨਾਲ ਮੇਰਾ ਨੇਹੁ ਉਦੋਂ ਹੋਰ ਗੂੜ੍ਹਾ ਹੁੰਦਾ ਚਲਿਆ ਗਿਆ ਜਦੋਂ ਮੈਂ ਇਹ ਜਾਣਿਆ ਕਿ ਕਿਵੇਂ ਭਾਸ਼ਾ ਸਾਨੂੰ ਆਪਣੀ ਪਛਾਣ, ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੋੜਦੀ ਹੈ। ਧਨਬਾਦ (ਝਾਰਖੰਡ) ਦੇ ਇੱਕ ਪੰਜਾਬੀ ਖੱਤਰੀ ਪਰਿਵਾਰ ਵਿੱਚ ਮੇਰਾ ਜਨਮ ਹੋਇਆ ਅਤੇ ਆਪਣੀ ਪੜ੍ਹਾਈ ਅਤੇ ਕੰਮ ਦਿੱਲੀ ਵਿੱਚ ਕੀਤਾ ਹੈ। ਮੈਂ ਅਕਸਰ ਰੋਜ਼ਮਰ੍ਹਾ ਜੀਵਨ ਵਿੱਚ ਹਿੰਦੀ ਦੇ ਦਬਦਬੇ ਦੇ ਬੋਝ ਅਤੇ ਪੰਜਾਬੀ ਨੂੰ ਹੌਲੀ-ਹੌਲੀ ਲੱਗ ਰਹੇ ਖੋਰੇ ਨੂੰ ਮਹਿਸੂਸ ਕੀਤਾ ਹੈ। ਪੰਜਾਬ ਵਿੱਚ ਵਸਦੇ ਮੇਰੇ ਬਹੁਤੇ ਰਿਸ਼ਤੇਦਾਰ ਪੰਜਾਬੀ ਦੀ ਬਜਾਏ ਹਿੰਦੀ ਬੋਲਣ ਨੂੰ ਤਰਜੀਹ ਦਿੰਦੇ ਹਨ। ਜ਼ੀਰਕਪੁਰ ਵਿੱਚ ਰਹਿੰਦੀ ਆਪਣੀ ਦਸ ਸਾਲ ਦੀ ਭਤੀਜੀ ਨੂੰ ਜਦੋਂ ਮੈਂ ਪੁੱਛਿਆ ਕਿ ਉਹ ਪੰਜਾਬੀ ਦੀ ਬਜਾਏ ਹਿੰਦੀ ਕਿਉਂ ਬੋਲਦੀ ਹੈ ਤਾਂ ਉਸ ਦਾ ਜਵਾਬ ਸੀ "ਕਿਉਂਕਿ ਮੈਂ ਇੰਡੀਅਨ ਹੂੰ"। ਇਸ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਨਵੀਂ ਪੀੜ੍ਹੀ ਹਿੰਦੀ ਨੂੰ ਰਾਸ਼ਟਰੀ ਪਛਾਣ ਨਾਲ ਜੋੜ ਕੇ ਵੇਖਦੀ ਹੈ ਤੇ ਪੰਜਾਬੀ ਨੂੰ ਕਿਵੇਂ ਵਿਸਾਰ ਰਹੀ ਹੈ।

ਸ਼ਹਿਰੀ ਪੰਜਾਬੀ ਹਿੰਦੂਆਂ ਅਤੇ ਕੁਝ ਸਿੱਖਾਂ ਅੰਦਰ ਪੰਜਾਬੀ ਤੋਂ ਬੇਮੁੱਖਤਾ ਬਹੁਤ ਤਿੱਖੇ ਰੂਪ ਵਿੱਚ ਨਜ਼ਰ ਆਉਂਦੀ ਹੈ। ਆਜ਼ਾਦੀ ਤੋਂ ਬਾਅਦ ਸ਼ਹਿਰੀ ਮੱਧਵਰਗੀ ਪੰਜਾਬੀਆਂ ਅੰਦਰ ਪੰਜਾਬੀ ਦੀ ਥਾਂ ਹਿੰਦੀ ਨੇ ਲੈਣੀ ਸ਼ੁਰੂ ਕਰ ਦਿੱਤੀ ਸੀ ਤੇ ਇਸ ਨੂੰ ਹਿੰਦੀ ਨਾਲ ਰਾਸ਼ਟਰਵਾਦ ਜੋੜੇ ਜਾਣ ਤੋਂ ਹੱਲਾਸ਼ੇਰੀ ਮਿਲਣ ਲੱਗੀ। ਮੇਰੀ ਮਾਂ (66 ਸਾਲ) ਜਿਸ ਨੇ ਲੁਧਿਆਣੇ ਵਿੱਚ ਪੜ੍ਹਾਈ ਕੀਤੀ ਸੀ, ਨੇ ਦੱਸਿਆ ਕਿ ਸਿਰਫ਼ ਇੱਕ ਸਾਲ ਪੰਜਾਬੀ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਜਦੋਂਕਿ ਹਿੰਦੀ ਦੀ ਪੜ੍ਹਾਈ ਪਹਿਲੀ ਤੋਂ ਹੀ ਲਾਜ਼ਮੀ ਕਰ ਦਿੱਤੀ ਜਾਂਦੀ ਸੀ। ਜ਼ੀਰਕਪੁਰ ਵਿੱਚ ਕੁਝ ਸਕੂਲਾਂ ਵਿੱਚ ਕਿੰਡਰਗਾਰਟਨ ਤੋਂ ਹੀ ਹਿੰਦੀ ਪੜ੍ਹਾਈ ਜਾਂਦੀ ਹੈ ਜਦੋਂਕਿ ਪੰਜਾਬੀ ਆਮ ਤੌਰ 'ਤੇ ਪੰਜਵੀਂ ਕਲਾਸ ਤੋਂ ਬਾਅਦ ਪੜ੍ਹਾਉਣੀ ਸ਼ੁਰੂ ਕੀਤੀ ਜਾਂਦੀ ਹੈ। ਮੇਰੀ ਭਤੀਜੀ ਦੇ ਸਕੂਲ ਵਿੱਚ ਇਉਂ ਹੀ ਹੈ, ਭਾਵੇਂ ਕੁਝ ਹੋਰ ਸਕੂਲਾਂ ਦੀਆਂ ਨੀਤੀਆਂ ਵਿੱਚ ਫ਼ਰਕ ਸੰਭਵ ਹੈ।


ਪੰਜਾਬੀ ਭਾਸ਼ਾ ਨੂੰ ਲੱਗ ਰਹੇ ਖੋਰੇ ਦੀ ਕਹਾਣੀ ਵਿਅਕਤੀਗਤ ਤਜਰਬਿਆਂ ਤੱਕ ਸੀਮਤ ਨਹੀਂ ਹੈ ਸਗੋਂ ਇਹ ਇਸ ਤੋਂ ਕਿਤੇ ਅਗਾਂਹ ਦਾ ਵਰਤਾਰਾ ਹੈ। ਆਮ ਦੇਖਣ ਵਿੱਚ ਆਉਂਦਾ ਹੈ ਕਿ ਸਕੂਲਾਂ ਵਿੱਚ ਕਿਵੇਂ ਵਿਦਿਆਰਥੀਆਂ ਦੇ ਮਨਾਂ ਅੰਦਰ ਉਨ੍ਹਾਂ ਦੀ ਮਾਤ ਭਾਸ਼ਾ (ਪੰਜਾਬੀ) ਬਾਰੇ ਹੀਣਤਾ ਭਰੀ ਜਾਂਦੀ ਹੈ। ਅੰਗਰੇਜ਼ੀ ਅਤੇ ਹਿੰਦੀ ਵਿੱਚ ਪ੍ਰਬੀਨਤਾ ਨੂੰ ਹੱਲਾਸ਼ੇਰੀ ਦੇਣ ਦੀ ਗੱਲ ਅਹਿਮ ਹੈ ਪਰ ਇਸ ਵਾਸਤੇ ਪੰਜਾਬੀ ਦੀ ਬਲੀ ਨਹੀਂ ਦਿੱਤੀ ਜਾਣੀ ਚਾਹੀਦੀ।

ਵੰਡ ਅਤੇ ਭਾਸ਼ਾ ਦੀ ਸਿਆਸਤ ਨੇ ਪੰਜਾਬੀ ਨੂੰ ਬਹੁਤ ਖ਼ੋਰਾ ਲਾਇਆ। ਉਂਝ, ਸੱਭਿਆਚਾਰਕ ਰਹੁ-ਰੀਤਾਂ ਵਿੱਚ ਪੰਜਾਬੀ ਪਛਾਣ ਕੇਂਦਰੀ ਬਣੀ ਹੋਈ ਹੈ। ਵਿਆਹ ਜਿਹੇ ਖ਼ੁਸ਼ੀ ਦੇ ਮੌਕਿਆਂ 'ਤੇ ਸਾਡੇ ਰਿਸ਼ਤੇਦਾਰ, ਭਾਵੇਂ ਹਿੰਦੀ ਵਿੱਚ ਹੀ ਸਹੀ ਆਪਣੀ ਪੰਜਾਬੀ ਪਛਾਣ ਨੂੰ ਦਰਸਾਉਂਦੇ ਹਨ ਪਰ ਗਿੱਧਾ ਤੇ ਭੰਗੜਾ ਉਹ ਪੰਜਾਬੀ ਗਾਣਿਆਂ 'ਤੇ ਹੀ ਪਾਉਂਦੇ ਹਨ। ਫ਼ਿਰ ਇਹ ਸੱਭਿਆਚਾਰਕ ਮਾਣ ਉਨ੍ਹਾਂ ਦੇ ਨਿੱਤ ਦੇ ਕਾਰ-ਵਿਹਾਰ ਨਾਲ ਬਿਲਕੁਲ ਮੇਲ ਨਹੀਂ ਖਾਂਦਾ। ਵਿਆਹ ਦੇ ਸੱਦਾ ਪੱਤਰ ਹਿੰਦੀ ਵਿੱਚ ਛਪਵਾਏ ਜਾਂਦੇ ਹਨ ਅਤੇ ਗੱਲਬਾਤ ਵਿੱਚ ਕਦੇ ਕਦਾਈਂ ਹੀ ਪੰਜਾਬੀ ਸ਼ਬਦ ਆਉਂਦੇ ਹਨ। ਨਵੀਂ ਪੀੜ੍ਹੀ ਵਿੱਚ ਇਹ ਪਾੜ੍ਹਾ ਹੋਰ ਵਧ ਰਿਹਾ ਹੈ। ਮਹਾਨਗਰਾਂ ਵਿੱਚ ਰਹਿਣ ਵਾਲੇ ਪੰਜਾਬੀ ਆਪਣੇ ਬੱਚਿਆਂ ਨਾਲ ਬਹੁਤਾ ਹਿੰਦੀ ਵਿੱਚ ਹੀ ਗੱਲਬਾਤ ਕਰਦੇ ਹਨ ਅਤੇ ਇੰਝ ਉਨ੍ਹਾਂ ਦੇ ਘਰਾਂ 'ਚੋਂ ਮਾਤ ਭਾਸ਼ਾ ਮਨਫ਼ੀ ਹੋ ਰਹੀ ਹੈ। 62 ਸਾਲ ਦੇ ਮੇਰੇ ਇੱਕ ਰਿਸ਼ਤੇਦਾਰ ਦੀ 38 ਸਾਲਾ ਧੀ ਆਪਣੇ ਬੱਚਿਆਂ ਨਾਲ ਹਿੰਦੀ ਵਿੱਚ ਗੱਲ ਕਰਦੀ ਹੈ। ਮੇਰੇ ਦੋਵੇਂ ਭਤੀਜੇ ਪੰਜਾਬੀ ਵਿੱਚ ਗੱਲਬਾਤ ਕਰਨ ਤੋਂ ਅਸਮਰਥ ਹਨ। ਜਦੋਂ ਮੈਂ ਆਪਣੀ ਭਤੀਜੀ ਸਾਹਮਣੇ 'ਡੱਡੂ' ਸ਼ਬਦ ਬੋਲ ਬੈਠੀ ਤਾਂ ਉਸ ਨੇ ਪੁੱਛਿਆ "ਵਟ ਇਜ਼ ਡੱਡੂ ?"। ਆਖ਼ਰ ਮੈਨੂੰ ਹਿੰਦੀ ਦਾ ਸ਼ਬਦ 'ਮੇਂਡਕ' ਵਰਤ ਕੇ ਉਸ ਨੂੰ 'ਡੱਡੂ' ਦਾ ਅਰਥ ਸਮਝਾਉਣਾ ਪਿਆ।

ਸਿਤਮਜ਼ਰੀਫ਼ੀ ਹੈ ਕਿ ਮੇਰੇ ਕੁਝ ਰਿਸ਼ਤੇਦਾਰ ਆਪਣੀ ਪੰਜਾਬੀ ਪਛਾਣ ਨੂੰ ਮਾਣ ਨਾਲ ਪ੍ਰਗਟ ਕਰਦੇ ਹਨ ਤੇ ਨਾਲ ਹੀ ਬਿਹਾਰ ਤੋਂ ਆਏ ਲੋਕਾਂ ਨੂੰ ਨੀਵਾਂ ਸਮਝਦੇ ਹਨ, 'ਬਿਹਾਰੀ' ਵਰਗੇ ਸ਼ਬਦ ਨੂੰ ਵੀ ਅਪਮਾਨਜਨਕ ਢੰਗ ਨਾਲ ਵਰਤਦੇ ਹਨ। ਫ਼ਿਰ ਵੀ ਆਪਣੀ ਭਾਸ਼ਾ ਨੂੰ ਅਪਣਾਉਣ ਲੱਗਿਆਂ ਝਿਜਕ ਮਹਿਸੂਸ ਕਰਦੇ ਹਨ। ਇਹ ਵਿਰੋਧਾਭਾਸ, ਪਛਾਣ ਘੜਨ 'ਚ ਭਾਸ਼ਾਈ ਵਰਗੀਕਰਨ ਤੇ ਸਮਾਜਿਕ ਰੀਤਾਂ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ।

ਕੁਲੀਨ ਵਰਗ ਦੀਆਂ ਭਾਸ਼ਾਈ ਤਰਜੀਹਾਂ ਇਸ ਵੰਡ ਨੂੰ ਹੋਰ ਗਹਿਰਾ ਕਰਦੀਆਂ ਹਨ। ਐੱਸ.ਓ.ਏ.ਐੱਸ. 'ਚ ਮੇਰੇ ਅਧਿਆਪਕ ਪ੍ਰੋਫ਼ੈਸਰ ਡੇਵ, ਦਲੀਲ ਦਿੰਦੇ ਹਨ ਕਿ ਕਿਸੇ ਭਾਸ਼ਾ ਦੀ ਹੋਂਦ ਕੁਲੀਨਾਂ ਵੱਲੋਂ ਇਸ ਨੂੰ ਅਪਨਾਉਣ 'ਤੇ ਨਿਰਭਰ ਕਰਦੀ ਹੈ। ਸ਼ਹਿਰੀ ਪੰਜਾਬ 'ਚ, ਜ਼ਿਆਦਾਤਰ ਕੁਲੀਨ ਵਰਗ ਪੰਜਾਬੀ ਨੂੰ ਪਹਿਲ ਨਹੀਂ ਦਿੰਦਾ। ਰੋਜ਼ਾਨਾ ਦੀ ਗੱਲਬਾਤ 'ਚ ਇਹ ਦਿਸਦਾ ਹੈ। (ਬਾਕੀ ਸਫ਼ਾ 31 'ਤੇ)

# ਨੱਬੇ ਘੰਟੇ ਕੰਮ ਕਾਮਿਆਂ ਲਈ ਨਵਾਂ ਸ਼ਗੂਫ਼ਾ



ਗੁਰਮੀਤ ਧਾਲੀਵਾਲ

ਸਾਲ ਦੀ ਸ਼ੁਰੂਆਤ ਵਿੱਚ ਹੀ ਨਵੀਂ ਬਹਿਸ ਛਿੜ ਪਈ ਹੈ। ਐੱਸ.ਐੱਨ. ਸੁਬਰਾਮਨੀਅਮ, ਜਿਹੜਾ ਵੱਡੀ ਇੰਫ਼ਰਾ ਸਟਰਕਚਰ ਕੰਪਨੀ ਐੱਲ ਐਂਡ ਟੀ ਦਾ ਚੇਅਰਮੈਨ ਹੈ, ਦਾ ਵੀਡੀਓ ਵਾਇਰਲ ਹੋਇਆ ਹੈ ਜਿਸ ਵਿੱਚ ਉਹ ਆਪਣੇ ਕਰਮੀਆਂ ਨੂੰ ਕਹਿ ਰਿਹਾ ਸੀ ਕਿ ਉਸ ਨੂੰ ਅਫ਼ਸੋਸ ਹੈ ਕਿ ਉਹ ਆਪਣੇ ਕਾਮਿਆਂ ਤੋਂ ਐਤਵਾਰ ਨੂੰ ਵੀ ਕੰਮ ਨਹੀਂ ਕਰਵਾ ਸਕਦਾ; ਉਹ ਕਹਿੰਦਾ ਹੈ ਕਿ ਐਤਵਾਰ ਵਾਲੇ ਦਿਨ ਛੁੱਟੀ ਕਰ ਕੇ ਪਤੀ ਕਿੰਨਾ ਚਿਰ ਆਪਣੀ ਪਤਨੀ ਨੂੰ ਦੇਖ ਸਕਦੇ ਨੇ ਤੇ ਪਤਨੀ ਆਪਣੇ ਪਤੀ ਨੂੰ ਕਿੰਨਾ ਚਿਰ ਦੇਖ ਸਕਦੀ ਹੈ। ਉਸ ਅਨੁਸਾਰ, ਕਾਮਿਆਂ ਨੂੰ 90 ਘੰਟੇ ਹਰ ਹਫ਼ਤੇ ਕੰਮ ਕਰਨਾ ਚਾਹੀਦਾ ਹੈ।

ਇਸ ਬਾਰੇ ਸੋਸ਼ਲ ਮੀਡੀਆ 'ਤੇ ਬਹਿਸ ਛਿੜੀ ਹੈ। ਲੋਕ ਇਸ 'ਤੇ ਮਜ਼ਾਹੀਆ ਮੀਮ ਬਣਾ ਰਹੇ ਹਨ: ਉੱਠੋ ਅਨਾਰਕਲੀ! ਮੈਂ ਐੱਲ ਐਂਡ ਟੀ ਕੰਪਨੀ ਛੱਡ ਦਿੱਤੀ ਹੈ ਤੇ ਮੈਂ ਤੈਨੂੰ ਦੇਖ ਸਕਦਾ ਹਾਂ।

ਦੇਖਣਾ ਬਣਦਾ ਹੈ ਕਿ ਇਹ ਬਹਿਸ ਐਵੇਂ ਹੀ ਤਾਂ ਪ੍ਰਗਟ ਨਹੀਂ ਹੋਈ, ਇਸ ਦੀ ਕੋਈ ਤਾਂ ਵਜ੍ਹਾ ਹੈ ਕਿਉਂਕਿ ਜਿਹੜੇ ਹਲਕੇ 'ਚੋਂ ਇਹ ਚੇਅਰਮੈਨ ਸਾਹਿਬ ਹਨ, ਉਨ੍ਹਾਂ ਗਲਿਆਰਿਆਂ ਵਿਚੋਂ ਇਨਫ਼ੋਸਿਸ ਮੁਖੀ ਨਰਾਇਣ ਮੂਰਤੀ ਨੇ ਵੀ ਨੌਜਵਾਨਾਂ ਨੂੰ ਪਹਿਲਾਂ 70 ਘੰਟੇ ਹਰ ਹਫ਼ਤੇ ਕੰਮ ਕਰਨ ਦੀ ਗੱਲ ਆਖੀ ਸੀ। ਐਲ ਐਂਡ ਟੀ ਕੰਪਨੀ ਨੇ ਰਾਸ਼ਟਰ ਨਿਰਮਾਣ ਦਾ ਮੁਲੰਮਾ ਚੜ੍ਹਾ ਕੇ ਆਪਣੇ ਚੇਅਰਮੈਨ ਦੇ ਬਿਆਨ ਨੂੰ ਵਾਜਿਬ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ।

ਚੇਅਰਮੈਨ ਦਾ ਬਿਆਨ ਆਉਂਦੇ ਹੀ ਉਸ ਦੀ ਆਮਦਨ ਦੀ ਜਾਣਕਾਰੀ ਜਨਤਕ ਥਾਵਾਂ 'ਤੇ ਨਸ਼ਰ ਹੋਣ ਲੱਗੀ। ਪਤਾ ਲੱਗਾ ਕਿ ਚੇਅਰਮੈਨ ਆਪ ਇੱਕ ਦਿਨ ਦਾ 14 ਲੱਖ ਰੁਪਿਆ ਕਮਾਉਂਦਾ ਹੈ ਜਦਕਿ ਭਾਰਤ ਦੀ ਬਹੁਤੀ ਆਬਾਦੀ 25000 ਰੁਪਏ ਮਹੀਨਾ ਕਮਾਉਣ ਦੇ ਸਮਰਥ ਨਹੀਂ ਅਤੇ ਮਹਿੰਗਾਈ ਨੇ ਮੱਧ ਵਰਗ ਦਾ ਲੱਕ ਤੋੜਿਆ ਹੋਇਆ ਹੈ। ਕੋਵਿਡ-19 ਤੋਂ ਬਾਅਦ ਲੋਕਾਂ ਦੀ ਆਮਦਨ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਘਰੇਲੂ ਖਪਤ ਦੀਆਂ ਵਸਤਾਂ (ਐੱਫ਼.ਐੱਮ.ਸੀ.ਜੀ.) ਦੀਆਂ ਡਾਬਰ, ਨੈਸਲੇ ਅਤੇ ਹਿੰਦੁਸਤਾਨ ਯੂਨੀਲੀਵਰ ਜਿਹੀਆਂ ਕੰਪਨੀਆਂ ਆਪਣੇ ਖਪਤ ਘਟਣ ਦੇ ਅੰਕੜੇ ਦੇ ਰਹੀਆਂ ਹਨ। ਕਾਰਾਂ ਅਤੇ ਦੋ-ਪਹੀਆ ਵਾਹਨ ਨਿਰਮਾਤਾ ਵਿਕ ਨਹੀਂ ਰਹੇ ਅਤੇ ਦਿਵਾਲੀ ਤੇ ਤਿਉਹਾਰੀ ਸੀਜ਼ਨ ਲੰਘਣ ਬਾਅਦ ਦੀ ਵਾਹਨਾਂ ਦੀ ਵਿਕਰੀ ਵਿੱਚ ਵਾਧਾ ਨਹੀਂ ਹੋਇਆ ਹੈ। ਜ਼ਾਹਿਰ ਹੈ ਕਿ ਜਿਸ ਮਿਡਲ ਕਲਾਸ ਦੇ ਸਹਾਰੇ ਖਪਤ ਵਧਣ ਦੇ ਦਾਅਵੇ ਕੀਤੇ ਜਾ ਰਹੇ ਸਨ, ਉਹ ਸੰਕਟ ਵਿੱਚ ਹੈ।



ਦੂਜੇ ਪਾਸੇ ਕਾਰਪੋਰੇਟ ਅਦਾਰੇ ਕਰਮਚਾਰੀਆਂ ਨੂੰ ਨਵਾਂ ਰੁਜ਼ਗਾਰ ਤਾਂ ਕੀ ਦੇਣਾ ਹੈ, ਉਨ੍ਹਾਂ ਦੀਆਂ ਉਜਰਤਾਂ ਵਿੱਚ ਸਾਲਾਨਾ ਵਾਧਾ ਕਰਨ ਤੋਂ ਵੀ ਭੱਜ ਰਹੇ ਹਨ। ਇਨਫ਼ੋਸਿਸ ਦਾ ਨਰਾਇਣ ਮੂਰਤੀ ਜਿਹੜਾ 70 ਘੰਟੇ ਕੰਮ ਦੀ ਵਕਾਲਤ ਕਰਦਾ ਸੀ, ਉਸ ਦੀ ਕੰਪਨੀ ਨੇ ਪਿਛਲੇ ਸਾਲ ਆਪਣੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਸਾਲਾਨਾ ਵਾਧਾ ਅਗਲੇ ਵਰ੍ਹੇ 'ਤੇ ਟਾਲ ਦਿੱਤਾ ਸੀ ਅਤੇ ਹੁਣ ਐੱਚ ਸੀ ਐੱਲ ਕੰਪਨੀ ਨੇ ਇਸ ਵਰ੍ਹੇ 7 ਫ਼ੀਸਦ ਵਾਧੇ ਦੀ ਥਾਂ 3 ਤੋਂ 4 ਫ਼ੀਸਦ ਵਾਧੇ ਦਾ ਐਲਾਨ ਕੀਤਾ ਹੈ, ਉਹ ਵੀ ਹੇਠਲੇ ਮੁਲਾਜ਼ਮਾਂ ਨੂੰ, ਤੇ ਜਿਹੜੀ 7-8 ਫ਼ੀਸਦੀ ਦੇ ਵਾਧੇ ਦੇ ਵਾਅਦੇ ਤੋਂ ਘੱਟ ਹੈ। ਇਹ ਕੰਪਨੀਆਂ ਮੁਲਾਜ਼ਮਾਂ ਨੂੰ ਤਨਖਾਹਾਂ ਵਿੱਚ ਵਾਧਾ ਕਰਨ ਤੋਂ ਤਾਂ ਭੱਜ ਰਹੀਆਂ ਹਨ ਪਰ ਕੰਮ ਘੰਟੇ ਵਧਾਉਣ ਦੀ ਵਕਾਲਤ ਹਰ ਥਾਂ ਕਰ ਰਹੀਆਂ ਹਨ।

ਇਹ ਆਈ.ਟੀ. ਖੇਤਰ ਹੀ ਸੀ ਜਿਹੜਾ ਮਿਡਲ ਕਲਾਸ ਨੌਜਵਾਨਾਂ ਨੂੰ ਸੁਨਹਿਰੇ ਭਵਿਖ ਦੇ ਸੁਫ਼ਨੇ ਦਿਖਾਉਂਦਾ ਸੀ ਜਿਸ ਦੇ ਕਾਮਿਆਂ ਨੂੰ ਵੱਡੇ ਪੈਕੇਜ ਮਿਲਣ ਦੀਆਂ ਸੁਰਖੀਆਂ ਬਣਦੀਆਂ ਸਨ। 2024 ਦੌਰਾਨ ਭਾਰਤ ਦੇ ਆਈ.ਆਈ.ਟੀ. ਦੇ 38% ਨੌਜਵਾਨਾਂ ਨੂੰ ਨੌਕਰੀਆਂ ਨਹੀਂ ਮਿਲੀਆਂ। ਹੁਣ ਆਰਟੀਫ਼ਿਸ਼ਲ ਇੰਟੈਲੀਜੈਂਸ ਦੀ ਵਰਤੋਂ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਦੇਸ਼ੀ ਕੰਪਨੀਆਂ 'ਤੇ ਰੋਕਾਂ ਲਗਾਉਣ, ਟੈਕਸ ਵਧਾਉਣ ਦੇ ਸਾਏ ਹੇਠ ਜਿੱਥੇ ਆਈਟੀ ਇੰਡਸਟਰੀ 'ਚ ਘਬਰਾਹਟ ਹੈ ਉਥੇ ਮੁਨਾਫ਼ਾ ਵਧਾਉਣ ਦੀਆਂ ਲਾਲਸਾਵਾਂ ਹੇਠ ਮੁਲਾਜ਼ਮਾਂ ਦਾ ਖ਼ੂਨ ਚੂਸ ਕੇ ਮੁਨਾਫ਼ੇ ਬਰਕਰਾਰ ਰੱਖਣ ਲਈ ਜ਼ਿਆਦਾ ਘੰਟੇ ਕੰਮ ਕਰਨ ਦੇ ਵਿਚਾਰ ਪ੍ਰਚਾਰੇ ਜਾ ਰਹੇ ਹਨ। ਇਸ ਨੂੰ ਰਾਸ਼ਟਰ ਨਿਰਮਾਣ ਦਾ ਮੁਲੰਮਾ ਚੜ੍ਹਾਇਆ ਜਾ ਰਿਹਾ ਹੈ, ਅਜਿਹਾ ਰਾਸ਼ਟਰ ਜਿਸ ਦੇ 80 ਕਰੋੜ ਬਾਸ਼ਿੰਦੇ ਅਨਾਜ ਖਰੀਦਣ ਤੋਂ ਅਸਮਰਥ ਹਨ। ਐੱਲ ਐਂਡ ਟੀ ਦਾ ਸੁਪਰ ਅਮੀਰ ਚੇਅਰਮੈਨ ਜਿਹੜਾ ਦਿਨ ਦਾ 14 ਲੱਖ ਰੁਪਏ ਕਮਾ ਕੇ ਮਾਤਹਿਤ ਮੁਲਾਜ਼ਮਾਂ ਤੋਂ ਆਪਣੇ ਪਰਿਵਾਰ ਨਾਲ ਐਤਵਾਰ ਵੀ ਨਾ ਗੁਜ਼ਾਰਨ ਦੇਣ ਦੀ ਲਾਲਸਾ ਪਾਲਦਾ ਹੋਵੇ, ਅਜਿਹੇ ਹਾਲਾਤ ਭਵਿੱਖ ਵਿੱਚ ਬੇਰੁਜ਼ਗਾਰੀ ਵਧਾਉਣ ਵਾਲੇ ਤਾਂ ਹੋ ਸਕਦੇ ਹਨ, ਰਾਸ਼ਟਰ ਨਿਰਮਾਣ ਵਾਲੇ ਕਤਈ ਨਹੀਂ।

ਕਾਰਪੋਰੇਟ ਹਲਕਿਆਂ ਵਿੱਚ ਪਹਿਲਾਂ ਹੀ ਅਣਐਲਾਨਿਆ 12 ਤੋਂ ਵੱਧ ਕੰਮ ਘੰਟਿਆਂ ਦਾ ਰੁਝਾਨ ਹੈ ਜਿਸ ਵਿੱਚ ਸਭ ਤੋਂ ਜ਼ਿਆਦਾ ਬੋਝ ਹੇਠਲੇ ਪਾਇਦਾਨ ਦੇ ਮੁਲਾਜ਼ਮਾਂ 'ਤੇ ਹੁੰਦਾ ਹੈ ਜਿਹੜੇ ਨੌਕਰੀ ਬਚਾਉਣ ਦੇ ਦਬਾਅ ਹੇਠ ਘੱਟ ਤਨਖਾਹਾਂ 'ਤੇ ਸ਼ੋਸ਼ਣ ਬਰਦਾਸ਼ਤ ਕਰਦੇ ਹਨ। ਘੱਟ ਤਨਖਾਹਾਂ ਕਾਰਨ ਉਹ ਘਰੇਲੂ ਕੰਮਾਂ ਲਈ ਸਹਾਇਕ ਰੱਖਣ ਦੇ ਵੀ ਕਾਬਿਲ ਨਹੀਂ ਹੁੰਦੇ ਅਤੇ ਉਨ੍ਹਾਂ ਦੇ ਬਦਲ ਵੀ ਬੇਰੁਜ਼ਗਾਰਾਂ ਦੀ ਮਹਾਂ ਮੰਡੀ ਵਿੱਚੋਂ ਬੜੇ ਸੁਖਾਲੇ ਹਾਸਲ ਹੋ ਸਕਦੇ ਹਨ। ਅਜਿਹੇ ਮੁਲਾਜ਼ਮ ਜਲਦੀ ਹੀ ਬਰਨ ਆਊਟ (ਕੰਮ ਦੇ ਦਬਾਅ ਨਾਲ ਝੁਲਸਣਾ) ਹੋ ਜਾਂਦੇ ਹਨ ਜਿਸ ਵਿੱਚ ਔਰਤਾਂ ਦੀ ਗਿਣਤੀ ਮਰਦਾਂ ਨਾਲੋਂ ਅਕਸਰ ਜ਼ਿਆਦਾ ਹੁੰਦੀ ਹੈ ਜਿਹੜੀਆਂ ਸਮਾਜਿਕ ਦਬਾਅ ਅਤੇ ਘਰੇਲੂ ਕੰਮਾਂ ਦੇ ਬੋਝ ਹੇਠ ਵਿਆਹ ਤੋਂ ਬਾਅਦ ਇਸ ਕੰਮ ਖੇਤਰ ਤੋਂ ਬਾਹਰ ਹੁੰਦੀਆਂ ਹਨ। ਇਸ ਨੂੰ ਵਿਆਹ ਜੁਰਮਾਨਾ (ਮੈਰਿਜ ਪੈਨਲਟੀ) ਅਤੇ ਬੱਚਾ ਜੁਰਮਾਨਾ (ਚਾਈਲਡ ਪਨੈਲਟੀ) ਕਿਹਾ ਜਾਂਦਾ ਹੈ।70 ਜਾਂ 90 ਘੰਟੇ ਦੇ ਇਨ੍ਹਾਂ ਹਾਲਾਤ ਵਿੱਚ ਪੜ੍ਹੀਆਂ ਲਿਖੀਆਂ ਔਰਤਾਂ ਦੀ ਰੁਜ਼ਗਾਰ ਖੇਤਰ ਵਿੱਚ ਸ਼ਮੂਲੀਅਤ ਹੋਰ ਘਟਣ ਦੇ ਖ਼ਦਸ਼ੇ ਹਨ ਕਿਉਂਕਿ ਇਹ ਸਿਰਫ਼ ਮੁਲਾਜ਼ਮਾਂ ਤੋਂ ਵੱਧ ਘੰਟੇ ਕਰਾਉਣ ਵਾਲਾ ਵਿਚਾਰ ਨਹੀਂ ਸਗੋਂ ਔਰਤਾਂ ਨੂੰ ਰੁਜ਼ਗਾਰ ਖੇਤਰ ਵਿਚੋਂ ਖਦੇੜਨ ਵਾਲਾ ਵੀ ਹੈ ਜਿਹੜੀਆਂ ਅੱਜ ਵੀ ਘਰੇਲੂ ਅਤੇ ਨੌਕਰੀ, ਦੋਵੇਂ ਪਾਸੇ ਚੱਕੀ ਵਿੱਚ ਪਿਸਦੀਆਂ ਅਖੀਰ ਆਪਣੇ ਸੁਫ਼ਨਿਆਂ ਨੂੰ ਤਿਲਾਂਜਲੀ ਦੇ ਨਿਆਣੇ ਅਤੇ ਘਰ ਪਰਿਵਾਰ, ਬਜ਼ੁਰਗ ਸੱਸ ਸਹੁਰੇ ਦੀ ਦੇਖਭਾਲ ਦੇ ਨਾਮ ਹੇਠ ਘਰ ਬੈਠਣ ਨੂੰ ਮਜਬੂਰ ਹੁੰਦੀਆਂ ਹਨ।

ਰਾਸ਼ਟਰ ਨਿਰਮਾਣ ਦੇ ਮੂਲ ਇਰਾਦੇ ਵਿੱਚ ਤਾਂ ਜ਼ਿਆਦਾ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਨਾਲ-ਨਾਲ ਸਹੂਲਤਾਂ ਵਧਾਉਣ ਦੀ ਸੋਚ ਹੋਣੀ ਚਾਹੀਦੀ ਹੈ ਪਰ ਕਾਰਪੋਰੇਟ ਘਰਾਣੇ ਘੱਟ ਮੁਲਾਜ਼ਮਾਂ ਤੋਂ ਘਟ ਉਜਰਤਾਂ ਤੇ ਬਿਨਾਂ ਓਵਰਟਾਈਮ ਦੇ ਕੇ ਆਪਣੇ ਮੁਨਾਫ਼ੇ ਵਧਾਉਣ ਵਾਲੀ ਸੋਚ ਲੋਕਾਂ ਵਿੱਚ ਪ੍ਰਚਾਰ ਕੇ ਇਸ ਨੂੰ ਸਰਵ ਪ੍ਰਮਾਣਿਤ ਦਰਸਾਉਣਾ ਚਾਹੁੰਦੇ ਹਨ।

(ਬਾਕੀ ਸਫ਼ਾ 31 'ਤੇ)

# ਅੰਨਦਾਤੇ ਬਾਰੇ ਬੇਰੁਖ਼ੀ ਵਾਲੀ ਪਹੁੰਚ ਬਦਲਣ ਦੀ ਲੋੜ

ਮੋਹਨ ਸਿੰਘ (ਡਾ.)



ਸਰਕਾਰ ਦੀ ਬੇਰੁਖ਼ੀ ਕਾਰਨ ਪੰਜਾਬ ਦਾ ਕਿਸਾਨ ਗੰਭੀਰ ਸੰਕਟ ਵਿੱਚ ਫਸਿਆ ਹੋਇਆ ਹੈ। ਕਿਸਾਨਾਂ ਮਜ਼ਦੂਰਾਂ ਸਿਰ ਕਰਜ਼ਾ ਵਧ ਰਿਹਾ ਹੈ। 1997 ਵਿੱਚ ਇਹ ਕਰਜ਼ਾ 5700 ਕਰੋੜ ਰੁਪਏ ਸੀ ਜੋ 2022-23 ਵਿੱਚ 73673 ਕਰੋੜ ਰੁਪਏ ਹੋ ਗਿਆ। ਆਰਥਿਕ ਵਿਕਾਸ ਅੰਕਾਂ ਦੀ ਤਾਜ਼ਾ ਰਿਪੋਰਟ ਵਿੱਚ ਪੰਜਾਬ ਸਾਰੇ ਰਾਜਾਂ ਨਾਲੋਂ ਫਾਡੀ ਰਹਿ ਗਿਆ ਹੈ। ਪੰਜਾਬ ਦੀਆਂ ਕੁੱਲ ਖੁਦਕੁਸ਼ੀਆਂ ਵਿਚੋਂ 87 ਪ੍ਰਤੀਸ਼ਤ ਕਿਸਾਨਾਂ ਨੇ ਕਰਜ਼ੇ ਕਰ ਕੇ ਕੀਤੀਆਂ। ਇਨ੍ਹਾਂ ਵਿਚੋਂ 76 ਪ੍ਰਤੀਸ਼ਤ ਛੋਟੇ ਕਿਸਾਨ (5 ਏਕੜ ਤੋਂ ਘੱਟ) ਜ਼ਮੀਨ ਵਾਲੇ ਕਿਸਾਨ ਹਨ। ਪੰਜਾਬ ਦੇ ਵੱਡੇ ਕਾਸ਼ਤਕਾਰ ਕੰਬਾਈਨਾਂ, ਟਰੈਕਟਰਾਂ, ਬਿਜਲੀ ਮੋਟਰਾਂ ਤੇ ਆਧੁਨਿਕ ਸੰਦਾਂ ਦੇ ਮਾਲਕ ਹਨ; ਸਬਸਿਡੀਆਂ ਦਾ ਵੱਡਾ ਫਾਇਦਾ ਵੀ ਇਨ੍ਹਾਂ ਨੂੰ ਹੁੰਦਾ ਹੈ। ਇਨ੍ਹਾਂ ਵੱਡੇ ਕਾਸ਼ਤਕਾਰ ਵਿੱਚੋਂ ਬਹੁਤੇ ਵੱਡੀ ਜ਼ਮੀਨ ਦੇ ਮਾਲਕ ਹਨ ਅਤੇ ਇਨ੍ਹਾਂ ਨੇ ਖੇਤੀਬਾੜੀ ਵਿੱਚੋਂ ਮੁਨਾਫ਼ੇ ਖੱਟ ਕੇ ਕੇ ਮੈਰਿਜ ਪੈਲਸਾਂ, ਟਰਾਂਸਪੋਰਟ ਅਤੇ ਰੀਅਲ ਐਸਟੇਟ ਵਿੱਚ ਪੈਸੇ ਲਾਏ ਹੋਏ ਹਨ। ਪੰਜਾਬ ਦੇ ਦੋ-ਤਿਹਾਈ ਲੋਕ ਅਜੇ ਵੀ ਪਿੰਡਾਂ ਵਿੱਚ ਵਸਦੇ ਹਨ ਜੋ ਮੁੱਖ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਹਨ ਪਰ ਖੇਤੀਬਾੜੀ ਖੇਤਰ 1971 ਵਿੱਚ 63 ਪ੍ਰਤੀਸ਼ਤ ਲੋਕਾਂ ਨੂੰ ਰੁਜ਼ਗਾਰ ਦਿੰਦਾ ਸੀ, 2011 ਤੋਂ ਇਹ ਸਿਰਫ 35.6 ਪ੍ਰਤੀਸ਼ਤ ਲੋਕਾਂ ਨੂੰ ਹੀ ਰੁਜ਼ਗਾਰ ਮੁਹੱਈਆ ਕਰਦਾ ਹੈ। 1947 ਤੋਂ ਬਾਅਦ ਭਾਰਤੀ ਹਕੂਮਤਾਂ ਦੀਆਂ ਕਾਰਪੋਰੇਟਾਂ ਨੂੰ ਹੁਲਾਰਾ ਦੇਣ ਵਾਲੀਆਂ ਨੀਤੀਆਂ ਕਾਰਨ ਕਿਸਾਨਾਂ ਮਜ਼ਦੂਰਾਂ ਨੂੰ ਨਿਚੋੜਿਆ ਜਾ ਰਿਹਾ ਹੈ। ਧਨਾਢਾਂ ਦੀ ਜਾਇਦਾਦ ਕਈ ਵਧੀ ਹੈ। ਭਾਰਤ ਦੇ ਇੱਕ ਪ੍ਰਤੀਸ਼ਤ ਵੱਡੇ ਘਰਾਣਿਆਂ ਦੇ ਹੱਥਾਂ ਵਿੱਚ ਦੇਸ਼ ਦੀ 73 ਪ੍ਰਤੀਸ਼ਤ ਸੰਪਤੀ ਕੇਂਦਰਤ ਹੋ ਗਈ ਹੈ।

ਕਿਸਾਨੀ ਦੇ ਆਰਥਿਕ ਸੰਕਟ ਨੂੰ ਹੋਰ ਗਹਿਰਾ ਕਰਨ ਵਿੱਚ ਸੂਦਖੋਰੀ ਵਾਲੇ ਸਿਸਟਮ ਦਾ ਵੀ ਰੋਲ ਹੈ।

ਕਿਸਾਨਾਂ ਦੀਆਂ ਫ਼ਸਲਾਂ ਦਾ ਖਰੀਦ ਮੁੱਲ ਤੈਅ ਕਰਨ ਦੇ ਕਈ ਫਾਰਮੂਲੇ ਹਨ। ਏ-2 ਆਰਥਿਕ ਲਾਗਤਾਂ ਦੇ ਫਾਰਮੂਲੇ ਅਨੁਸਾਰ, ਕਿਸਾਨ ਦੁਆਰਾ ਕੀਤੇ ਆਰਥਿਕ ਖ਼ਰਚੇ ਜਿਵੇਂ ਬੀਜ, ਖਾਦ, ਤੇਲ, ਰਸਾਇਣ, ਕਿਰਤ, ਸਿੰਜਾਈ ਦੀ ਕੀਮਤ, ਸੰਦਾਂ ਦੀ ਟੁੱਟ-ਭੱਜ ਤੇ ਘਸਾਈ, ਫ਼ਸਲਾਂ ਦੀ ਸਾਂਭ-ਸੰਭਾਲ ਆਦਿ ਸ਼ਾਮਿਲ ਕੀਤੇ ਹੁੰਦੇ ਹਨ। ਸੀ-2 ਵਿੱਚ ਏ-2 ਵਾਲੇ ਸਾਰੇ ਖ਼ਰਚਿਆਂ ਤੋਂ ਇਲਾਵਾ ਆਪਣੀ ਜ਼ਮੀਨ ਦਾ ਠੇਕਾ, ਖੇਤੀ ਵਿੱਚ ਲੱਗੀ ਸਥਿਰ ਪੂੰਜੀ ਉਪਰ ਵਿਆਜ, ਪਰਿਵਾਰਕ ਕਿਰਤ ਆਦਿ ਸ਼ਾਮਿਲ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਡਾ. ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ, ਏ-2 ਵਿਚ ਪਰਿਵਾਰ ਦੇ ਮੁਖੀ ਨੂੰ ਟੈਕਨੀਕਲ ਲੇਬਰ ਮੰਨ ਕੇ ਉਸ ਦੀ ਲੇਬਰ, ਪੂਰੇ ਫ਼ਸਲੀ ਸੀਜ਼ਨ ਦਾ ਵਿਆਜ, ਜ਼ਮੀਨ ਦਾ ਪ੍ਰਚਲਤ ਮੰਡੀ ਠੇਕਾ, ਫ਼ਸਲ ਦੀ ਸਾਫ ਸਫ਼ਾਈ ਤੇ ਢੋਅ-ਢੁਆਈ, ਪੈਕਿੰਗ ਖ਼ਰਚੇ ਤੋਂ ਇਲਾਵਾ 10 ਪ੍ਰਤੀਸ਼ਤ ਦਾ ਬੋਨਸ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ ਪਰ ਮੌਜੂਦਾ ਸਮੇਂ ਕਣਕ 2020-21 ਦੇ ਭਾਅ 1925 ਰੁਪਏ ਕੁਇੰਟਲ ਖਰੀਦੀ ਜਾ ਰਹੀ ਸੀ; ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਿਸ਼ਾਂ ਅਨੁਸਾਰ, ਕਿਸਾਨਾਂ ਨੂੰ ਉਸ ਦੀ ਕਣਕ ਦਾ ਅਸਲੀ ਰੇਟ ਖੇਤੀ ਨੀਤੀ 2023 ਅਨੁਸਾਰ 2787 ਰੁਪਏ ਪ੍ਰਤੀ ਕੁਇੰਟਲ ਮਿਲਣਾ ਚਾਹੀਦਾ ਸੀ। ਕਿਸਾਨਾਂ ਨੂੰ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ ਮਿਲਣ ਕਰ ਕੇ ਪੰਜਾਬ ਅੰਦਰ ਝੋਨੇ ਦੀ ਕਾਸ਼ਤ ਵਧ ਗਈ ਹੈ। ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਅਤੇ ਇਸ ਦੇ ਬਹੁਤਾ ਪਾਣੀ ਪੀਣ ਕਰ ਕੇ ਪੰਜਾਬ ਦੇ ਬਹੁਤ ਸਾਰੇ ਬਲਾਕ ਡਾਰਕ ਜ਼ੋਨ ਬਣ ਗਏ ਹਨ। ਇਸ ਕਰ ਕੇ ਭਵਿੱਖ ਵਿੱਚ ਪੰਜਾਬ ਅੰਦਰ ਪਾਣੀ ਦਾ ਬਹੁਤ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ।

ਪੰਜਾਬ ਅੰਦਰ ਹਰੇ ਇਨਕਲਾਬ ਤੋਂ ਪਹਿਲਾਂ ਵਾਲੀ ਫ਼ਸਲੀ ਵੰਨ-ਸਵੰਨਤਾ ਬਹਾਲ ਕਰਨ ਲਈ ਪੰਜਾਬ ਸਰਕਾਰ ਦੀ ਖੇਤੀ ਨੀਤੀ-2023 ਦੇ ਖਰੜੇ ਅੰਦਰ ਕਈ ਸਿਫਾਰਿਸ਼ਾਂ ਕੀਤੀਆਂ ਗਈਆਂ ਹਨ। ਇਸ ਸਮੇਂ ਪੰਜਾਬ ਦੇ ਅਰਥਚਾਰੇ ਵਿੱਚ ਜਮਾਤੀ ਟੁੱਟ-ਭੱਜ ਤੇਜ਼ ਹੋ ਗਈ ਹੈ। ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਸਿਰ ਕਰਜ਼ਾ ਚੜ੍ਹ ਰਿਹਾ ਹੈ। ਇਉਂ ਪੰਜਾਬ ਦਾ ਖੇਤੀ ਅਰਥਚਾਰਾ ਗੰਭੀਰ ਸੰਕਟ ਵਿੱਚ ਫਸਿਆ ਹੋਇਆ ਹੈ। ਖੇਤੀ ਨੂੰ ਇਸ ਸੰਕਟ ਵਿਚੋਂ ਕੱਢਣ ਲਈ ਭਾਰਤ ਅੰਦਰ ਕਈ ਕਿਸਾਨ ਸੰਗਠਨ ਬਣੇ ਹੋਏ ਹਨ। ਇਨ੍ਹਾਂ ਸੰਗਠਨਾਂ ਦੀਆਂ ਮੰਗਾਂ ਭਾਵੇਂ ਇੱਕ ਸਮਾਨ ਹਨ ਅਤੇ ਦਿੱਲੀ ਕਿਸਾਨ ਅੰਦੋਲਨ ਸਮੇਂ ਇਹ ਸੰਗਠਨ ਇੱਕ ਸਨ ਪਰ ਇਸ ਵੇਲੇ ਪੰਜਾਬ ਅੰਦਰ ਇਹ ਸੰਯੁਕਤ ਕਿਸਾਨ ਮੋਰਚਾ, ਕਿਸਾਨ ਮਜ਼ਦੂਰ ਮੋਰਚਾ ਅਤੇ ਸੰਯਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਤੌਰ 'ਤੇ ਸਰਗਰਮ ਹਨ। ਸੰਘਰਸ਼ ਅਤੇ ਅੰਦੋਲਨ ਦੇ ਰੂਪਾਂ ਨੂੰ ਲੈ ਕੇ ਇਨ੍ਹਾਂ ਅੰਦਰ ਸਮਾਨਤਾ ਨਹੀਂ। ਜਿਥੇ ਜਗਜੀਤ ਸਿੰਘ ਡੱਲੇਵਾਲ ਨੇ ਮੰਗਾਂ ਮੰਨਵਾਉਣ ਲਈ ਮਰਨ ਵਰਤ ਰੱਖ ਲਿਆ ਹੈ, ਉਥੇ ਸਰਵਣ ਸਿੰਘ ਪੰਧੇਰ ਦਾ ਕਿਸਾਨ ਮਜ਼ਦੂਰ ਮੋਰਚਾ ਟਰੈਕਟਰ ਮਾਰਚ ਆਦਿ ਰਾਹੀਂ ਮੰਗਾਂ ਮੰਨਵਾਉਣ ਦੀ ਕੋਸ਼ਿਸ ਕਰ ਰਿਹਾ ਹੈ। ਇਹ ਸੰਗਠਨ ਭਾਵੇਂ ਏਕਤਾ ਦੀ ਗੱਲ ਕਰ ਰਹੇ ਹਨ ਪਰ ਇਨ੍ਹਾਂ ਅੰਦਰ ਮਤਭੇਦ ਹਨ।

ਨਾਰੀਅਲ, ਪਟਸਨ ਅਤੇ ਗੰਨੇ ਨੂੰ ਛੱਡ ਕੇ ਬਾਕੀ ਘੱਟੋ-ਘੱਟ ਸਮਰਥਨ ਵਾਲੀਆਂ 23 ਫ਼ਸਲਾਂ ਦੇ ਕੁੱਲ ਮੰਡੀ ਭਾਅ ਵਿਚਕਾਰ 27 ਹਜ਼ਾਰ ਕਰੋੜ ਰੁਪਏ ਦਾ ਫ਼ਰਕ ਹੈ। ਭਾਰਤ ਸਰਕਾਰ ਜੇ ਚਾਹੇ ਤਾਂ ਇਹ ਫ਼ਰਕ ਪੂਰਾ ਕਰ ਕੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਕਰ ਸਕਦੀ ਹੈ ਪਰ ਵਿਸ਼ਵ ਵਪਾਰਕ ਸੰਸਥਾ ਦੇ ਦਬਾਅ ਕਾਰਨ ਕੇਂਦਰ ਸਰਕਾਰ ਕਿਸਾਨਾਂ ਦੀ ਇਹ ਨਿਗੂਣੀ ਮੰਗ ਪੂਰੀ ਨਹੀਂ ਕਰ ਰਹੀ। ਇੱਕ ਅਖ਼ਬਾਰ ਦੀ ਤਾਜ਼ਾ ਰਿਪੋਰਟ ਅਨੁਸਾਰ, ਇਹ ਫ਼ਰਕ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦਾ ਕੇਵਲ 0.1 ਪ੍ਰਤੀਸ਼ਤ ਹੈ ਅਤੇ ਸੀ-2 ਫਾਰਮੂਲੇ ਮੁਤਾਬਿਕ ਵੀ ਇਹ ਅੰਤਰ 1.68 ਲੱਖ ਕਰੋੜ ਰੁਪਏ ਦਾ ਹੀ ਹੈ। ਜੇ ਸਰਕਾਰ ਉਦਯੋਗਪਤੀਆਂ ਦਾ 2.08 ਲੱਖ ਕਰੋੜ ਰੁਪਏ ਕਰਜ਼ ਮੁਆਫ਼ ਕਰ ਸਕਦੀ ਹੈ ਅਤੇ 1.09 ਲੱਖ ਕਰੋੜ ਟੈਕਸ ਛੋਟਾਂ ਦੇ ਸਕਦੀ ਹੈ ਤਾਂ ਕੇਂਦਰ ਸਰਕਾਰ ਭਾਰਤ ਦੇ ਅੰਨਦਾਤੇ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚੋਂ ਉਭਾਰਨ ਲਈ ਇਹ ਛੋਟੀ ਰਾਸ਼ੀ ਜੁਟਾ ਸਕਦੀ ਹੈ।

# ਧੀਆਂ ਦੀ ਗਿਣਤੀ ਮੁੜ ਘਟਣ ਦਾ ਰੁਝਾਨ



ਕੰਵਲਜੀਤ ਕੌਰ ਗਿੱਲ



ਮਰਦ ਔਰਤ ਵਿਚਾਲੇ ਹਰ ਪੱਖ ਤੋਂ ਬਰਾਬਰੀ ਸਮਾਜਿਕ-ਆਰਥਿਕ ਵਿਕਾਸ ਦਾ ਸੰਕੇਤ ਹੁੰਦਾ ਹੈ। ਇਸ ਬਰਾਬਰੀ ਦੀ ਮੁੱਢਲੀ ਸ਼ਰਤ ਹੈ ਕਿ ਕੁੱਲ ਵਸੋਂ ਵਿੱਚ ਮਰਦ ਅਤੇ ਔਰਤਾਂ ਦੀ ਗਿਣਤੀ ਕੁਦਰਤੀ ਵਰਤਾਰੇ ਅਨੁਸਾਰ ਲਗਭਗ ਬਰਾਬਰ ਹੁੰਦੀ ਹੈ। ਜਨਸੰਖਿਆ ਵਿਗਿਆਨੀ ਇਸ ਨੂੰ ਲਿੰਗ ਅਨੁਪਾਤ ਕਹਿੰਦੇ ਹਨ; ਭਾਵ, ਪ੍ਰਤੀ 1000 ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਕਿੰਨੀ ਹੈ। ਵਸੋਂ ਵਾਧਾ ਦਰ ਨੂੰ ਠੱਲ੍ਹ ਪਾਉਣ ਅਤੇ ਪਰਿਵਾਰ ਦਾ ਆਕਾਰ ਸੀਮਤ ਕਰਨ ਲਈ ਮੱਧ 1970ਵਿਆਂ ਦੌਰਾਨ ਨੀਤੀਆਂ ਬਣਾਈਆਂ ਗਈਆਂ ਸਨ ਜਿਸ ਤਹਿਤ ਪਰਿਵਾਰ ਵਿੱਚ ਦੋ ਬੱਚਿਆਂ ਦਾ ਸੁਝਾਅ ਦਿੱਤਾ ਗਿਆ ਸੀ। ਇਹ ਸੁਝਾਅ ਵਸੋਂ ਵਾਧਾ ਦਰ ਘਟਾਉਣ ਵਿੱਚ ਤਾਂ ਕਾਮਯਾਬ ਰਿਹਾ ਪਰ ਇਸ ਨੇ ਵਸੋਂ ਬਣਤਰ ਵਿੱਚ ਵਿਗਾੜ ਪੈਦਾ ਕਰ ਦਿੱਤਾ। ਸਮਾਜਿਕ ਹਾਲਾਤ ਅਤੇ ਪਿੱਤਰ ਸੱਤਾ ਕਾਰਨ ਪਰਿਵਾਰ ਵਿੱਚ ਪੁੱਤਰਾਂ ਤੇ ਧੀਆਂ ਦੇ ਪੈਦਾ ਹੋਣ ਵਿੱਚ ਚੋਣ ਹੋਣ ਲੱਗੀ। ਪੁੱਤਰ ਦੀ ਚਾਹਤ ਅਧੀਨ ਧੀਆਂ ਨੂੰ ਕੁੱਖ ਵਿੱਚ ਮਾਰਨ ਦਾ ਰੁਝਾਨ ਸ਼ੁਰੂ ਹੋ ਗਿਆ। ਧੀਆਂ ਨੂੰ ਜਿੱਥੇ ਪਹਿਲਾਂ ਜੰਮਣ ਤੋਂ ਬਾਅਦ ਮਾਰ ਮੁਕਾਉਣ ਦਾ ਰਿਵਾਜ ਸੀ, ਹੁਣ ਕੁੱਖ ਵਿੱਚ ਹੀ ਮਾਰਨ ਦਾ ਰੁਝਾਨ ਵਧ ਗਿਆ।

ਭਾਰਤ ਵਿੱਚ 1981-91 ਦੌਰਾਨ ਲਿੰਗ ਅਨੁਪਾਤ ਵਿਗੜ ਚੁੱਕਿਆ ਸੀ। ਇਸ ਨੂੰ ਸੁਧਾਰਨ ਲਈ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੇ ਯਤਨ ਕੀਤੇ ਜਿਨ੍ਹਾਂ ਸਦਕਾ ਹਾਲਤ ਵਿੱਚ ਕੁਝ ਸੁਧਾਰ ਹੋਇਆ। ਉਂਝ, ਪਿਛਲੇ ਦਹਾਕੇ ਦੌਰਾਨ ਦੇਸ਼ ਦੇ ਕੁਝ ਰਾਜਾਂ, ਖਾਸ ਕਰ ਕੇ ਉੱਤਰ-ਪੱਛਮੀ ਰਾਜਾਂ ਵਿੱਚ ਲਿੰਗ ਅਨੁਪਾਤ ਵਿੱਚ ਮੁੜ ਉੱਤਰਾਅ-ਚੜ੍ਹਾਅ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਤਾਜ਼ਾ ਰਿਪੋਰਟਾਂ ਪੰਜਾਬ ਅਤੇ ਹਰਿਆਣੇ ਦੀਆਂ ਹਨ। ਇਥੇ 2014 ਤੋਂ 2019 ਤੱਕ ਬਾਲ ਲਿੰਗ ਅਨੁਪਾਤ (0-12 ਮਹੀਨੇ) ਵਧ ਰਿਹਾ ਸੀ ਪਰ ਉਸ ਤੋਂ ਬਾਅਦ ਅਚਾਨਕ ਘਟਣਾ ਸ਼ੁਰੂ ਹੋ ਗਿਆ। ਇਸ ਤਬਦੀਲੀ ਦੇ ਕੀ ਕਾਰਨ ਹਨ? ਕੀ ਪਹਿਲੇ ਕੀਤੇ ਜਾ ਰਹੇ ਯਤਨਾਂ ਵਿੱਚ ਕੋਈ ਤਬਦੀਲੀ ਆਈ ਹੈ ਜਾਂ ਮੁੱਖ ਮੁੱਦੇ 'ਤੇ ਧਿਆਨ ਕੇਂਦਰਿਤ ਹੋਣ ਦੀ ਬਜਾਇ ਮੀਡੀਆ ਵਿੱਚ ਪ੍ਰਚਾਰ ਜਾਂ ਪ੍ਰਾਪੇਗੰਡੇ ਵੱਲ ਹੋ ਗਿਆ ਹੈ? ਜਾਂ ਭਰੂਣ ਦਾ ਲਿੰਗ ਨਿਰਧਾਰਨ ਟੈਸਟ ਕਰਨ ਵਾਲੇ ਸੈਂਟਰਾਂ ਜਾਂ ਕਲੀਨਿਕਾਂ ਨੂੰ ਕਾਨੂੰਨ ਦਾ ਕੋਈ ਡਰ ਭਉ ਨਹੀਂ ਰਹਿ ਗਿਆ? ਜਾਂ ਫ਼ਿਰ ਨਿੱਤ ਦਿਨ ਔਰਤਾਂ ਵਿਰੁੱਧ ਵਧ ਰਹੀਆਂ ਹਿੰਸਕ ਵਾਰਦਾਤਾਂ ਬੱਚੀਆਂ ਦੇ ਪੈਦਾ ਹੋਣ ਨੂੰ ਨਿਰਉਤਸ਼ਾਹਿਤ ਕਰ ਰਹੀਆਂ ਹਨ?

ਦਹਾਕੇਵਾਰ ਮਰਦਮ ਸ਼ੁਮਾਰੀ (2021) ਕੋਵਿਡ-19 ਅਤੇ ਹੋਰ ਨਾ ਟਾਲੇ ਜਾਣ ਵਾਲੇ ਕਈ ਕਾਰਨਾਂ ਕਰ ਕੇ ਨਹੀਂ ਹੋ ਸਕੀ। ਇਸ ਕਰ ਕੇ ਵਸੋਂ ਵਿੱਚ ਹੋਣ ਵਾਲੀ ਤਬਦੀਲੀ ਅਤੇ ਇਸ ਨਾਲ ਸਬੰਧਿਤ ਜਨਮ ਤੇ ਮੌਤ ਦਰ ਸਬੰਧੀ ਜਾਣਕਾਰੀ ਲਈ ਦੂਜੇ ਸਰਕਾਰੀ ਸਰੋਤਾਂ ਜਾਂ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਕਰਵਾਈਆਂ ਖੋਜਾਂ ਉੱਪਰ ਨਿਰਭਰ ਕਰਨਾ ਪੈਂਦਾ ਹੈ। ਸੈਂਪਲ ਰਜਿਸਟ੍ਰੇਸ਼ਨ ਸਰਵੇ ਅਤੇ ਸਿਵਲ ਰਜਿਸਟ੍ਰੇਸ਼ਨ ਸਿਸਟਮ ਦੇ ਅੰਕੜੇ ਦੱਸਦੇ ਹਨ ਕਿ ਬਾਲ ਲਿੰਗ ਅਨੁਪਾਤ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਗੁਣਾਤਮਕ ਤਬਦੀਲੀਆਂ ਆਈਆਂ ਹਨ। ਬਾਲ ਲਿੰਗ ਅਨੁਪਾਤ ਦੇ ਪੱਖ ਤੋਂ ਪੰਜਾਬ ਅਤੇ ਹਰਿਆਣਾ ਦੀ ਹਾਲਤ ਹਮੇਸ਼ਾ ਚਿੰਤਾਜਨਕ ਰਹੀ ਹੈ। ਪੰਜਾਬ ਵਿੱਚ 2001 ਦੌਰਾਨ ਪ੍ਰਤੀ 1000 ਮਰਦਾਂ ਦੇ ਮੁਕਾਬਲੇ 798 ਅਤੇ ਹਰਿਆਣਾ ਵਿੱਚ 819 ਔਰਤਾਂ ਸਨ। ਇਸ ਅਨੁਪਾਤ ਨਾਲ ਪੰਜਾਬ ਅਤੇ ਹਰਿਆਣਾ ਭਾਰਤ ਦੇ ਮੁੱਖ 25 ਰਾਜਾਂ ਵਿੱਚੋਂ ਸਭ ਤੋਂ ਥੱਲੇ, ਅਰਥਾਤ 25ਵੇਂ ਤੇ 24ਵੇਂ ਸਥਾਨ 'ਤੇ ਸਨ। 2011 ਦੌਰਾਨ ਕੁਝ ਸੁਧਾਰ ਹੋਇਆ; ਪੰਜਾਬ ਵਿੱਚ 1000 ਮੁੰਡਿਆਂ ਦੇ ਮੁਕਾਬਲੇ 846 ਕੁੜੀਆਂ ਅਤੇ ਹਰਿਆਣੇ ਵਿੱਚ 830 ਕੁੜੀਆਂ ਪੈਦਾ ਹੋਈਆਂ ਪਰ ਸਮੁੱਚੇ ਭਾਰਤ ਦੇ ਪ੍ਰਸੰਗ ਵਿੱਚ ਇਹ ਦੋਵੇਂ ਰਾਜ ਆਪਣਾ ਦਰਜਾ ਉੱਚਾ ਨਹੀਂ ਚੁੱਕ ਸਕੇ। ਮਰਦ ਪ੍ਰਧਾਨ ਸਮਾਜ ਵਿੱਚ ਪੁੱਤਰ ਤਰਜੀਹ ਨੂੰ ਇਸ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਦੂਜੇ ਪਾਸੇ, ਭਰੂਣ ਦੇ ਲਿੰਗ ਨਿਰਧਾਰਨ ਟੈਸਟ ਨੂੰ ਭਾਵੇਂ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਹੈ, ਫ਼ਿਰ ਵੀ ਇਹ ਟੈਸਟ ਕਰਨ ਵਾਲੇ ਕਲੀਨਿਕ ਕਿਸੇ ਨਾ ਕਿਸੇ ਢੰਗ ਨਾਲ ਮਾਪਿਆਂ ਨੂੰ ਭਰੂਣ ਦੇ ਲਿੰਗ ਬਾਰੇ ਜਾਣਕਾਰੀ ਦੇ ਦਿੰਦੇ ਹਨ। ਇੱਥੇ ਡਾਕਟਰ ਦੀ ਦੇਖ-ਰੇਖ ਹੇਠ ਗਰਭਪਾਤ ਦੇ ਕਾਨੂੰਨ ਵਿਚਲੀਆਂ ਸਬ-ਧਾਰਾਵਾਂ ਦੀ ਦੁਰਵਰਤੋਂ ਕਰਦੇ ਹੋਏ ਗਰਭਪਾਤ ਕਰਵਾ ਦਿੱਤਾ ਜਾਂਦਾ ਹੈ ਜਾਂ ਮਾਦਾ ਭਰੂਣ ਹੱਤਿਆ ਕਰ ਦਿੱਤੀ ਜਾਂਦੀ ਹੈ। ਇਸ ਵਰਤਾਰੇ ਨੂੰ ਰੋਕਣ ਵਾਸਤੇ 2015 ਵਿੱਚ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਦੇਸ਼ਵਿਆਪੀ ਨਾਅਰਾ ਦਿੱਤਾ ਗਿਆ ਜਿਸ ਦਾ ਮਕਸਦ ਮਾਦਾ ਭਰੂਣ ਹੱਤਿਆ ਰੋਕਣਾ ਅਤੇ ਕੁੜੀਆਂ ਦੀ ਸਿੱਖਿਆ ਪ੍ਰਾਪਤੀ ਦੇ ਅਧਿਕਾਰ ਨੂੰ ਯਕੀਨੀ ਬਣਾਉਣਾ ਸੀ।

ਇਸ ਦੀ ਸ਼ੁਰੂਆਤ ਹਰਿਆਣਾ ਦੇ ਪਾਣੀਪਤ ਜ਼ਿਲ੍ਹੇ ਤੋਂ ਕੀਤੀ ਗਈ। ਇਸ ਨਾਅਰੇ ਦੀ ਵਿਸ਼ੇਸ਼ਤਾ ਸੀ ਕਿ ਸਿਹਤ ਅਤੇ ਸਿੱਖਿਆ ਵਿੱਚ ਨਿਵੇਸ਼ ਕਰਨ ਦੀ ਥਾਂ ਇਸ ਪ੍ਰੋਗਰਾਮ ਦਾ 78% ਤੱਕ ਦਾ ਵੱਡਾ ਹਿੱਸਾ ਇਸ ਦੇ ਪ੍ਰਚਾਰ, ਪ੍ਰਸਾਰ ਅਤੇ ਇਸ਼ਤਿਹਾਰਬਾਜ਼ੀ ਵਾਸਤੇ ਅਲਾਟ ਕੀਤਾ ਗਿਆ। ਪੰਜਾਬ ਵਿੱਚ ਧੀਆਂ ਦੀ ਪੈਦਾਇਸ਼ ਨੂੰ 'ਨੰਨ੍ਹੀ ਛਾਂ' ਨਾਲ ਜੋੜਿਆ ਗਿਆ। ਨਤੀਜੇ ਵਜੋਂ ਹਰਿਆਣਾ ਵਿੱਚ ਬਾਲ ਲਿੰਗ ਅਨੁਪਾਤ ਵਿੱਚ ਕੁਝ ਸੁਧਾਰ ਹੋਇਆ। ਇਹ 2015 ਵਿੱਚ 876 ਅਤੇ 2016 ਵਿੱਚ 900 ਤੋਂ ਵਧਦਾ ਹੋਇਆ 2019 ਵਿੱਚ 930 ਹੋ ਗਿਆ। ਇਵੇਂ ਹੀ ਪੰਜਾਬ ਵਿੱਚ ਨੈਸ਼ਨਲ ਫ਼ੈਮਿਲੀ ਹੈਲਥ ਸਰਵੇ ਅਨੁਸਾਰ, ਪਿਛਲੇ ਪੰਜ ਸਾਲਾਂ ਦੌਰਾਨ ਪੈਦਾ ਹੋਏ ਬੱਚਿਆਂ ਦਾ ਅਨੁਪਾਤ 860 (2015-16) ਤੋਂ ਵਧ ਕੇ 904 (2019-21) ਦਰਜ ਕੀਤਾ ਗਿਆ ਪਰ ਉਸ ਤੋਂ ਬਾਅਦ ਹਰਿਆਣਾ ਵਿੱਚ ਜਨਮ ਵੇਲੇ ਲਿੰਗ ਅਨੁਪਾਤ ਵਿੱਚ ਲਗਾਤਾਰ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਸੈਂਪਲ ਰਜਿਸਟ੍ਰੇਸ਼ਨ ਸਰਵੇ ਦੇ ਅੰਕੜਿਆਂ ਅਨੁਸਾਰ, 2023 ਵਿੱਚ ਇਹ ਅਨੁਪਾਤ 916 ਸੀ ਜਿਹੜਾ ਘਟ ਕੇ 2024 ਵਿੱਚ 910 ਰਹਿ ਗਿਆ ਹੈ। ਪਿਛਲੇ ਸਾਲ 2023 ਵਿੱਚ ਹਰਿਆਣੇ ਦੇ 22 ਜ਼ਿਲ੍ਹਿਆਂ ਵਿੱਚੋਂ ਉੱਤਰੀ ਅਤੇ ਮੱਧ ਹਰਿਆਣੇ ਦੇ 11 ਜ਼ਿਲ੍ਹਿਆਂ ਵਿੱਚ ਬਾਲ ਲਿੰਗ ਅਨੁਪਾਤ ਲਗਾਤਾਰ ਘਟ ਰਿਹਾ ਹੈ। ਇਨ੍ਹਾਂ ਵਿੱਚ ਰੋਹਤਕ ਦੀ ਹਾਲਤ ਸਭ ਤੋਂ ਮਾੜੀ (883) ਸੀ। ਰੋਹਤਕ ਦੇ 54 ਪਿੰਡਾਂ ਵਿੱਚ ਲੜਕੀਆਂ ਦੀ ਗਿਣਤੀ 800 ਤੋਂ ਵੀ ਘੱਟ ਸੀ। 2024 ਦੇ ਅੰਕੜੇ ਦੱਸਦੇ ਹਨ ਕਿ ਹਰਿਆਣਾ ਦੇ 13 ਜ਼ਿਲ੍ਹਿਆਂ ਦੀ ਹਾਲਤ ਚਿੰਤਾਜਨਕ ਹੈ ਜਿੱਥੇ ਪਿਛਲੇ ਸਾਲ ਨਾਲੋਂ ਇਸ ਅਨੁਪਾਤ ਵਿੱਚ ਗਿਰਾਵਟ ਦਰਜ ਹੋਈ ਹੈ।

ਹੁਣ ਸਾਨੂੰ ਸਮਾਜਿਕ ਅਤੇ ਆਰਥਿਕ ਹਾਲਾਤ ਦਾ ਡੂੰਘਾ ਅਧਿਐਨ ਕਰਨਾ ਪਵੇਗਾ। ਇੱਕ ਪਾਸੇ ਪੁੱਤਰ ਤਰਜੀਹ ਤੇ ਛੋਟੇ ਪਰਿਵਾਰ ਦੀ ਮਜਬੂਰੀ, ਦੂਜੇ ਪਾਸੇ ਧੀਆਂ ਦੀ ਪੈਦਾਇਸ਼ ਨਾਲ ਜੁੜੀਆਂ ਸਮੱਸਿਆਵਾਂ, ਦਾਜ, ਜਿਨਸੀ ਸ਼ੋਸ਼ਣ, ਹਿੰਸਾ ਆਦਿ ਸਮਾਜਿਕ-ਆਰਥਿਕ ਮੁੱਦੇ ਹਨ। ਇਸ ਵਾਸਤੇ ਲਿੰਗ ਸੰਵੇਦਨਸ਼ੀਲ ਨੁਕਤਿਆਂ ਬਾਰੇ ਜਾਣਕਾਰੀ ਸਕੂਲ ਪੱਧਰ 'ਤੇ ਹੀ ਦੇਣੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਬਰਾਬਰੀ ਅਤੇ ਪੱਖਪਾਤ ਰਹਿਤ ਸਮਾਜ ਵਾਸਤੇ ਅਸੀਂ ਸਿਰਫ਼ ਗਿਣਤੀ ਹੀ ਨਹੀਂ ਵਧਾਉਣੀ, ਜ਼ਿੰਦਗੀ ਵੀ ਬਚਾਉਣੀ ਹੈ।

*ਪ੍ਰੋਫ਼ੈਸਰ (ਰਿਟਾ.), ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।




# ਅੱਲ੍ਹੜ ਉਮਰ ਦੇ ਹੁਸੀਨ ਸੁਪਨੇ...

## ਅੱਲ੍ਹੜਾਂ ਨੂੰ ਸਹੀ ਸਿੱਖਿਆ ਤੇ ਜੀਵਨ ਜਾਂਚ ਸਿਖਾਉਣ ਦੀ ਲੋੜ

## ਨਸ਼ਾ ਅਤੇ ਹੋਰ ਸਮਾਜਿਕ ਅਲਾਮਤਾਂ ਦੇ ਖ਼ਾਤਮੇ ਲਈ ਅੱਗੇ ਆਉਣ ਪੰਜਾਬੀ ਨੌਜਵਾਨ



**ਜਦੋਂ ਬੱਚਾ ਅੱਲ੍ਹੜ ਉਮਰ ਵਿੱਚ ਪੈਰ ਧਰਦਾ ਹੈ ਤਾਂ ਇੱਕ ਪਾਸੇ ਉਸ ਦੇ ਸਰੀਰ ਵਿੱਚ ਕੁਦਰਤੀ ਪਰਿਵਰਤਨ ਹੁੰਦੇ ਹਨ, ਦੂਜੇ ਪਾਸੇ ਉਸ ਨੂੰ ਵਿਰੋਧੀ ਲਿੰਗ ਪ੍ਰਤੀ ਖਿੱਚ ਪੈਦਾ ਹੁੰਦੀ ਹੈ, ਜੋ ਕਿ ਕੁਦਰਤੀ ਹੀ ਹੁੰਦੀ ਹੈ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰ ਰਹੇ ਬੱਚੇ ਦੀ ਸਹੀ ਨਿਗਰਾਨੀ ਅਤੇ ਉਸ ਨੂੰ ਸਹੀ ਸਿੱਖਿਆ ਦੀ ਬਹੁਤ ਲੋੜ ਹੁੰਦੀ ਹੈ। ਅੱਲ੍ਹੜ ਉਮਰ ਦੇ ਹਰ ਬੱਚੇ ਨੂੰ ਆਪਣਾ ਆਲਾ ਦੁਆਲਾ ਬਹੁਤ ਚੰਗਾ ਲੱਗਦਾ ਹੈ ਅਤੇ ਉਸ ਦਾ ਦਿਲ ਅੰਬਰ ਵਿੱਚ ਸੈਰ ਕਰਨ ਤੇ ਡੂੰਘੇ ਪਾਣੀਆਂ 'ਚ ਤਾਰੀਆਂ ਲਗਾਉਣ ਦਾ ਕਰਦਾ ਹੈ। ਉਸ ਨੂੰ ਹਰ ਪਾਸੇ ਬਸੰਤ-ਬਹਾਰ ਨੱਚਦੀ, ਗਾਉਂਦੀ ਤੇ ਪੈਲਾਂ ਪਾਉਂਦੀ ਹੀ ਨਜ਼ਰ ਆਉਂਦੀ ਹੈ। ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਅੱਲ੍ਹੜ ਉਮਰ ਦੇ ਬੱਚਿਆਂ ਨੂੰ ਸਹੀ ਸਿੱਖਿਆ ਅਤੇ ਸਹੀ ਸੇਧ ਦੇਣ ਤਾਂ ਕਿ ਉਹ ਜ਼ਿੰਦਗੀ ਦੇ ਚੰਗੇ ਰਸਤੇ ਅਪਨਾਉਣ ਤੇ ਆਪਣੇ ਮਾਪਿਆਂ ਅਤੇ ਪੰਜਾਬ ਦਾ ਨਾਂਅ ਪੂਰੀ ਦੁਨੀਆਂ 'ਚ ਰੌਸ਼ਨ ਕਰਨ**

ਨੌਜਵਾਨ ਹਰ ਦੇਸ਼ ਦੀ ਆਨ ਅਤੇ ਸ਼ਾਨ ਹੁੰਦੇ ਹਨ। ਬਜ਼ੁਰਗ ਕਹਿੰਦੇ ਹਨ ਕਿ ਨੌਜਵਾਨਾਂ ਦੇ ਜੋਸ਼ ਅਤੇ ਦਰਿਆਵਾਂ ਦੇ ਵਹਿਣ ਨੂੰ ਕੋਈ ਨਹੀਂ ਰੋਕ ਸਕਦਾ ਪਰ ਜਵਾਨੀ ਦੇ ਜੋਸ਼ ਨੂੰ ਸਹੀ ਸੇਧ ਅਤੇ ਸਹੀ ਦਿਸ਼ਾ ਦੇਣੀ ਬਹੁਤ ਜ਼ਰੂਰੀ ਹੁੰਦੀ ਹੈ ਤਾਂ ਕਿ ਨੌਜਵਾਨ ਕੁਰਾਹੇ ਨਾ ਪੈ ਜਾਣ।



ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਦੇਸ਼ 'ਤੇ ਭੀੜ ਪਈ ਤਾਂ ਪੰਜਾਬੀ ਨੌਜਵਾਨਾਂ ਨੇ ਮੂਹਰੇ ਹੋ ਕੇ ਹਰ ਬਿਪਤਾ ਦਾ ਸਾਹਮਣਾ ਕੀਤਾ ਅਤੇ ਪੰਜਾਬ ਹਮੇਸ਼ਾ ਭਾਰਤ ਦੀ ਖੜਗਭੁਜਾ ਬਣ ਕੇ ਖੜਦਾ ਆਇਆ ਹੈ। ਜਦੋਂ ਵੀ ਕਿਸੇ ਧਾੜਵੀ ਜਾਂ ਦੂਜੇ ਦੇਸ਼ ਨੇ ਭਾਰਤ ਆਉਣ ਦਾ ਯਤਨ ਕੀਤਾ ਤਾਂ ਪੰਜਾਬੀਆਂ ਨੇ ਹੀ ਉਹਨਾਂ ਧਾੜਵੀਆਂ ਦਾ ਡੱਟ ਕੇ ਸਾਹਮਣਾ ਕਰਦਿਆਂ ਉਹਨਾਂ ਨੂੰ ਵਾਪਸ ਮੋੜਿਆ ਹੈ।

ਪੰਜਾਬੀ ਨੌਜਵਾਨ ਆਪਣੇ ਲੰਬੇ ਕੱਦ, ਭਰਵੇਂ ਜੁੱਸੇ ਅਤੇ ਬੁਲੰਦ ਹੌਂਸਲੇ ਲਈ ਪੂਰੀ ਦੁਨੀਆਂ ਵਿੱਚ ਪਹਿਚਾਣੇ ਜਾਂਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਵਿਰੋਧੀ ਕੁਝ ਤਾਕਤਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਨਸ਼ੇੜੀ ਅਤੇ ਹੋਰ ਬਹੁਤ ਕੁਝ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਇਹ ਠੀਕ ਹੈ ਕਿ ਪੰਜਾਬ ਵਿੱਚ ਨਸ਼ੇ ਵੀ ਪ੍ਰਚਲਿਤ ਹਨ ਪਰ ਇਹ ਨਸ਼ੇ ਭਾਰਤ ਦੇ ਹੋਰਨਾਂ ਸੂਬਿਆਂ ਵਿੱਚ ਵੀ ਪ੍ਰਚਲਿਤ ਹਨ, ਇਸ ਦੇ ਬਾਵਜੂਦ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਜੇ ਕਿਸੇ ਹੋਰ ਸੂਬੇ ਵਿੱਚ ਨਸ਼ੇ ਦੀ ਖੇਪ ਫੜੀ ਜਾਂਦੀ ਹੈ ਤਾਂ ਵੀ ਪੰਜਾਬ ਵਿਰੋਧੀ ਤਾਕਤਾਂ ਵੱਲੋਂ ਉਸ ਖੇਪ ਦਾ ਸਬੰਧ ਕਿਸੇ ਨਾ ਕਿਸੇ ਤਰੀਕੇ ਪੰਜਾਬ ਨਾਲ ਜੋੜਿਆ ਜਾਂਦਾ ਹੈ ਤਾਂ ਕਿ ਪੰਜਾਬ ਦੀ ਬਦਨਾਮੀ ਕੀਤੀ ਜਾ ਸਕੇ।

ਸਿਆਣੇ ਕਹਿੰਦੇ ਹਨ ਕਿ ਜੇ ਕਿਸੇ ਕੌਮ ਨੂੰ ਦੁਸ਼ਮਣਾਂ ਨੇ ਤਬਾਹ ਕਰਨਾ ਹੁੰਦਾ ਹੈ, ਤਾਂ ਉਸ ਕੌਮ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਤ ਲਗਾ ਦਿੱਤੀ ਜਾਂਦੀ ਹੈ। ਪੰਜਾਬ ਦੀ ਨੌਜਵਾਨ ਪੀੜ੍ਹੀ ਨਾਲ ਪੰਜਾਬ ਦੋਖੀ ਤਾਕਤਾਂ ਵੱਲੋਂ ਅਜਿਹਾ ਹੀ ਕੀਤਾ ਜਾ ਰਿਹਾ ਹੈ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਪੰਜਾਬ ਦੀ ਨੌਜਵਾਨ ਪੀੜੀ ਨੂੰ ਕੁਰਾਹੇ ਪਾਉਣ ਦੇ ਵੀ ਯਤਨ ਕੀਤੇ ਜਾ ਰਹੇ ਹਨ। ਆਪਣੇ ਨੌਜਵਾਨ ਧੀਆਂ ਪੁੱਤਰਾਂ ਨੂੰ ਨਸ਼ਾ ਅਤੇ ਹੋਰ ਸਮਾਜਿਕ ਅਲਾਮਤਾਂ ਤੋਂ ਬਚਾਉਣ ਲਈ ਪੰਜਾਬੀ ਮਾਪਿਆਂ ਵੱਲੋਂ ਉਹਨਾਂ ਨੂੰ ਵਿਦੇਸ਼ ਭੇਜਿਆ ਜਾ ਰਿਹਾ ਹੈ, ਪਰ ਨਸ਼ਾ ਅਤੇ ਹੋਰ ਸਮਾਜਿਕ ਅਲਾਮਤਾਂ ਤੋਂ ਬਚਣ ਦਾ ਇਹ ਹੀ ਇੱਕ ਰਸਤਾ ਨਹੀਂ ਹੈ, ਸਗੋਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਦੇਣ ਦੀ ਜ਼ਰੂਰਤ ਹੈ।

ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਭਾਰਤੀ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਅਨੇਕਾਂ ਪੰਜਾਬੀ ਨੌਜਵਾਨ ਦੇਸ਼ ਦੀ ਸੁਰੱਖਿਆ ਲਈ ਆਪਣੀਆਂ ਜ਼ਿੰਦਗੀਆਂ ਵੀ ਕੁਰਬਾਨ ਕਰਕੇ ਦੇਸ਼ ਦੇ ਲੇਖੇ ਲਾ ਚੁੱਕੇ ਹਨ। ਇਸ ਤੋਂ ਇਲਾਵਾ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਜਾ ਕੇ ਪੰਜਾਬੀ ਨੌਜਵਾਨਾਂ ਨੇ ਸਖ਼ਤ ਮਿਹਨਤ ਕਰਕੇ ਉਥੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਵਿਦੇਸ਼ਾਂ ਵਿੱਚ ਜਾ ਕੇ ਪੰਜਾਬੀ ਨੌਜਵਾਨ ਸਖ਼ਤ ਮਿਹਨਤ ਕਰ ਸਕਦੇ ਹਨ ਤਾਂ ਇਹ ਨੌਜਵਾਨ ਪੰਜਾਬ ਵਿੱਚ ਅਜਿਹਾ ਕਿਉਂ ਨਹੀਂ ਕਰ ਸਕਦੇ। ਇਸ ਦਾ ਜਵਾਬ ਇਹ ਹੈ ਕਿ ਇਹ ਨੌਜਵਾਨ ਪੰਜਾਬ ਵਿੱਚ ਵੀ ਸਖ਼ਤ ਮਿਹਨਤ ਕਰ ਸਕਦੇ ਹਨ ਪਰ ਇਹਨਾਂ ਦੀ ਮਿਹਨਤ ਦਾ ਸਹੀ ਮੁੱਲ ਨਹੀਂ ਪੈਂਦਾ, ਜਿਸ ਕਰਕੇ ਇਹਨਾਂ ਨੌਜਵਾਨਾਂ ਨੂੰ ਨਾ ਚਾਹੁੰਦੇ ਹੋਏ ਵੀ ਦੂਜੇ ਮੁਲਕਾਂ ਵੱਲ ਪਰਵਾਸ ਕਰਨਾ ਪੈਂਦਾ ਹੈ।



ਪੰਜਾਬੀ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਅੱਲ੍ਹੜਪੁਣੇ ਵਿੱਚ ਹੀ ਸਹੀ ਸਿੱਖਿਆ ਦੇਣ ਅਤੇ ਨਸ਼ੇ ਤੇ ਹੋਰ ਸਮਾਜਿਕ ਅਲਾਮਤਾਂ ਤੋਂ ਦੂਰ ਰਹਿਣ ਲਈ ਸੁਚੇਤ ਕਰਨ। ਪੰਜਾਬ ਵਿਚੋਂ ਨਸ਼ੇ ਨੂੰ ਖ਼ਤਮ ਕਰਨ ਲਈ ਨੌਜਵਾਨਾਂ ਨੂੰ ਹੀ ਅੱਗੇ ਆਉਣਾ ਚਾਹੀਦਾ ਹੈ ਅਤੇ ਖੁਦ ਨਸ਼ੇ ਤੋਂ ਦੂਰ ਰਹਿ ਕੇ ਹੋਰਨਾਂ ਨੌਜਵਾਨਾਂ ਲਈ ਰਾਹ ਦਸੇਰਾ ਬਣਨਾ ਚਾਹੀਦਾ ਹੈ। ਨਸ਼ੇ ਤੋਂ ਬਚਣ ਲਈ ਨੌਜਵਾਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਆਪਣੇ ਖਾਲੀ ਸਮੇਂ ਨੂੰ ਕਿਸੇ ਕੰਮ ਵਿੱਚ ਲਗਾਉਣਾ ਚਾਹੀਦਾ ਹੈ। ਆਮ ਤੌਰ 'ਤੇ ਅੱਲ੍ਹੜ ਮੁੰਡੇ ਕੁੜੀਆਂ ਪੇਪਰ ਦੇ ਕੇ ਛੁੱਟੀਆਂ ਵਿੱਚ ਵਿਹਲੇ ਰਹਿੰਦੇ ਹਨ ਜਿਸ ਕਰਕੇ ਉਹਨਾਂ ਦੇ ਕੁਰਾਹੇ ਪੈਣ ਦਾ ਖ਼ਤਰਾ ਪੈ ਜਾਂਦਾ ਹੈ, ਇਸ ਲਈ ਸਕੂਲ/ਕਾਲਜ ਵਿੱਚ ਪੇਪਰਾਂ ਤੋਂ ਬਾਅਦ ਛੁੱਟੀਆਂ ਹੋਣ ਤੇ ਅੱਲ੍ਹੜਾਂ ਤੇ ਨੌਜਵਾਨਾਂ ਨੂੰ ਕਿਸੇ ਨਾ ਕਿਸੇ ਕੰਮ ਧੰਦੇ ਦੀ ਟ੍ਰੇਨਿੰਗ ਦੇਣੀ ਚਾਹੀਦੀ ਹੈ ਤਾਂ ਕਿ ਉਹ ਕੁਰਾਹੇ ਪੈਣ ਦੀ ਥਾਂ ਛੁੱਟੀਆਂ ਵਿੱਚ ਕੋਈ ਕੰਮ ਸਿੱਖ ਸਕਣ। ਅੱਲ੍ਹੜਾਂ ਨੂੰ ਸਹੀ ਸੇਧ ਦੇਣੀ ਬਹੁਤ ਜ਼ਰੂਰੀ ਹੁੰਦੀ ਹੈ ਕਿਉਂਕਿ ਇਸ ਉਮਰ ਵਿੱਚ ਬੱਚਿਆਂ ਦੇ ਕੁਰਾਹੇ ਪੈਣ ਦਾ ਖ਼ਤਰਾ ਬਹੁਤ ਹੁੰਦਾ ਹੈ।





# ਪੰਜਾਬ ’ਚ ਮੰਗਤੇ ਬਣੇ ਗੰਭੀਰ ਸਮੱਸਿਆ

## ਦਿਨੋਂ ਦਿਨ ਵਧਦੀ ਜਾ ਰਹੀ ਹੈ ਮੰਗਤਿਆਂ ਦੀ ਗਿਣਤੀ

## ਧਾਰਮਿਕ ਸਥਾਨਾਂ ਨੇੜੇ ਵੀ ਹੁੰਦੀ ਹੈ ਮੰਗਤਿਆਂ ਦੀ ਭਰਮਾਰ



ਪੰਜਾਬ ਜਿਥੇ ਪ੍ਰਦੂਸ਼ਣ, ਨਸ਼ਾ, ਬੇਰੁਜ਼ਗਾਰੀ, ਮਹਿੰਗਾਈ, ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ, ਧਰਤੀ ਹੇਠਲੇ ਪਾਣੀ ਦਾ ਖਤਮ ਹੋਣ ਕਿਨਾਰੇ ਪਹੁੰਚਣਾ, ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ, ਦਰਿਆਈ ਪਾਣੀਆਂ ਦੇ ਰੇੜਕੇ, ਖੂਨ ਪੀਣੀਆਂ ਸੜਕਾਂ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ, ਦੂਜੇ ਦੇਸ਼ਾਂ ਨੂੰ ਹੋ ਰਿਹਾ ਪਰਵਾਸ ਅਤੇ ਹੋਰ ਕਈ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਥੇ ਹੁਣ ਪੰਜਾਬ ਵਿੱਚ ਮੰਗਤੇ ਵੀ ਗੰਭੀਰ ਸਮੱਸਿਆ ਬਣਦੇ ਜਾ ਰਹੇ ਹਨ। ਪੰਜਾਬ ਦੇ ਹਰ ਇਲਾਕੇ ਵਿੱਚ ਹੀ ਮੰਗਤਿਆਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋ ਗਿਆ ਹੈ।

ਪੰਜਾਬ ਦੇ ਹਰ ਇਲਾਕੇ ਵਿੱਚ ਹੀ ਭੀਖ ਮੰਗਣ ਵਾਲੇ ਮੰਗਤਿਆਂ ਦੀ ਭਰਮਾਰ ਹੋ ਗਈ ਹੈ, ਜੋ ਕਿ ਸਮਾਜ ਲਈ ਇੱਕ ਵੱਡੀ ਸਮੱਸਿਆ ਬਣਦੇ ਜਾ ਰਹੇ ਹਨ। ਇੱਥੋਂ ਤੱਕ ਕਿ ਵੱਖ- ਵੱਖ ਧਾਰਮਿਕ ਸਥਾਨਾਂ ਦੇ ਆਲ਼ੇ ਦੁਆਲ਼ੇ ਵੀ ਮੰਗਤੇ ਬਹੁਗਿਣਤੀ ਵਿੱਚ ਮੌਜੂਦ ਹੁੰਦੇ ਹਨ, ਜੋ ਕਿ ਧਾਰਮਿਕ ਸਥਾਨਾਂ ’ਤੇ ਨਤਮਸਤਕ ਹੋਣ ਆਏ ਸ਼ਰਧਾਲੂਆਂ ਤੋਂ ਪੈਸੇ ਮੰਗਦੇ ਹਨ। ਪੈਸਿਆਂ ਤੋਂ ਇਲਾਵਾ ਇਹ ਮੰਗਤੇ ਲੋਕਾਂ ਤੋਂ ਕੱਪੜੇ ਅਤੇ ਖਾਣ ਪੀਣ ਦਾ ਸਮਾਨ ਵੀ ਮੰਗਦੇ ਹਨ। ਪੰਜਾਬ ਦੇ ਸ਼ਹਿਰਾਂ ਦੀਆਂ ਕਰੀਬ ਸਾਰੀਆਂ ਹੀ ਮਾਰਕੀਟਾਂ ਵਿੱਚ ਵੀ ਮੰਗਤਿਆਂ ਦੀ ਭਰਮਾਰ ਹੁੰਦੀ ਹੈ, ਜਿਨ੍ਹਾਂ ਵਿੱਚ ਮਹਿਲਾਵਾਂ ਅਤੇ ਬੱਚੇ ਵੀ ਸ਼ਾਮਲ ਹੁੰਦੇ ਹਨ। ਇਹ ਮੰਗਤੇ ਮਾਰਕੀਟ ਵਿੱਚ ਖਰੀਦਦਾਰੀ ਕਰਨ ਆਏ ਲੋਕਾਂ ਤੋਂ ਓਨੀ ਦੇਰ ਤੱਕ ਭੀਖ ਮੰਗਦੇ ਰਹਿੰਦੇ ਹਨ, ਜਿੰਨੀ ਦੇਰ ਤੱਕ ਲੋਕ ਇਹਨਾਂ ਨੂੰ ਪੈਸੇ ਨਹੀਂ ਦਿੰਦੇ। ਅਕਸਰ ਭੀਖ ਮੰਗਦੇ ਬੱਚੇ ਮਾਰਕੀਟਾਂ ਵਿੱਚ ਆਏ ਲੋਕਾਂ ਦੇ ਕੀਮਤੀ ਕਪੜਿਆਂ ਨੂੰ ਆਪਣੇ ਗੰਦੇ ਹੱਥ ਲਗਾ ਕੇ ਭੀਖ ਮੰਗਣ ਲੱਗ ਜਾਂਦੇ ਹਨ ਅਤੇ ਮਹਿੰਗੇ ਕਪੜਿਆਂ ਨੂੰ ਮੰਗਤਿਆਂ ਤੋਂ ਬਚਾਉਣ ਲਈ ਅਕਸਰ ਲੋਕ ਇਹਨਾਂ ਨੂੰ ਭੀਖ ਵਿੱਚ ਪੈਸੇ ਦੇ ਦਿੰਦੇ ਹਨ। ਇਸ ਤੋਂ ਇਲਾਵਾ ਅਕਸਰ ਹੀ ਘਰਾਂ ਵਿੱਚ ਜਾ ਕੇ ਕਿਸੇ ਨਾ ਕਿਸੇ ਪਿੰਗਲਵਾੜੇ ਜਾਂ ਹੋਰ ਸੰਸਥਾ ਦੇ ਨਾਮ ’ਤੇ ਕੁਝ ਲੋਕ ਭੀਖ ਮੰਗਦੇ ਹਨ।

ਜਦੋਂ ਕਿ ਪਿੰਗਲਵਾੜੇ ਅਤੇ ਹੋਰ ਸੰਸਥਾਵਾਂ ਦੇ ਪ੍ਰਬੰਧਕ ਕਈ ਵਾਰ ਸਪਸ਼ਟ ਕਰ ਚੁੱਕੇ ਹਨ ਕਿ ਉਹਨਾਂ ਦਾ ਕੋਈ ਵੀ ਵਿਅਕਤੀ ਕਿਸੇ ਦੇ ਘਰ ਦਾਨ ਮੰਗਣ ਜਾਂ ਭੀਖ ਮੰਗਣ ਨਹੀਂ ਜਾਂਦਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਭੀਖ ਮੰਗਣ ਵਾਲੇ ਮੰਗਤਿਆਂ ਵਿੱਚ ਜ਼ਿਆਦਾਤਰ ਦੂਜੇ ਰਾਜਾਂ ਤੋਂ ਆਏ ਹੋਏ ਪਰਵਾਸੀ ਲੋਕ ਹਨ।

**ਕੀ ਭੀਖ ਮੰਗਣਾ ਅਪਰਾਧ ਹੈ ? :**

ਭਾਵੇਂ ਭਾਰਤ ਵਿੱਚ ਭੀਖ ਮੰਗਣਾ ਅਪਰਾਧ ਮੰਨਿਆ ਜਾਂਦਾ ਹੈ, ਪਰ ਅਦਾਲਤਾਂ ਨੇ ਇਸ ’ਤੇ ਪਾਬੰਦੀ ਲਗਾਉਣ ਤੋਂ ਸਪੱਸ਼ਟ ਤੌਰ ’ਤੇ ਇਨਕਾਰ ਕਰ ਦਿੱਤਾ ਹੈ।

ਜੁਲਾਈ 2021 ਵਿੱਚ, ਸੁਪਰੀਮ ਕੋਰਟ ਨੇ ਭੀਖ ਮੰਗਣ ’ਤੇ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ। ਉਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਇਹ ਇੱਕ ਸਮਾਜਿਕ-ਆਰਥਿਕ ਸਮੱਸਿਆ ਹੈ। ਅਦਾਲਤ ਨੇ ਕਿਹਾ ਸੀ ਕਿ ਸਿੱਖਿਆ ਦੀ ਘਾਟ ਅਤੇ ਰੁਜ਼ਗਾਰ ਦੀ ਅਣਹੋਂਦ ਕਾਰਨ ਲੋਕ ਭੀਖ ਮੰਗਣ ਲਈ ਮਜਬੂਰ ਹਨ।

ਇਸ ਤੋਂ ਪਹਿਲਾਂ 2018 ਵਿੱਚ,



ਦਿੱਲੀ ਹਾਈ ਕੋਰਟ ਨੇ ਵੀ ਇਸ ’ਤੇ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਭੀਖ ਮੰਗਣ ਨੂੰ ਅਪਰਾਧ ਬਣਾਉਣਾ ਕੁਝ ਸਭ ਤੋਂ ਕਮਜ਼ੋਰ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰੇਗਾ। ਹਾਈ ਕੋਰਟ ਨੇ ਟਿੱਪਣੀ ਕੀਤੀ ਸੀ, ‘ਲੋਕ ਸੜਕਾਂ ’ਤੇ ਭੀਖ ਨਹੀਂ ਮੰਗਦੇ ਕਿਉਂਕਿ ਇਹ ਉਨ੍ਹਾਂ ਦੀ ਮਰਜ਼ੀ ਹੈ। ਸਗੋਂ ਉਹ ਇਹ ਮੰਗਦੇ ਹਨ ਕਿਉਂਕਿ ਉਹਨਾਂ ਨੂੰ ਇਸ ਦੀ ਲੋੜ ਹੈ। ਭੀਖ ਮੰਗਣਾ ਉਨ੍ਹਾਂ ਦੇ ਗੁਜ਼ਾਰੇ ਦਾ ਆਖਰੀ ਰਸਤਾ ਹੈ।’

ਇਸ ਵੇਲੇ ਭਾਰਤ ਵਿੱਚ ਭੀਖ ਮੰਗਣ ਨੂੰ ਰੋਕਣ ਲਈ ਕੋਈ ਕੇਂਦਰੀ ਕਾਨੂੰਨ ਨਹੀਂ ਹੈ। ਹਾਲਾਂ ਕਿ, 1959 ਦਾ ਬੰਬੇ ਪ੍ਰੀਵੈਂਸ਼ਨ ਆਫ਼ ਬੇਗਿੰਗ ਐਕਟ 20 ਤੋਂ ਵੱਧ ਰਾਜਾਂ ਵਿੱਚ ਲਾਗੂ ਹੈ ਅਤੇ ਰਾਜਧਾਨੀ ਦਿੱਲੀ ਵਿੱਚ ਵੀ।

ਰੇਲਵੇ ਐਕਟ ਦੇ ਤਹਿਤ, ਰੇਲਵੇ



ਸਟੇਸ਼ਨ ’ਤੇ ਭੀਖ ਮੰਗਣਾ ਵੀ ਇੱਕ ਅਪਰਾਧ ਹੈ। ਰੇਲਵੇ ਐਕਟ ਦੀ ਧਾਰਾ 144 ਦੇ ਤਹਿਤ, ਰੇਲਵੇ ਸਟੇਸ਼ਨਾਂ ਜਾਂ ਪਲੇਟਫਾਰਮਾਂ ’ਤੇ ਭੀਖ ਮੰਗਣਾ ਇੱਕ ਅਪਰਾਧ ਹੈ। ਇਸ ਧਾਰਾ ਦੇ ਤਹਿਤ, ਜੇਕਰ ਅਜਿਹਾ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ, ਤਾਂ ਸਜ਼ਾ ਇੱਕ ਸਾਲ ਤੱਕ ਦੀ ਕੈਦ ਜਾਂ ਦੋ ਹਜ਼ਾਰ ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਭਾਰਤ ਵਿੱਚ, ਬੱਚਿਆਂ ਤੋਂ ਭੀਖ ਮੰਗਵਾਉਣਾ ਇੱਕ ਗੰਭੀਰ ਅਪਰਾਧ ਹੈ ਅਤੇ ਅਜਿਹਾ ਕਰਨ ’ਤੇ ਤਿੰਨ ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਕਿਸ਼ੋਰ ਨਿਆਂ ਐਕਟ ਦੇ ਤਹਿਤ, ਬੱਚਿਆਂ ਜਾਂ ਕਿਸ਼ੋਰਾਂ ਤੋਂ ਭੀਖ ਮੰਗਵਾਉਣਾ ਜਾਂ ਅਜਿਹਾ ਕਰਨ ਦੇ ਉਦੇਸ਼ ਨਾਲ ਉਨ੍ਹਾਂ ਨੂੰ ਨੌਕਰੀ ’ਤੇ ਰੱਖਣਾ ਇੱਕ ਅਪਰਾਧ ਹੈ। ਇਸ ਕਾਨੂੰਨ ਵਿੱਚ ਇਹ ਵਿਵਸਥਾ ਹੈ ਕਿ ਜੇਕਰ ਕੋਈ ਵਿਅਕਤੀ ਬੱਚਿਆਂ ਜਾਂ ਕਿਸ਼ੋਰਾਂ ਤੋਂ ਭੀਖ ਮੰਗਵਾਉਂਦਾ ਹੈ ਜਾਂ ਅਜਿਹਾ ਕਰਨ ਦੇ ਉਦੇਸ਼ ਨਾਲ ਉਨ੍ਹਾਂ ਨੂੰ ਨੌਕਰੀ ’ਤੇ ਰੱਖਦਾ ਹੈ, ਤਾਂ ਦੋਸ਼ੀ ਪਾਏ ਜਾਣ ’ਤੇ ਉਸ ਨੂੰ ਤਿੰਨ ਸਾਲ ਤੱਕ ਦੀ ਕੈਦ ਹੋ ਸਕਦੀ ਹੈ। ਉਸ ’ਤੇ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ।

**ਭੀਖ ਮੰਗਣ ਦੇ ਤਰੀਕੇ**

ਭੀਖ ਮੰਗਣ ਲਈ ਕਈ ਤਰ੍ਹਾਂ ਦੇ ਤਰੀਕੇ ਵਰਤੇ ਜਾਂਦੇ ਹਨ, ਜਿਨ੍ਹਾਂ ਵਿੱਚੋਂ ਮੁੱਖ ਹਨ:

* ਭੁੱਖ ਲੱਗਣ ਦਾ ਬਹਾਨਾ ਕਰਕੇ, ਗਰੀਬ ਹੋਣ ਦਾ ਦਾਅਵਾ ਕਰਕੇ।
* ਵਿਗੜੇ ਹੋਏ ਸਰੀਰ ਦੇ ਅੰਗ ਦਿਖਾ ਕੇ।
* ਲੋਕਾਂ ਦੇ ਪੈਰ ਫੜ ਕੇ ਅਤੇ ਬੇਨਤੀ ਕਰਕੇ।
* ਨਾਚ ਜਾਂ ਕਲਾਬਾਜ਼ੀਆਂ ਪੇਸ਼ ਕਰਕੇ।
* ਭੂਤਕਾਲ ਬਾਰੇ ਦੱਸ ਕੇ ਭਵਿੱਖਬਾਣੀ ਕਰਨਾ।
* ਰੋ ਕੇ ਅਤੇ ਆਪਣੇ ਦੁੱਖ, ਮੁਸੀਬਤ ਜਾਂ ਬਦਕਿਸਮਤੀ ਦੀ ਕਹਾਣੀ ਦਸ ਕੇ।
* ਅਸ਼ੀਰਵਾਦ ਦੇ ਕੇ (ਜਿਵੇਂ ਕਿ ਤੁਹਾਡਾ ਪੁੱਤਰ ਜ਼ਿੰਦਾ ਰਹੇ, ਤੁਹਾਡਾ ਪਤੀ ਹਮੇਸ਼ਾ ਜ਼ਿੰਦਾ ਰਹੇ, ਆਦਿ)।
* ਚਮਤਕਾਰ ਕਰਕੇ (ਜਿਵੇਂ ਖਾਲੀ ਹੱਥ ਦਿਖਾ ਕੇ ਚਮਤਕਾਰੀ ਢੰਗ ਨਾਲ ਕੁਝ ਕੱਢਣਾ)।
* ਕਿਸੇ ਜਾਅਲੀ ਸੰਸਥਾ ਦੇ ਨਾਂਅ ’ਤੇ

**ਮੰਗਤਿਆਂ ਬਾਰੇ ਅੰਕੜੇ ਕੀ ਕਹਿੰਦੇ ਹਨ ?**

2011 ਦੀ ਜਨਗਣਨਾ ਦੇ ਅਨੁਸਾਰ, ਭਾਰਤ ਵਿੱਚ 3.72 ਲੱਖ ਤੋਂ ਵੱਧ ਮੰਗਤੇ ਹਨ। ਇਨ੍ਹਾਂ ਵਿੱਚੋਂ 1.97 ਲੱਖ ਪੁਰਸ਼ ਅਤੇ 1.74 ਲੱਖ ਔਰਤਾਂ ਹਨ। ਇਨ੍ਹਾਂ ਵਿੱਚੋਂ 55 ਹਜ਼ਾਰ ਤੋਂ ਵੱਧ ਲੋਕ ਭੀਖ ਮੰਗਦੇ ਹਨ ਜਿਨ੍ਹਾਂ ਦੀ ਉਮਰ 19 ਸਾਲ ਤੋਂ ਘੱਟ ਹੈ। ਲਗਭਗ 1.43 ਲੱਖ ਤੋਂ ਵੱਧ ਮੰਗਤੇ ਅਜਿਹੇ ਹਨ ਜਿਨ੍ਹਾਂ ਦੀ ਉਮਰ 60 ਸਾਲ ਤੋਂ ਵੱਧ ਹੈ।

**ਕਿੱਥੇ ਅਤੇ ਕਿੰਨੇ ਮੰਗਤੇ**

ਇੱਕ ਰਿਪੋਰਟ ਅਨੁਸਾਰ ਪੱਛਮੀ ਬੰਗਾਲ ਵਿੱਚ ਦੇਸ਼ ਵਿੱਚ ਸਭ ਤੋਂ ਵੱਧ ਮੰਗਤੇ ਹਨ। ਪੱਛਮੀ ਬੰਗਾਲ ਵਿੱਚ ਮੰਗਤਿਆਂ ਦੀ ਗਿਣਤੀ 81,244 ਹੈ। ਉੱਤਰ ਪ੍ਰਦੇਸ਼ ਦੂਜੇ ਸਥਾਨ ’ਤੇ ਹੈ ਜਿੱਥੇ 65,835 ਮੰਗਤੇ ਹਨ। ਇਨ੍ਹਾਂ ਤੋਂ ਇਲਾਵਾ ਆਂਧਰਾ ਪ੍ਰਦੇਸ਼ ਵਿੱਚ 30 ਹਜ਼ਾਰ 218, ਬਿਹਾਰ ਵਿੱਚ 29 ਹਜ਼ਾਰ 723, ਮੱਧ ਪ੍ਰਦੇਸ਼ ਵਿੱਚ 28 ਹਜ਼ਾਰ 695 ਅਤੇ ਰਾਜਸਥਾਨ ਵਿੱਚ 25 ਹਜ਼ਾਰ 853 ਮੰਗਤੇ ਹਨ। ਰਾਜਧਾਨੀ ਦਿੱਲੀ ਵਿੱਚ ਮੰਗਤਿਆਂ ਦੀ ਗਿਣਤੀ 2,187 ਹੈ।



**ਮੱਧ ਪ੍ਰਦੇਸ਼ ਦਾ ਪ੍ਰਸਿੱਧ ਸ਼ਹਿਰ ਇੰਦੌਰ ਹੁਣ ਇੱਕ ਨਵਾਂ ਪ੍ਰਯੋਗ ਕਰਨ ਜਾ ਰਿਹਾ ਹੈ। ਇੰਦੌਰ ਵਿੱਚ 1 ਜਨਵਰੀ 2025 ਤੋਂ ਭੀਖ ਮੰਗਣ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਇੰਦੌਰ ਵਿੱਚ ਜੇਕਰ ਕੋਈ ਵਿਅਕਤੀ ਕਿਸੇ ਨੂੰ ਦਾਨ ਜਾਂ ਭੀਖ ਦਿੰਦੇ ਹੋਏ ਫੜਿਆ ਜਾਂਦਾ ਹੈ ਤਾਂ ਭੀਖ ਜਾਂ ਦਾਨ ਦੇਣ ਵਾਲਿਆਂ ਵਿਰੁੱਧ ਵੀ ਮਾਮਲਾ ਦਰਜ ਕੀਤਾ ਜਾਵੇਗਾ। ਅਜਿਹਾ ਕਾਨੂੰਨ ਪੰਜਾਬ ਵਿੱਚ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਅਤੇ ਭੀਖ ਮੰਗਣ ਵਾਲਿਆਂ ਦੇ ਨਾਲ ਹੀ ਭੀਖ ਦੇਣ ਵਾਲਿਆਂ ਦੇ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਮੰਗਤਿਆਂ ਅਤੇ ਭੀਖ ਮੰਗਣ ਵਾਲਿਆਂ ਤੋਂ ਪੰਜਾਬ ਦਾ ਛੁਟਕਾਰਾ ਹੋ ਸਕੇ।**

**ਕਿੰਨੇ ਮੰਗਤੇ ਪੜ੍ਹੇ-ਲਿਖੇ ਹਨ**

2011 ਦੀ ਜਨਗਣਨਾ ਦੇ ਅਨੁਸਾਰ ਭਾਰਤ ਵਿੱਚ 3.72 ਲੱਖ ਤੋਂ ਵੱਧ ਮੰਗਤਿਆਂ ਵਿੱਚੋਂ 2.92 ਲੱਖ ਅਨਪੜ੍ਹ ਹਨ। ਇਸ ਦੇ ਨਾਲ ਹੀ, ਤਿੰਨ ਹਜ਼ਾਰ ਤੋਂ ਵੱਧ ਮੰਗਤੇ ਹਨ ਜਿਨ੍ਹਾਂ ਕੋਲ ਕੋਈ ਨਾ ਕੋਈ ਡਿਪਲੋਮਾ ਜਾਂ ਡਿਗਰੀ ਹੈ।

**ਭੀਖ ਮੰਗਣ ਨੂੰ ਰੋਕਣ ਦੇ ਉਪਾਅ**

ਭੀਖ ਮੰਗਣ ਨੂੰ ਨਿੱਜੀ ਟੁੱਟਣ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਹ ਇੱਕ ਅਜਿਹੀ ਸਮੱਸਿਆ ਹੈ ਜਿਸ ਨੂੰ ਖਤਮ ਕਰਨ ਲਈ ਕਈ ਕਦਮ ਚੁੱਕੇ ਗਏ ਹਨ। ਇਸ ਦੇ ਬਾਵਜੂਦ, ਭੀਖ ਮੰਗਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਬਹੁਤ ਸਾਰੇ ਰਾਜਾਂ ਨੇ ਭੀਖ ਮੰਗਣ ਨੂੰ ਖਤਮ ਕਰਨ ਲਈ ਕਾਨੂੰਨ ਪਾਸ ਕੀਤੇ ਹਨ, ਪਰ ਇਹ ਕਾਫ਼ੀ ਨਹੀਂ ਹਨ। ਮੰਗਤਿਆਂ ਦੇ ਪੁਨਰਵਾਸ ਲਈ ਕੋਈ ਪ੍ਰਬੰਧ ਨਾ ਹੋਣ ਕਰਕੇ ਕਾਨੂੰਨ ਬੇਅਸਰ ਹੋ ਗਏ ਹਨ। ਇਸ ਸਮੱਸਿਆ ਦੇ ਹੱਲ ਲਈ, ਸਾਰੇ ਰਾਜਾਂ ਵਿੱਚ ਇੱਕਸਾਰ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ ਅਤੇ ਮੰਗਤਿਆਂ ਲਈ ਪੁਨਰਵਾਸ ਯੋਜਨਾਵਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।







# ਕੀ ਹਰ ਪਖੋਂ ਨਿਘਾਰ ਵੱਲ ਜਾ ਰਹੇ ਹਾਂ ਅਸੀਂ ?



ਡਾ. ਅਮਨਪ੍ਰੀਤ ਸਿੰਘ ਬਰਾੜ

ਕੋਈ ਜ਼ਮਾਨਾ ਸੀ ਜਦ ਲੋਕੀਂ ਬਹੁਤੇ ਵਾਅਦੇ ਜ਼ੁਬਾਨੀ ਕਰਦੇ ਸਨ ਅਤੇ ਉਨ੍ਹਾਂ ਨੂੰ ਯਾਦ ਰੱਖ ਕੇ ਸਾਲਾਂ ਤੱਕ ਨਿਭਾਉਂਦੇ ਸਨ। ਇੱਥੋਂ ਤੱਕ ਕਿ ਜੇ ਦੋ ਪਰਿਵਾਰਾਂ ਨੇ ਆਪਣੇ ਛੋਟੇ ਹੁੰਦੇ ਬੱਚਿਆਂ ਦਾ ਰਿਸ਼ਤਾ ਪੱਕਾ ਕਰ ਲਿਆ ਤਾਂ ਜਵਾਨ ਹੋਣ ਤੱਕ ਉਡੀਕ ਲੈਂਦੇ। ਰਿਸ਼ਤੇ ਪੱਕੇ ਕਰਨ 'ਚ ਪੰਡਤ, ਨਾਈ ਜਾਂ ਮਰਾਸੀ ਵੀ ਆਪਣਾ ਯੋਗਦਾਨ ਪਾਉਂਦੇ, ਪਰ ਉਨ੍ਹਾਂ ਦੀ ਇਮਾਨਦਾਰੀ ਵੀ ਵੇਖੋ, ਰਿਸ਼ਤਾ ਉੱਥੇ ਕਰਾਉਂਦੇ, ਜਿਨ੍ਹਾਂ ਦੋਹਾਂ ਘਰਾਂ ਨੂੰ ਉਹ ਜਾਣਦੇ ਹੁੰਦੇ ਸਨ ਅਤੇ ਉਨ੍ਹਾਂ ਦੀ ਨਿਭ ਸਕਦੀ ਸੀ। ਬਹੁਤੀ ਵਾਰ ਕੁੜੀ ਵਾਲਿਆਂ ਵੱਲੋਂ ਸ਼ਗਨ ਵੀ ਉਹੀ ਲੈ ਕੇ ਜਾਂਦੇ ਸਨ। ਮੁੰਡਾ-ਕੁੜੀ ਵਿਆਹ ਤੋਂ ਬਾਅਦ ਹੀ ਆਪਸ ਵਿੱਚ ਮਿਲਦੇ ਸਨ। ਕਾਮਜਾਬ ਵਿਆਹਾਂ ਦੀ ਦਰ ਅੱਜ ਤੋਂ ਕਈ ਗੁਣਾ ਜ਼ਿਆਦਾ ਸੀ। ਪਿੰਡ ਦੀਆਂ ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਸਨ। ਇੱਥੋਂ ਤੱਕ ਕਿ ਜੇ ਕਿਸੇ ਪਿੰਡ ਕੋਈ ਬਰਾਤ ਲੈ ਕੇ ਗਿਆ, ਜਿੱਥੇ ਉਸ ਪਿੰਡ ਦੀ ਕੋਈ ਕੁੜੀ ਪਹਿਲਾਂ ਵਿਆਹੀ ਹੋਈ ਹੈ ਤਾਂ ਲੜਕੇ ਦਾ ਬਾਪ ਪਰੋਸਾ (ਸ਼ਗਨ) ਲੈ ਕੇ ਉਸ ਕੁੜੀ ਦੇ ਘਰ ਵੀ ਜਾਂਦਾ ਅਤੇ ਵਿਆਹ 'ਚ ਸ਼ਾਮਿਲ ਹੋਣ ਦਾ ਸੱਦਾ ਦੇ ਕੇ ਆਉਂਦਾ। ਅੱਜ ਵਾਂਗ ਨਹੀਂ, ਰਿਸ਼ਤਾ ਪੱਕਾ ਕਰਨ ਤੋਂ ਪਹਿਲਾਂ ਦੋਵੇਂ ਪਰਿਵਾਰ ਇੱਕ-ਦੂਜੇ ਨੂੰ ਮਿਲਦੇ ਵੀ ਹਨ, ਦੇਣ-ਲੈਣ ਵੀ ਮਿੱਥਿਆ ਜਾਂਦਾ ਹੈ। ਉਸ ਤੋਂ ਬਾਅਦ ਰੋਕਾ, ਸ਼ਗਨ ਅਤੇ ਚੁੰਨੀ ਦੀਆਂ ਰਸਮਾਂ ਵੀ ਹੁੰਦੀਆਂ ਹਨ। ਅੱਜ-ਕੱਲ੍ਹ ਇੱਕ ਹੋਰ ਰਿਵਾਜ ਚੱਲ ਪਿਆ, ਜਿਸ ਨੂੰ 'ਪ੍ਰੀਵੈਡਿੰਗ ਸ਼ੂਟ' ਕਿਹਾ ਜਾਂਦਾ ਹੈ, ਜਿਸ 'ਚ ਮੁੰਡਾ-ਕੁੜੀ ਵਿਆਹ ਤੋਂ ਪਹਿਲਾਂ ਸੈਲਾਨੀ ਜਗ੍ਹਾ 'ਤੇ ਜਾ ਕੇ ਵੱਖ-ਵੱਖ ਅੰਦਾਜ਼ਾਂ 'ਚ ਇੱਕ ਫ਼ਿਲਮ ਬਣਾਉਂਦੇ ਹਨ। ਇਹ ਫ਼ਿਲਮ ਵਿਆਹ ਵਾਲੇ ਦਿਨ ਵਿਆਹ 'ਚ ਸ਼ਾਮਿਲ ਹੋਣ ਵਾਲੇ ਮਹਿਮਾਨਾਂ ਨੂੰ ਦਿਖਾਈ ਜਾਂਦੀ ਹੈ। ਭਾਵ ਜਿਹੜੀ ਗੱਲ ਵਿਆਹ ਤੋਂ ਬਾਅਦ ਸ਼ੁਰੂ ਹੋਣੀ ਸੀ, ਉਹ ਵਿਆਹ ਹੋਣ ਤੱਕ ਤਕਰੀਬਨ-ਤਕਰੀਬਨ ਪੂਰੀ ਹੋ ਜਾਂਦੀ ਹੈ। ਭਾਵ ਜੋ ਪਵਿੱਤਰ ਬੰਧਨ ਲਾਵਾਂ/ਫ਼ੇਰਿਆਂ ਜਾਂ ਅਨੰਦ ਕਾਰਜ ਨਾਲ ਬੰਨ੍ਹਿਆ ਜਾਣਾ ਸੀ, ਉਹ ਰਸਮਾਂ ਤਾਂ ਸਿਰਫ਼ ਲੋਕ ਦਿਖਾਵਾ ਹੀ ਬਣ ਕੇ ਰਹਿ ਗਈਆਂ। ਜਦੋਂ ਫ਼ਿਲਮੀ ਦੁਨੀਆ ਤੋਂ ਬਾਅਦ ਅਗਲੀ ਜ਼ਿੰਦਗੀ ਸ਼ੁਰੂ ਹੁੰਦੀ ਹੈ, ਉਸ ਤੋਂ ਬਾਅਦ ਉਲਾਂਭੇ ਅਤੇ ਲੜਾਈ-ਝਗੜੇ, ਤੂੰ-ਤੂੰ, ਮੈਂ-ਮੈਂ ਤੋਂ ਵਧਦੇ-ਵਧਦੇ 'ਮੈਂ ਨਹੀਂ ਤੇਰੇ ਵਸਣਾ' ਤੱਕ ਪਹੁੰਚ ਜਾਂਦੀ ਹੈ। ਘਰ ਦੀ ਗੱਲ ਬਾਹਰ ਪੰਚਾਇਤ 'ਚ ਅਤੇ ਪੰਚਾਇਤ ਤੋਂ ਅੱਗੇ ਕਾਨੂੰਨ ਤੱਕ ਪਹੁੰਚ ਜਾਂਦੀ ਹੈ। ਹਰ ਇੱਕ ਨੂੰ ਪਤਾ ਹੈ ਕਿ ਕਾਨੂੰਨ ਦੇ ਹੱਥ ਬਹੁਤ ਲੰਬੇ ਹੁੰਦੇ ਹਨ। ਕਾਨੂੰਨ ਦਾ ਸਹਾਰਾ ਤਾਂ ਦੂਜੀ ਧਿਰ ਨੂੰ ਖਰਾਬ ਕਰਨ ਲਈ ਲਿਆ ਜਾਂਦਾ ਹੈ ਪਰ ਪਤਾ ਉਦੋਂ ਲਗਦਾ ਹੈ ਜਦੋਂ ਕਾਨੂੰਨ ਦੇ ਲੰਬੇ ਹੱਥ ਆਵਦੀ ਸੰਘੀ ਤੱਕ ਵੀ ਪਹੁੰਚ ਜਾਂਦੇ ਹਨ। ਅਖੀਰ ਧੱਕੇ ਖਾ ਕੇ ਤੇ ਖੱਜਲ-ਖੁਆਰ ਹੋ ਕੇ ਨਿਬੇੜਾ ਫ਼ਿਰ ਪੈਸੇ ਨਾਲ ਹੀ ਹੁੰਦਾ ਹੈ।

ਪੁਰਾਣੇ ਸਮੇਂ 'ਚ ਬਹੁਤੇ ਲੋਕਾਂ ਦੀ ਜ਼ੁਬਾਨ ਅਤੇ ਕਿਰਦਾਰ ਸੱਚੇ-ਸੁੱਚੇ ਅਤੇ ਪਾਕ ਸਨ। ਪਰ ਤਰੱਕੀ ਦੀ ਲਾਲਸਾ ਅਤੇ ਲਾਲਚ ਨੇ ਇਸ ਨੂੰ ਵੱਡਾ ਖੋਰਾ ਲਾਇਆ ਹੈ। ਅੱਜ ਲੋਕ ਆਪਣੇ ਪਰਿਵਾਰ ਬਾਰੇ ਸੋਚਦੇ-ਸਮਝਦੇ ਸਮਾਜ ਅਤੇ ਦੇਸ਼ ਨੂੰ ਪਿੱਛੇ ਛੱਡ ਜਾਂਦੇ ਹਨ। ਪੁਰਾਣੇ ਸਮਿਆਂ 'ਚ ਇਹੋ ਜਿਹੇ ਲੋਕਾਂ ਦੀ ਗਿਣਤੀ ਬਹੁਤ ਘੱਟ ਸੀ। ਲੋਕ ਜ਼ੁਬਾਨ ਦੇ ਪੱਕੇ, ਸਮਾਜ ਅਤੇ ਧਰਮ ਤੋਂ ਡਰ ਕੇ ਚੱਲਣ ਵਾਲੇ ਸਨ। ਆਪਸੀ ਭਾਈਚਾਰੇ ਦੀ ਸ਼ਰਮ ਸਭ ਤੋਂ ਵੱਡੀ ਸੀ ਪਰ ਅੱਜ ਜਿਹੜਾ ਇਨਸਾਨ ਪੈਸੇ ਅਤੇ ਰੁਤਬੇ 'ਚ ਜਿੰਨਾ ਵੱਡਾ ਹੋ ਗਿਆ, ਉਸ ਨੇ ਭਾਈਚਾਰੇ ਦੀ ਸ਼ਰਮ ਓਨੀ ਹੀ ਛਿੱਕੇ ਟੰਗ ਦਿੱਤੀ ਅਤੇ ਧਰਮ ਨੂੰ ਜੇਬ 'ਚ ਪਾ ਲਿਆ। ਇਸ ਦੀ ਵਿਆਖਿਆ ਕੁਝ ਇਸ ਤਰ੍ਹਾਂ ਦੀ ਹੈ।

ਸਿਆਸਤ : ਸਿਆਸਤਦਾਨ ਭਾਵ ਉਹ ਇਨਸਾਨ ਜਿਨ੍ਹਾਂ ਉੱਪਰ ਲੋਕਾਂ ਦਾ ਜੀਵਨ ਸੁਖਾਲਾ ਬਣਾਉਣ ਦਾ ਭਾਰ ਹੁੰਦਾ ਹੈ। ਇਹ ਲੋਕ, ਆਮ ਲੋਕਾਂ ਲਈ ਇਕ ਰੋਲ ਮਾਡਲ ਹੁੰਦੇ ਹਨ। ਉਸ ਇਲਾਕੇ ਦੇ ਸਾਰੇ ਲੋਕਾਂ ਦੀਆਂ ਨਜ਼ਰਾਂ ਉਨ੍ਹਾਂ @ਤੇ ਹੁੰਦੀਆਂ ਹਨ, ਪਰ ਜਦੋਂ ਰੋਲ ਮਾਡਲ ਹੀ ਥਿੜਕਦਾ ਨਜ਼ਰ ਆਵੇ, ਫ਼ਿਰ ਕੋਈ ਕਿਸ ਵੱਲ ਵੇਖੇ। ਨੇੜਲੇ ਦਿਨਾਂ 'ਚ ਵੋਟਾਂ ਆ ਰਹੀਆਂ ਹਨ, ਦਲ-ਬਦਲਣੇ ਵੋਟਾਂ ਤੋਂ ਪਹਿਲਾਂ ਸੁਭਾਵਿਕ ਹਨ। ਇਸ ਵੇਲੇ ਵੱਡੀ ਸੋਚਣ ਦੀ ਗੱਲ ਹੈ ਕਿ ਮੀਡੀਆ ਦੇ ਜ਼ਮਾਨੇ 'ਚ ਜਦੋਂ ਹਰ ਗੱਲ ਦਾ ਰਿਕਾਰਡ ਮਿਲ ਜਾਂਦਾ ਹੈ। ਜਿਹੜੀ ਜਗ੍ਹਾ ਇਹ ਜਾਂਦੇ, ਉਸ ਬਾਰੇ ਪਹਿਲਾਂ ਕੀ ਬੋਲੇ ਸੀ, ਇਹ ਭੁੱਲ ਜਾਂਦੇ ਹਨ ਕਿਉਂਕਿ ਇਨ੍ਹਾਂ ਦਾ ਮਕਸਦ ਤਾਂ ਤਾਕਤ ਹਾਸਲ ਕਰਨਾ ਹੈ। ਜਿਹੜੇ ਪਾਸੇ ਪਲੜਾ ਭਾਰੀ ਹੋਇਆ, ਉਸ ਪਾਸੇ ਝੁਕ ਗਏ। ਇਨ੍ਹਾਂ ਲਈ ਸਿਰਫ਼ ਪੈਸਾ, ਤਾਕਤ ਅਤੇ ਆਪਣੇ ਪਰਿਵਾਰ ਨੂੰ ਪਹਿਲ ਹੈ। ਲੋਕ ਜਿਨ੍ਹਾਂ ਨੇ ਇਨ੍ਹਾਂ ਨੂੰ ਆਗੂ ਬਣਾਇਆ, ਉਨ੍ਹਾਂ ਦੀ ਕੋਈ ਅਹਿਮੀਅਤ ਨਹੀਂ। ਹਰ ਸਿਆਸਤਦਾਨ ਹੁਣ ਆਮ ਤੇ ਵਿਚਾਰਾ ਜਿਹਾ ਬਣਨ ਲੱਗ ਜਾਊਗਾ ਅਤੇ ਗਲੀਆਂ, ਮੁਹੱਲਿਆਂ ਵਿਚ ਜਾ ਕੇ ਵੋਟਰਾਂ ਨੂੰ ਜੱਫ਼ੀਆਂ ਪਾਉਂਦਾ ਫ਼ਿਰੂ ਪਰ ਜਿੱਦਣ ਜਿੱਤ ਗਿਆ, ਉਸ ਦਿਨ ਇਹ ਆਮ ਤੋਂ ਖ਼ਾਸ ਹੋ ਜਾਂਦੇ ਹਨ। ਜਿਨ੍ਹਾਂ ਨੂੰ ਅੱਜ ਆਮ ਲੋਕਾਂ ਤੋਂ ਕੋਈ ਖ਼ਤਰਾ ਨਹੀਂ। 4 ਜੂਨ ਤੋਂ ਬਾਅਦ ਉਨ੍ਹਾਂ ਨੂੰ ਇਹੋ ਹੀ ਆਮ ਜਨਤਾ ਖ਼ਤਰਨਾਕ ਲੱਗਣ ਲੱਗ ਜਾਣੀਂ ਹੈ। ਇਨ੍ਹਾਂ ਦੇ ਅੱਗੇ-ਪਿੱਛੇ ਸੁਰੱਖਿਆ ਕਰਮੀਆਂ ਦਾ ਵੱਡਾ ਘੇਰਾ ਆ ਜਾਂਦਾ ਹੈ, ਜਿਸ ਨੂੰ ਪਾਰ ਕਰਨਾ ਆਮ-ਇਨਸਾਨ ਦੇ ਵੱਸ ਦੀ ਗੱਲ ਨਹੀਂ। ਇੱਥੋਂ ਤੱਕ ਕਿ ਮੰਦਰ, ਗੁਰਦੁਆਰਿਆਂ 'ਚ ਆਮ ਲੋਕ ਕਤਾਰਾਂ 'ਚ ਜਾਂਦੇ ਹਨ, ਜਦਕਿ ਇਹ ਲੋਕ ਵੀ.ਆਈ.ਪੀ. ਦਰਸ਼ਨ ਕਰਦੇ ਹਨ। ਭਾਵ ਇਹ ਰੱਬ ਦੇ ਘਰ ਵੀ ਨਿਮਾਣੇ ਹੋ ਕੇ ਨਹੀਂ ਜਾਂਦੇ।

ਸੂਝਵਾਨ ਵੋਟਰ ਇਸ ਦੁਬਿਧਾ ਵਿੱਚ ਫ਼ਸ ਜਾਂਦਾ ਹੈ ਕਿ ਮੈਂ ਵੋਟ ਕਿਸ ਨੂੰ ਪਾਵਾਂ; ਕਿਉਂਕਿ ਪਿਛਲੇ 4-5 ਸਾਲਾਂ 'ਚ ਤਾਂ ਖਰੀਦੋ-ਫ਼ਰੋਖਤ ਦਾ ਐਸਾ ਰੁਝਾਨ ਬਣਿਆ ਹੈ ਕਿ ਪਤਾ ਹੀ ਨਹੀਂ ਚੱਲਦਾ ਕਿਸ ਨੇ ਕਦੋਂ ਵਿੱਕ ਜਾਣਾ ਹੈ ਅਤੇ ਆਪਣੇ ਚੁਣਨ ਵਾਲਿਆਂ ਨੂੰ ਧੋਖਾ ਦੇ ਜਾਣਾ ਹੈ। ਜਿਹੜੇ ਲੋਕ ਵੋਟ ਪਾਉਣ ਨਹੀਂ ਜਾਂਦੇ, ਉਨ੍ਹਾਂ ਵਿਚੋਂ ਬਹੁਤਿਆਂ ਦਾ ਕਾਰਨ ਇਹੋ ਹੀ ਹੈ।

ਅਧਿਆਪਕ : ਪਹਿਲਾਂ ਸਾਡੀ ਸੱਭਿਅਤਾ 'ਚ ਸਭ ਤੋਂ ਉੱਚ ਦਰਜਾ ਅਧਿਆਪਕ ਦਾ ਸੀ। ਰਾਜੇ-ਮਹਾਰਾਜੇ ਆਪਣੇ ਬੱਚਿਆਂ ਨੂੰ ਸੰਸਾਰੀ ਸਿੱਖਿਆ ਪ੍ਰਦਾਨ ਕਰਨ ਵਾਲੇ ਗੁਰੂ ਦੇ ਦੁਆਰ ਚੱਲ ਕੇ ਜਾਂਦੇ ਸਨ। ਪਰ ਸਮਾਂ ਬਦਲਦਾ ਗਿਆ। ਗੁਰੂਕੁਲ ਜੋ ਰਾਜੇ-ਮਹਾਰਾਜੇ ਵੇਲੇ ਆਪਣੀ ਅਲੱਗ ਪਹਿਚਾਣ ਰੱਖਦੇ ਸਨ, ਉਹ ਹੌਲੀ-ਹੌਲੀ ਸਮੇਂ ਦੀ ਸਰਕਾਰ ਦੀ ਜਗੀਰ ਬਣ ਗਏ, ਫ਼ਿਰ ਜਿੱਥੇ ਪੂੰਜੀਵਾਦੀ ਸਿਸਟਮ ਚੱਲਿਆ ਸੀ, ਉਥੇ ਇਹ ਅਦਾਰੇ ਕਾਰਪੋਰੇਟ ਦੀ ਨਿੱਜੀ ਜਗੀਰ ਬਣ ਗਏ।

ਭਾਰਤ 'ਚ ਅੱਜ ਅਧਿਆਪਕ ਜਿਸ ਨੂੰ ਦੇਸ਼ ਦੀ ਨਵੀਂ ਪੀੜ੍ਹੀ ਨੂੰ ਬਣਾਉਣਾ ਵਾਲਾ ਥੰਮ੍ਹ ਕਿਹਾ ਜਾਂਦਾ ਸੀ, ਉਸ ਦੀ ਦਸ਼ਾ ਇਹ ਹੈ ਕਿ ਉਹ ਆਪਣੇ ਪਰਿਵਾਰ ਦੇ ਚੰਗੇ ਜੀਵਨ ਨਿਰਵਾਹ ਦਾ ਇੰਤਜ਼ਾਮ ਕਰਨ ਦੇ ਸਮਰੱਥ ਵੀ ਨਹੀਂ ਹੈ। ਪਰ ਦੂਜੇ ਪਾਸੇ ਜਿਨ੍ਹਾਂ ਦੇ ਵਿੱਦਿਅਕ ਅਦਾਰਿਆ 'ਤੇ ਕਬਜ਼ੇ ਹਨ, ਉਹ ਪੜ੍ਹੇ-ਲਿਖੇ ਵੀ ਘੱਟ ਹਨ ਪਰ ਆਪਣੇ ਪੈਸੇ ਦੇ ਬਲ 'ਤੇ ਪੜ੍ਹਾਉਣ ਵਾਲਿਆਂ ਨੂੰ ਆਪਣੇ ਸਾਹਮਣੇ ਖੜ੍ਹਾ ਰੱਖਦੇ ਹਨ। ਇਸੇ ਤਰ੍ਹਾਂ ਕਈ ਅਧਿਆਪਕ ਵੀ ਜਦੋਂ ਉਸ ਦੇ ਆਪਣੇ ਬੱਚੇ ਦੇ ਪੇਪਰ ਹੁੰਦੇ ਹਨ, ਉਹ ਛੁੱਟੀ ਲੈ ਕੇ ਉਨ੍ਹਾਂ ਨੂੰ ਪੜ੍ਹਾਉਂਦੇ ਹਨ। ਉਸ ਵੇਲੇ ਸਕੂਲ ਦੇ ਵਿਦਿਆਰਥੀਆਂ ਦੇ ਵੀ ਪੇਪਰ ਹੁੰਦੇ ਹਨ, ਉਨ੍ਹਾਂ ਦਾ ਕੌਣ ਵਿਚਾਰਾ। ਇਸ 'ਚ ਤਰਕ ਆਉਂਦਾ ਹੈ ਮੈਂ ਤਾਂ ਇੱਥੇ ਰਹਿ ਗਿਆ (ਮਾਸਟਰ ਜਾਂ ਪ੍ਰੋਫ਼ੈਸਰ) ਪਰ ਮੇਰਾ ਬੱਚਾ ਕਿਸੇ ਹੋਰ ਕੰਮ 'ਚ ਪੈ ਜਾਵੇ। ਭਾਵ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕੋਈ ਦਿਹਾੜੀਦਾਰ ਗੱਲ ਕਰਦਾ ਹੋਵੇ। ਗੱਲ ਤਾਂ ਸਹੀ ਵੀ ਲੱਗਦੀ ਹੈ। ਪ੍ਰਾਈਵੇਟ ਨੌਕਰੀ ਕਰਨ ਵਾਲੇ ਅਧਿਆਪਕ ਖ਼ਾਸ ਕਰਕੇ ਜੇ ਉਹ ਪੁਰਸ਼ ਹਨ ਅਤੇ ਸਾਰੇ ਘਰ ਦੀ ਜ਼ਿੰਮੇਵਾਰੀ ਹੈ ਤਾਂ ਉਹ ਰੋਟੀ, ਕੱਪੜਾ ਤੇ ਮਕਾਨ ਲਈ ਹੀ ਜੂਝਦੇ ਜ਼ਿੰਦਗੀ ਲੰਘਾ ਦਿੰਦੇ ਹਨ। ਔਰਤਾਂ ਜੋ ਅਧਿਆਪਕ ਹਨ, ਉਨ੍ਹਾਂ ਲਈ ਇਹ ਦੂਜੀ ਆਮਦਨ ਹੈ ਅਤੇ ਉਨ੍ਹਾਂ ਲਈ ਇਹ ਨੌਕਰੀ ਟਾਈਮ ਪਾਸ ਅਤੇ ਆਪਣੇ ਬੱਚਿਆਂ ਨੂੰ ਕੰਮ ਦੇ ਨਾਲ ਜ਼ਿਆਦਾ ਸਮਾਂ ਦੇਣ ਵਾਲੀ ਲੱਗਦੀ ਹੈ।

ਡਾਕਟਰੀ ਪੇਸ਼ਾ : ਡਾਕਟਰਾਂ ਨੂੰ ਲੋਕ ਰੱਬ ਦਾ ਦੂਜਾ ਰੂਪ ਸਮਝਦੇ ਹਨ, ਪਰ ਉਹ ਹੀ ਰੱਬ ਕਿਤੇ ਕਿਸੇ ਬਿਮਾਰ ਦੇ ਇਲਾਜ ਵੇਲੇ ਇਹ ਕਹਿ ਕੇ ਦੇਰ ਕਰ ਦੇਵੇ ਕਿ ਇਹ 'ਰੁਟੀਨ ਪ੍ਰੋਸੈੱਸ' (ਆਮ ਵਰਤਾਰਾ) ਹੈ। ਉਸ ਵੇਲੇ ਉਸ ਬਿਮਾਰ ਇਨਸਾਨ ਦੇ ਆਪਣਿਆਂ 'ਤੇ ਕੀ ਬੀਤਦੀ ਹੈ ਇਹ ਤਾਂ ਉਹੀ ਦੱਸ ਸਕਦੇ ਹਨ। ਜਦੋਂ ਕਿਸੇ ਡਾਕਟਰ ਦਾ ਕੋਈ ਆਪਣਾ ਉਸੇ ਸਥਿਤੀ 'ਚ ਪਹੁੰਚ ਜਾਵੇ ਤਾਂ ਦੇਖੋ ਕਿਵੇਂ ਡਾਕਟਰਾਂ ਦੀ ਟੀਮ ਇਕੱਠੀ ਹੁੰਦੀ ਹੈ। ਉਸ ਵੇਲੇ ਉਹ ਆਮ ਤੋਂ ਖ਼ਾਸ 'ਪ੍ਰੋਸੈੱਸ' ਬਣ ਜਾਂਦਾ ਹੈ।

ਵਪਾਰੀ : ਬਹੁਤੇ ਵਪਾਰੀ ਪੈਸੇ ਦੀ ਚਕਾਚੌਂਧ 'ਚ ਇਸ ਤਰ੍ਹਾਂ ਫ਼ਸੇ ਹਨ ਕਿ ਉਹ ਹਰ ਤਰ੍ਹਾਂ ਦਾ ਪੁੱਠਾ ਕੰਮ ਕਰਨ ਨੂੰ ਤਿਆਰ ਹੋ ਜਾਂਦੇ ਹਨ। ਕਈ ਥਾਵਾਂ 'ਤੇ ਨਕਲੀ ਚੀਜ਼ਾਂ ਹੀ ਵੇਚੀਆਂ ਜਾਂਦੀਆਂ ਹਨ। ਇਸ 'ਚ ਸਭ ਤੋਂ ਵੱਧ ਮਿਲਾਵਟ ਦਾ ਅਸਰ ਖਾਣ-ਪੀਣ ਵਾਲੀਆਂ ਚੀਜ਼ਾਂ 'ਚ ਹੈ। ਮਠਿਆਈਆਂ 'ਚ ਮਿਲਾਵਟ ਦੀ ਚਰਚਾ ਅਕਸਰ ਤਿਉਹਾਰਾਂ ਦੇ ਦਿਨਾਂ 'ਚ ਚਲਦੀ ਹੈ। ਇਸ ਤਰ੍ਹਾਂ ਨਕਲੀ ਦੁੱਧ, ਨਕਲੀ ਪਨੀਰ ਆਦਿ। ਗੋਲ ਗੱਪਿਆਂ ਦੇ ਪਾਣੀ 'ਚ ਤੇਜ਼ਾਬ ਪਾ ਕੇ ਖੁਆ ਰਹੇ ਹਨ। ਪਰ ਕਿਤੇ ਨਾ ਕਿਤੇ ਉਨ੍ਹਾਂ ਦੇ ਬੱਚੇ ਅਤੇ ਪਰਿਵਾਰਕ ਮੈਂਬਰ ਵੀ ਕਿਤੋਂ ਇਹ ਕੁਝ ਖਾ ਰਹੇ ਹਨ। ਹਾਲ ਹੀ 'ਚ ਖਾਣ-ਪੀਣ ਦੀਆਂ ਚੀਜ਼ਾਂ ਦੀ ਮਿਲਾਵਟ ਰੋਕਣ ਲਈ ਪੰਜਾਬ ਦੇ ਇਕ ਡਾਕਟਰ ਨੇ ਚੰਗਾ ਕੰਮ ਕੀਤਾ। ਉਸ ਨੂੰ ਦੇਖ ਕੇ ਪੰਜਾਬ 'ਚ ਲਹਿਰ ਤਾਂ ਕੀ ਬਣਨੀ ਸੀ, ਸਗੋਂ ਡਾਕਟਰ ਸਾਹਿਬ ਨੂੰ ਹੀ ਸਿਆਸਤ ਨੇ ਆਪਣੇ ਰੰਗ 'ਚ ਰੰਗ ਲਿਆ।

ਸਾਡਾ ਧਰਮ (ਸਰਬ ਉੱਚ ਪਰਮਾਤਮਾ) ਸਾਨੂੰ ਸਾਫ਼-ਸੁਥਰੀ ਜ਼ਿੰਦਗੀ ਜਿਊਣ ਲਈ ਸੇਧ ਦਿੰਦਾ ਹੈ ਅਤੇ ਸਾਡੇ ਦੇਸ਼ ਦਾ ਸੰਵਿਧਾਨ ਬਰਾਬਰਤਾ ਦਾ ਹੱਕ ਦਿੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਸਾਡੇ ਆਗੂ ਭਾਵੇਂ ਉਹ ਕਿਸੇ ਵੀ ਖੇਤਰ 'ਚ ਹੋਣ, 'ਜੀਓ ਅਤੇ ਜਿਊਣ ਦਿਓ' ਦੇ ਸਿਧਾਂਤ 'ਤੇ ਚੱਲ ਕੇ ਆਮ ਲੋਕਾਂ ਲਈ ਮਿਸਾਲ ਕਾਇਮ ਕਰਨ। ਉਮੀਦ ਕਰਦਾ ਹਾਂ ਕਿ ਮੇਰੇ ਦੇਸ਼ ਵਾਸੀ ਸਮੇਂ ਦੀ ਨਜ਼ਾਕਤ ਨੂੰ ਸਮਝਣਗੇ।

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205



# ਮਾਂ ਬੋਲੀ: ਅਹਿਮੀਅਤ ਤੇ ਉਲਝਣਾਂ

**ਅਭੈ ਸਿੰਘ**

ਮੈਂ ਇੱਕ ਅਰਸੇ ਤੋਂ ਹੀ ਮਾਂ ਬੋਲੀ, ਪੰਜਾਬੀ ਦੀ ਉੱਨਤੀ ਤੇ ਮਕਬੂਲੀਅਤ ਵਾਸਤੇ ਸੰਘਰਸ਼ਸ਼ੀਲ ਹਾਂ। ਇਸ ਦੇ ਪ੍ਰਚਾਰ ਵਾਸਤੇ ਜੱਦੋਜਹਿਦਾਂ ਵਿੱਚ ਸ਼ਾਮਲ ਹਾਂ। ਮਾਂ ਬੋਲੀ ਦੀ ਅਹਿਮੀਅਤ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਪਰ ਕਦੇ ਕਦੇ ਕੁਝ ਉਲਝਣਾਂ ਵੀ ਪੈਦਾ ਹੁੰਦੀਆਂ ਹਨ, ਉਨ੍ਹਾਂ ਬਾਰੇ ਵੀ ਗੱਲ ਕਰਨੀ ਬਣਦੀ ਹੈ। ਅਸੀਂ ਸੰਸਾਰ ਦੇ ਮਹਾਨ ਲੇਖਕਾਂ ਦੀਆਂ ਮਹਾਨ ਰਚਨਾਵਾਂ ਪੜ੍ਹਦੇ ਹਾਂ, ਉਨ੍ਹਾਂ ਤੋਂ ਮੁਤਾਸਰ ਹੁੰਦੇ ਹਾਂ ਤੇ ਉਨ੍ਹਾਂ ਬਾਰੇ ਵਿਚਾਰ ਵੀ ਹੁੰਦੇ ਰਹਿੰਦੇ ਹਨ। ਇਹ ਸਭ ਰਚਨਾਵਾਂ ਉਨ੍ਹਾਂ ਨੇ ਆਪਣੀਆਂ ਭਾਸ਼ਾਵਾਂ ਵਿੱਚ ਹੀ ਲਿਖੀਆਂ ਹੁੰਦੀਆਂ ਹਨ ਤੇ ਸਾਡੇ ਕੋਲ ਤਰਜਮਿਆਂ ਰਾਹੀਂ ਪਹੁੰਚਦੀਆਂ ਹਨ। ਇਸ ਦੇ ਬਾਵਜੂਦ ਕਈ ਵਾਰ ਇਹ ਖ਼ਿਆਲ ਆਉਂਦਾ ਹੈ ਕਿ ਪੰਜਾਬ ਦੇ ਜੰਮਪਲ ਕੁਝ ਚੋਟੀ ਦੇ ਲੇਖਕ ਜਿਵੇਂ ਕਿ ਸਆਦਤ ਹਸਨ ਮੰਟੋ, ਖੁਸ਼ਵੰਤ ਸਿੰਘ, ਕ੍ਰਿਸ਼ਨ ਚੰਦਰ ਤੇ ਫ਼ੈਜ਼ ਅਹਿਮਦ ਫ਼ੈਜ਼ ਜੇ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਹੀ ਲਿਖਦੇ ਤਾਂ ਕੀ ਇੰਨੀ ਵਿਸ਼ਾਲ ਪ੍ਰਸਿੱਧੀ ਪਾ ਸਕਦੇ ਸਨ ਜਿੰਨੀ ਉਨ੍ਹਾਂ ਨੂੰ ਮਿਲੀ ਹੈ।ਮਾਂ ਬੋਲੀ ਦੀ ਅਹਿਮੀਅਤ ਜਤਾਉਣ ਵਾਸਤੇ ਲਗਾਏ ਜਾ ਰਹੇ ਕੁਝ ਗ਼ੈਰ-ਹਕੀਕੀ ਨਾਹਰੇ ਵੀ ਉਲਝਣਾਂ ਪੈਦਾ ਕਰਦੇ ਹਨ ਜਿਵੇਂ ਭਾਰਤ ਤੇ ਪਾਕਿਸਤਾਨ ਦੇ ਪੰਜਾਬੀ ਪ੍ਰੇਮੀ ਇੱਕ ਨਾਹਰਾ ਬੁਲੰਦ ਕਰਦੇ ਹਨ ਕਿ 'ਮਾਂ ਬੋਲੀ ਨੂੰ ਭੁੱਲ ਜਾਵੋਗੇ ਤਾਂ ਕੱਖਾਂ ਵਾਂਗੂ ਰੁਲ ਜਾਵੋਗੇ' ਪਰ ਅਸੀਂ ਵੇਖਦੇ ਹਾਂ ਕਿ ਬਹੁਤ ਲੋਗ ਜੋ ਮਾਂ ਬੋਲੀ ਭੁੱਲ ਚੁਕੇ ਹਨ, ਉਹ ਕੱਖਾਂ ਵਾਂਗੂ ਨਹੀਂ ਰੁਲੇ, ਲੱਖਾਂ ਵਿੱਚ ਵਿਚਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਬਦਲ ਚੁੱਕੇ ਸੰਸਾਰ ਵਿੱਚ ਜਦੋਂ ਵੱਖ ਵੱਖ ਮੁਲਕ, ਇਲਾਕੇ ਤੇ ਫ਼ਿਰਕਿਆਂ ਦੇ ਲੋਕਾਂ ਦਾ ਮਿਸ਼ਰਣ ਬਣਦਾ ਜਾ ਰਿਹਾ ਹੈ, ਮਾਂ ਬੋਲੀ ਦਾ ਤਸੱਵਰ ਹੀ ਮੱਧਮ ਹੁੰਦਾ ਜਾ ਰਿਹਾ ਹੈ। ਉੜੀਸਾ ਦੇ ਮੁੱਖ ਮੰਤਰੀ ਬੀਜੂ ਪਟਨਾਇਕ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਨਵੀਨ ਪਟਨਾਇਕ ਲੰਡਨ ਤੋਂ ਹਵਾਈ ਜਹਾਜ਼ ਰਾਹੀਂ ਆਇਆ ਤੇ ਮੁੱਖ ਮੰਤਰੀ ਦਾ ਹਲਫ਼ ਉਠਾ ਲਿਆ। ਉਹ ਆ ਕੇ ਅੰਗਰੇਜ਼ੀ ਵਿੱਚ ਹੀ ਭਾਸ਼ਣ ਕਰਦਾ ਰਿਹਾ। ਵਿਰੋਧੀ ਨੇਤਾਵਾਂ ਨੇ ਕਿਹਾ ਕਿ ਵੇਖੋ ਮੁੱਖ ਮੰਤਰੀ ਆਪਣੀ ਮਾਂ ਬੋਲੀ ਵੀ ਨਹੀਂ ਜਾਣਦਾ। ਉਸ ਦਾ ਜਵਾਬ ਸੀ ਕਿ ਮੇਰੇ ਬਾਪ ਦੀ ਬੋਲੀ ਉੜੀਆ ਸੀ, ਮੇਰੀ ਮਾਂ ਦੀ ਪੰਜਾਬੀ, ਮੈਂ ਲੰਡਨ ਵਿੱਚ ਜੰਮਿਆ ਪਲਿਆ ਤੇ ਘਰ ਵਿੱਚ ਵੀ ਅੰਗਰੇਜ਼ੀ ਹੀ ਬੋਲੀ ਜਾਂਦੀ ਸੀ, ਫ਼ਿਰ ਮੇਰੀ ਮਾਂ ਬੋਲੀ ਕਿਹੜੀ ਹੋਈ ? ਖ਼ੈਰ, ਬਾਅਦ ਵਿੱਚ ਉਸ ਨੇ ਉੜੀਆ ਸਿੱਖੀ ਤੇ ਚੰਗੀ ਤਰ੍ਹਾਂ ਬੋਲਣ ਵੀ ਲੱਗ ਪਿਆ। ਅਜਿਹੀਆਂ ਉਦਾਹਰਣਾਂ ਅੱਜ ਕਈ ਜਗ੍ਹਾ ਮਿਲਦੀਆਂ ਹਨ।

ਜਦੋਂ ਪੰਜਾਬ ਦੇ ਤਤਕਾਲੀ ਸਿੱਖਿਆ ਮੰਤਰੀ ਨੇ ਪਹਿਲੀ ਜਮਾਤ ਤੋਂ ਅੰਗਰੇਜ਼ੀ ਦੀ ਪੜ੍ਹਾਈ ਦਾ ਐਲਾਨ ਕੀਤਾ ਸੀ ਤਾਂ ਪਟਿਆਲਾ ਦੇ ਪ੍ਰੋ.ਫ਼ੈਸਰ ਪ੍ਰੀਤਮ ਸਿੰਘ ਨੇ ਇੱਕ ਵੱਡੀ ਕਿਤਾਬ ਲਿਖ ਦਿੱਤੀ ਸੀ ਜਿਸ ਦਾ ਸਿਰਲੇਖ ਸੀ 'ਪੰਜਾਬੀ ਦੀਆਂ ਜੜ੍ਹਾਂ ਵਿੱਚ ਤੇਲ'। ਅੱਜ ਪੰਜਾਬ ਹੀ ਨਹੀਂ ਹਰਿਆਣਾ, ਹਿਮਾਚਲ ਤੇ ਹੋਰ ਗੁਆਂਢੀ ਸੂਬਿਆਂ ਵਿੱਚ ਵੀ ਪਹਿਲੀ ਤੋਂ ਅੰਗਰੇਜ਼ੀ ਲਾਗੂ ਹੈ, ਸਿਰਫ਼ ਪ੍ਰਾਈਵੇਟ ਸਕੂਲਾਂ ਵਿੱਚ ਹੀ ਨਹੀਂ, ਸਰਕਾਰੀ ਸਕੂਲਾਂ ਵਿੱਚ ਵੀ। ਇਸ ਰੁਝਾਨ ਬਾਰੇ ਲਾਹਨਤਾਂ ਪਾਉਣ ਦਾ ਕੋਈ ਲਾਭ ਨਹੀਂ, ਇਸ ਦੀਆਂ ਬਾਰੀਕੀਆਂ ਸਮਝਣ ਦੀ ਜ਼ਰੂਰਤ ਹੋਵੇਗੀ। ਦਰਅਸਲ, ਸੰਕੀਰਨਤਾ ਤੇ ਕੱਟੜਤਾ ਹਰ ਜਨਤਕ ਮੁਹਿੰਮ ਵਾਸਤੇ ਨੁਕਸਾਨਦੇਹ ਹੁੰਦੀ ਹੈ ਚਾਹੇ ਉਹ ਮੁਹਿੰਮ ਮਾਂ ਬੋਲੀ ਦੇ ਹੱਕੀ ਵਿਕਾਸ ਬਾਰੇ ਹੀ ਕਿਉਂ ਨਾ ਹੋਵੇ। ਅੰਗਰੇਜ਼ੀ ਜਾਂ ਹਿੰਦੀ ਵਿੱਚ ਲਿਖੇ ਸਰਕਾਰੀ ਬੋਰਡਾਂ, ਰਸਤਿਆਂ ਦੀਆਂ ਸੂਚਨਾਵਾਂ, ਸਿਹਤ ਜਾਂ ਸਫ਼ਾਈ ਬਾਰੇ ਹਦਾਇਤਾਂ ਤੇ ਮੀਲਪੱਥਰਾਂ ਉੱਪਰ ਕਾਲੀ ਕੂਚੀ ਮਾਰਨ ਦੀ ਕੋਈ ਤੁਕ ਨਹੀਂ। ਹਾਂ, ਅਜਿਹੀ ਆਵਾਜ਼ ਉਠਾਈ ਜਾ ਸਕਦੀ ਹੈ ਕਿ ਇੱਥੇ ਪੰਜਾਬੀ ਦਾ ਉਚਿਤ ਸਥਾਨ ਹੋਵੇ। ਅੱਜ ਰੇਲਵੇ ਸਟੇਸ਼ਨਾਂ ਤੇ ਬੱਸ ਅੱਡਿਆਂ ਉਪਰ ਕਈ ਕਈ ਭਾਸ਼ਾਵਾਂ ਵਿੱਚ ਦਿੱਤੀਆਂ ਜਾ ਰਹੀਆਂ ਸੂਚਨਾਵਾਂ ਸਵਾਰੀਆਂ ਨੂੰ ਬੋਰ ਕਰਦੀਆਂ ਹਨ। ਇਸੇ ਤਰ੍ਹਾਂ ਰਾਹ ਦਰਸਾਊ ਬੋਰਡਾਂ ਉੱਪਰ ਵੀ ਕਈ ਭਾਸ਼ਾਵਾਂ ਦਾ ਮੱਝਰ ਮਾਰਿਆ ਖਿਝ ਪੈਦਾ ਕਰਦਾ ਹੈ। ਚੰਡੀਗੜ੍ਹ ਦੇ ਚੌਕਾਂ ਉੱਪਰ ਵੱਡੇ ਬੋਰਡ ਇਸ਼ਾਰੇ ਨਾਲ ਹੀ ਦੱਸਦੇ ਹਨ ਕਿ 18 ਏਧਰ ਹੈ, 19 ਓਧਰ, 20 ਤੇ 21 ਅੱਗੇ। ਇੱਥੇ ਵੱਖ ਵੱਖ ਲਿਪੀਆਂ ਵਿੱਚ ਸ਼ਬਦ 'ਸੈਕਟਰ' ਲਿਖਣ ਦੀ ਲੋੜ ਨਹੀਂ ਸਮਝੀ ਗਈ। ਚੰਗਾ ਤਰੀਕਾ ਹੈ।



ਅੱਜ ਦੇ ਵਿਸ਼ਵੀਕਰਨ ਦੇ ਯੁੱਗ ਵਿੱਚ ਅੰਗਰੇਜ਼ੀ ਭਾਰੂ ਹੁੰਦੀ ਜਾ ਰਹੀ ਹੈ, ਕਈ ਵਿਕਸਤ ਜ਼ਬਾਨਾਂ ਉੱਪਰ ਵੀ ਭਾਰੂ ਹੋ ਰਹੀ ਹੈ। ਭਾਵੇਂ ਪੰਜਾਬੀ ਤੇ ਹੋਰ ਦੇਸੀ ਭਾਸ਼ਾਵਾਂ ਵਿੱਚ ਵੀ ਗਿਆਨ ਦੇ ਵੱਡੇ ਭੰਡਾਰ ਹਨ ਪਰ ਡੂੰਘੀਆਂ ਤਕਨੀਕੀ ਪੜ੍ਹਾਈਆਂ ਵਾਸਤੇ ਅੰਗਰੇਜ਼ੀ ਲਾਜ਼ਮੀ ਹੁੰਦੀ ਜਾ ਰਹੀ ਹੈ। ਦੂਜੇ ਪਾਸੇ, ਇਹ ਵੀ ਆਲਮੀ ਪੱਧਰ 'ਤੇ ਪ੍ਰਵਾਨ ਕੀਤਾ ਜਾ ਰਿਹਾ ਹੈ ਕਿ ਬੰਦਾ ਆਪਣੇ ਖ਼ਿਆਲਾਤ ਦਾ ਇਜ਼ਹਾਰ ਮਾਂ ਬੋਲੀ ਵਿੱਚ ਹੀ ਚੰਗੀ ਤਰ੍ਹਾਂ ਕਰ ਸਕਦਾ ਹੈ। ਵਿਦੇਸ਼ੀ ਭਾਸ਼ਾ ਸਿੱਖਣ ਵਾਸਤੇ ਵੀ ਪਹਿਲਾਂ ਮਾਂ ਬੋਲੀ ਦੀ ਮੁਹਾਰਤ ਹਾਸਿਲ ਕਰਨੀ ਜ਼ਰੂਰੀ ਸਮਝੀ ਜਾ ਰਹੀ ਹੈ। ਇਸ ਵਾਸਤੇ ਸਾਨੂੰ ਹਰ ਕਿਸਮ ਦੀ ਸੰਕੀਰਨਤਾ ਤੇ ਨਾਅਰੇਬਾਜ਼ੀ ਤਿਆਗ ਕੇ ਹੋਰ ਭਾਸ਼ਾਵਾਂ ਦੇ ਸਥਾਨਾਂ ਨੂੰ ਪਛਾਣਦੇ ਹੋਏ ਮਾਂ ਬੋਲੀ ਦੇ ਹੱਕੀ ਮੁਕਾਮ ਵਾਸਤੇ ਸੰਘਰਸ਼ ਕਰਨਾ ਹੋਵੇਗਾ।

# ਘੁੰਡ ਕੱਢ ਲੈ ਪੱਤਣ 'ਤੇ ਖੜ੍ਹੀਏ . . .

**ਜੋਗਿੰਦਰ ਕੌਰ ਅਗਨੀਹੋਤਰੀ**

ਸਮਾਜ ਦੀਆਂ ਰਵਾਇਤਾਂ ਹੀ ਉਸ ਦੀ ਪਛਾਣ ਹਨ। ਮਨੁੱਖ ਨੇ ਆਪਣੇ ਅਨੁਸਾਰ ਹੀ ਰਵਾਇਤਾਂ ਚਲਾਈਆਂ। ਮਨੁੱਖ ਤੋਂ ਭਾਵ ਮਰਦ ਨਹੀਂ ਬਲਕਿ ਮਰਦ ਅਤੇ ਔਰਤ ਦੇ ਆਪਸੀ ਮੇਲ ਨੇ ਹੀ ਕੁਝ ਨਿਯਮ ਬਣਾਏ ਜੋ ਬਾਅਦ ਵਿੱਚ ਰਵਾਇਤਾਂ ਬਣ ਗਈਆਂ। ਜਿਉਂ ਜਿਉਂ ਮਨੁੱਖ ਨੂੰ ਸੋਝੀ ਆਉਂਦੀ ਗਈ ਤਿਉਂ ਤਿਉਂ ਉਸ ਨੇ ਸਮਾਜ ਵਿੱਚ ਵਿਚਰਨ ਦੇ ਨਵੇਂ ਢੰਗ ਤਰੀਕੇ ਅਪਣਾਏ।

ਸਭ ਤੋਂ ਪਹਿਲਾਂ ਤਾਂ ਰਲ ਮਿਲ ਕੇ ਰਹਿਣ ਦਾ ਕਾਰਜ ਆਰੰਭਿਆ ਅਤੇ ਫਿਰ ਉਸ ਤੋਂ ਬਾਅਦ ਇੱਕ ਸੁਚੱਜੇ ਤਰੀਕੇ ਨਾਲ ਆਦਮੀ ਤੇ ਔਰਤ ਨੂੰ ਇਕੱਠੇ ਰਹਿਣ ਵਾਸਤੇ ਵਿਆਹ ਵਰਗੀ ਰਵਾਇਤ ਸ਼ੁਰੂ ਕੀਤੀ ਜਿਸ ਨਾਲ ਦੋ ਵਿਅਕਤੀਆਂ ਨੂੰ ਆਪਣਾ ਨਿੱਜੀ ਜੀਵਨ ਜਿਊਣ ਦੀ ਕੁਝ ਖੁੱਲ੍ਹ ਦਿੱਤੀ ਗਈ। ਇਸੇ ਤਰ੍ਹਾਂ ਹੀ ਔਰਤ ਨੂੰ ਦੂਸਰੇ ਮਰਦਾਂ ਦੇ ਸਾਹਮਣੇ ਹੋਣ ਤੋਂ ਪਰਦਾ ਪ੍ਰਥਾ ਵੀ ਬਣਾਈ। ਅਜਿਹੀ ਪ੍ਰਥਾ ਨੂੰ ਨਿਭਾਉਣ ਲਈ ਘੁੰਡ ਕੱਢਣ ਦੀ ਰੀਤ ਚੱਲ ਪਈ। ਘੁੰਡ ਕੱਢਣ ਦੀ ਰੀਤ ਦਾ ਮਤਲਬ ਆਪਣੇ ਤੋਂ ਵੱਡਿਆਂ ਤੋਂ ਸ਼ਰਮਾਉਣਾ ਸੀ। ਸਮਾਜ ਵਿੱਚ ਇਹ ਰੀਤ ਅਜੇ ਤੱਕ ਪ੍ਰਚੱਲਿਤ ਹੈ। ਇਸ ਪਿੱਛੇ ਇੱਕ ਕਾਰਨ ਇਹ ਵੀ ਹੈ ਕਿ ਘਰ ਦੀ ਧੀ ਅਤੇ ਨੂੰਹ ਦੀ ਪਛਾਣ ਘੁੰਡ ਹੀ ਹੈ। ਨੂੰਹ ਭਾਵ ਵਹੁਟੀ ਪਰਿਵਾਰ ਦੇ ਵੱਡੇ ਜੀਆਂ ਤੋਂ ਜੋ ਉਸ ਦੇ ਸਤਿਕਾਰ ਯੋਗ ਹਨ ਤੋਂ ਪੱਲਾ ਕਰਦੀ ਹੈ। ਇਸ ਤਰ੍ਹਾਂ ਸਹੁਰੇ ਜਾਂ ਉਸ ਦੇ ਬਰਾਬਰ ਦੇ ਭਰਾ ਭਾਵ ਪਤਿਔਹਰੇ ਤੋਂ ਘੁੰਡ ਕੱਢਿਆ ਜਾਂਦਾ ਹੈ। ਇਸ ਤੋਂ ਬਾਅਦ ਪਤੀ ਦੇ ਵੱਡੇ ਭਰਾਵਾਂ ਤੋਂ ਵੀ ਘੁੰਡ ਕੱਢਿਆ ਜਾਂਦਾ ਹੈ। ਆਪਣੇ ਸ਼ਰੀਕੇ ਵਿੱਚ ਹੀ ਨਹੀਂ ਬਲਕਿ ਪਿੰਡ ਦੇ ਹੋਰ ਲੋਕਾਂ ਤੋਂ ਵੀ ਔਰਤ ਘੁੰਡ ਕੱਢਦੀ ਹੈ।

ਘੁੰਡ ਕੱਢਣਾ ਸ਼ਰਮ ਦਾ ਪ੍ਰਤੀਕ ਸੀ, ਪਰ ਔਰਤਾਂ ਨੂੰ ਘੁੰਡ ਕੱਢਣਾ ਇੱਕ ਬੋਝ ਲੱਗਣ ਲੱਗਾ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਕੰਮ ਕਰਨ ਵਿੱਚ ਦਿੱਕਤ ਆਉਣ ਲੱਗੀ। ਜ਼ਰੂਰੀ ਕੰਮ ਕਰਦਿਆਂ ਕਈ ਵਾਰ ਕਿਸੇ ਵੱਡੇ ਬੰਦੇ ਦੇ ਆਉਣ 'ਤੇ ਉਨ੍ਹਾਂ ਨੂੰ ਫਟਾਫਟ ਘੁੰਡ ਕੱਢਣਾ ਪੈਂਦਾ ਜਿਸ ਕਰਕੇ ਉਨ੍ਹਾਂ ਨੂੰ ਮਨ ਹੀ ਮਨ ਗੁੱਸਾ ਆਉਂਦਾ। ਅਜਿਹੇ ਗੁੱਸੇ ਦਾ ਪ੍ਰਗਟਾਵਾ ਲੋਕ ਗੀਤਾਂ ਵਿੱਚ ਇੰਝ ਕੀਤਾ ਜਾਂਦਾ ਹੈ;

ਕੋਰੀ ਕੋਰੀ ਕੂੰਡੀ ਵਿੱਚ ਮਿਰਚਾਂ ਮੈਂ ਰਗੜਾ<br>
ਸਹੁਰੇ ਦੀ ਅੱਖ ਵਿੱਚ ਪਾ ਦਿੰਨੀ ਆਂ<br>
ਨੀਂ ਘੁੰਡ ਕੱਢਣੇ ਦੀ ਅਲਖ ਮੁਕਾ ਦਿੰਨੀ ਆਂ।

ਜਾਂ ਫਿਰ ਅਜਿਹਾ ਗੀਤ ਜੇਠ ਨਾਲ ਵੀ ਜੋੜਿਆ ਜਾਂਦਾ ਕਿਉਂਕਿ ਵੱਡਾ ਹੋਣ ਕਾਰਨ ਉਸ ਤੋਂ ਵੀ ਘੁੰਡ ਕੱਢਣਾ ਪੈਂਦਾ। ਸੱਜ ਵਿਆਹੀਆਂ ਮੁਟਿਆਰਾਂ ਜਦੋਂ ਸਹੁਰੀ ਜਾਂਦੀਆਂ ਤਾਂ ਉਨ੍ਹਾਂ ਦੀ ਚਾਲ ਦੂਜੀਆਂ ਤੋਂ ਵੱਖਰੀ ਹੁੰਦੀ ਸੀ ਕਿਉਂਕਿ ਉਨ੍ਹਾਂ ਨੂੰ ਹੌਲੀ ਹੌਲੀ ਤੁਰਨਾ ਪੈਂਦਾ ਸੀ। ਇੱਕ ਘੁੰਡ ਕੱਢਣਾ ਤੇ ਦੂਜਾ ਹੌਲੀ ਹੌਲੀ ਤੁਰਨਾ ਉਨ੍ਹਾਂ ਨੂੰ ਔਖਾ ਲੱਗਦਾ ਸੀ। ਇਸ ਤਰ੍ਹਾਂ ਦੀ ਸਥਿਤੀ ਵਿੱਚ ਉਹ ਆਪਣੇ ਵਿਚਾਰ ਲੋਕ ਗੀਤਾਂ ਰਾਹੀਂ ਇੰਝ ਪ੍ਰਗਟ ਕਰਦੀਆਂ;

ਸਹੁਰੀਂ ਜਾ ਕੇ ਦੋ ਦੋ ਪਿੱਟਣੇ<br>
ਘੁੰਡ ਕੱਢਣਾ ਮੜਕ ਨਾਲ ਤੁਰਨਾ।

ਸ਼ਰਮ/ਹਯਾ ਦਾ ਪ੍ਰਤੀਕ ਘੁੰਡ ਔਰਤ ਦਾ ਗਹਿਣਾ ਮੰਨਿਆ ਜਾਂਦਾ ਸੀ। ਸੱਜ ਵਿਆਹੀਆਂ ਔਰਤਾਂ ਅਤੇ ਬਜ਼ੁਰਗ ਔਰਤਾਂ ਵੀ ਦਰਵਾਜ਼ੇ ਜਾਂ ਸੱਥ ਵਿੱਚੋਂ ਲੰਘਣ ਵੇਲੇ ਘੱਗਰਾ ਵੀ ਪਾਉਂਦੀਆਂਸਨ ਅਤੇ ਘੁੰਡ ਵੀ ਕੱਢਦੀਆਂ ਸਨ। ਇਹ ਘੁੰਡ ਅਤੇ ਘੱਗਰਾ ਸਾਡੇ ਸੱਭਿਆਚਾਰ ਦੀ ਬਹੁਤ ਹੀ ਪੁਰਾਣੀ ਨਿਸ਼ਾਨੀ ਹੈ ਜਿਸ ਨੂੰ ਔਰਤਾਂ ਨੇ ਨਿਭਾਇਆ ਹੈ। ਔਰਤਾਂ ਪੂਰੇ ਕੱਪੜੇ ਪਾ ਕੇ ਖੇਤਾਂ ਵਿੱਚ ਰੋਟੀ ਵੀ ਲੈ ਕੇ ਜਾਂਦੀਆਂ ਸਨ ਅਤੇ ਖੂਹ ਤੋਂ ਪਾਣੀ ਵੀ ਭਰਦੀਆਂ ਸਨ। ਇਸ ਤੋਂ ਇਲਾਵਾ ਦੂਜੇ ਪਿੰਡ ਜਾਣ ਵੇਲੇ ਵੀ ਘੱਗਰਾ ਪਹਿਨਦੀਆਂ ਸਨ। ਕਿਸੇ ਮਰਗਤ 'ਤੇ ਜਾਣ ਵੇਲੇ ਮਤਲਬ ਮਕਾਨ ਜਾਣ ਵੇਲੇ ਵੀ ਔਰਤਾਂ ਚਿੱਟੇ ਘੱਗਰੇ ਪਾ ਕੇ ਜਾਂਦੀਆਂ ਸਨ। ਵਿਆਹ ਵੇਲੇ ਲਾੜੀ ਨੂੰ ਦਾਜ ਵਿੱਚ ਕਈ ਕਈ ਘੱਗਰੇ ਦਿੱਤੇ ਜਾਂਦੇ ਸਨ। ਸੱਟੜ ਤੇ ਸੂਫ਼ ਦੇ ਘੱਗਰੇ ਬੜੇ ਸ਼ੌਕ ਨਾਲ ਦਰਜੀ ਘਰ ਵਿੱਚ ਬੈਠ ਕੇ ਤਿਆਰ ਕਰਦੇ ਸਨ। ਇਨ੍ਹਾਂ ਘੱਗਰਿਆਂ ਨੂੰ ਬਣਾਉਣ ਵੇਲੇ ਇਨ੍ਹਾਂ 'ਤੇ ਕੀਮਤੀ ਪੱਟੀਆਂ ਜਿਨ੍ਹਾਂ ਵਿੱਚ ਚਾਂਦੀ ਦੀਆਂ ਤਾਰਾਂ ਹੁੰਦੀਆਂ ਸਨ, ਉਹ ਲਾਈਆਂ ਜਾਂਦੀਆਂ ਸਨ। ਇਨ੍ਹਾਂ ਪੱਟੀਆਂ ਨੂੰ ਕਤੂਨ ਕਿਹਾ ਜਾਂਦਾ ਹੈ। ਘੱਗਰਾ ਪਾ ਕੇ ਤੁਰਦੀ ਔਰਤ ਦੀ ਚਾਲ ਬਹੁਤ ਵਧੀਆ ਹੁੰਦੀ ਸੀ, ਜਿਸ ਨੂੰ ਦੇਖ ਕੇ ਅਗਲਾ ਘੁੰਡ ਵਾਲੀ ਦਾ ਮੂੰਹ ਦੇਖਣ ਵਾਸਤੇ ਉਤਾਵਲਾ ਹੋ ਜਾਂਦਾ ਕਿਉਂਕਿ ਘੱਗਰਾ ਪਾਇਆ ਹੋਣ ਕਰਕੇ ਘੁੰਡ ਵੀ ਕੱਢਿਆ ਹੁੰਦਾ ਸੀ, ਸੋ ਕਈ ਵਾਰ ਮਨਚਲੇ ਗੱਭਰੂ ਇਹ ਦੇਖ ਕੇ ਆਪ ਮੁਹਾਰੇ ਮੂੰਹੋਂ ਫੁੱਟ ਪੈਂਦੇ;

ਕਾਲਾ ਘੱਗਰਾ ਸੂਫ਼ ਦਾ<br>
ਧਰਤੀ ਸੰਭਰਦਾ ਜਾਏ ਨੀਂ।

ਖ਼ੂਬਸੂਰਤ ਮੁਟਿਆਰਾਂ ਨੂੰ ਖ਼ੁਦ ਨੂੰ ਘੁੰਡ ਵਿੱਚ ਕੈਦ ਕਰਨਾ ਬਹੁਤ ਬੁਰਾ ਲੱਗਦਾ। ਕਈ ਵਾਰ ਅਜਿਹੀ ਸੁੰਦਰਤਾ ਨੂੰ ਜ਼ਾਹਰ ਕਰਨ ਲਈ ਇਹ ਵੀ ਕਿਹਾ ਜਾਂਦਾ:

ਘੁੰਡ ਵਿੱਚ ਨਹੀਂ ਲੁਕਣੇ<br>
ਸੱਜਣਾ ਨੈਣ ਕੁਆਰੇ।



ਇਸ ਤਰ੍ਹਾਂ ਜਦੋਂ ਮੁਟਿਆਰਾਂ ਇਕੱਠੀਆਂ ਹੋ ਕੇ ਖੂਹਾਂ ਜਾਂ ਟੋਭਿਆਂ ਤੋਂ ਪਾਣੀ ਭਰਦੀਆਂ ਤਾਂ ਉਨ੍ਹਾਂ ਦਾ ਸੂਰਜ ਦੀ ਲਾਲੀ ਵਰਗਾ ਹੁਸਨ ਦੇਖ ਕੇ ਇੰਜ ਕਿਹਾ ਜਾਂਦਾ;

ਘੁੰਡ ਕੱਢ ਲੈ ਪੱਤਣ 'ਤੇ ਖੜ੍ਹੀਏ<br>
ਨੀਂ ਪਾਣੀਆਂ ਨੂੰ ਅੱਗ ਲੱਗ ਜੂ।

ਘੁੰਡ ਕੱਢਣ ਵਾਲੀ ਔਰਤ ਭਾਵੇਂ ਸੋਹਣੀ ਨਾ ਵੀ ਹੋਵੇ, ਪਰ ਦੂਜਿਆਂ ਲਈ ਇਹ ਵਿਸ਼ੇਸ਼ ਬਣ ਜਾਂਦੀ ਹੈ। ਮਨੁੱਖ ਆਪਣੇ ਸੁਭਾਅ ਅਨੁਸਾਰ ਲੁਕੀ ਹੋਈ ਚੀਜ਼ ਨੂੰ ਦੇਖਣ ਲਈ ਉਤਾਵਲਾ ਹੋ ਜਾਂਦਾ ਹੈ। ਆਮ ਵਿਅਕਤੀਆਂ ਤੋਂ ਇਲਾਵਾ ਸਾਧੂ/ਜੋਗੀ ਵੀ ਘੁੰਡ ਵਾਲੀ ਨੂੰ ਦੇਖਣਾ ਚਾਹੁੰਦੇ ਹਨ। ਰਾਂਝੇ ਵਰਗੇ ਜੋਗੀਆਂ ਦੀ ਸਮਾਜ ਵਿੱਚ ਕਮੀ ਨਹੀਂ ਤਾਂ ਹੀ ਤਾਂ ਇਹ ਕਿਹਾ ਜਾਂਦਾ ਹੈ;

ਘੁੰਡ ਕੱਢ ਕੇ ਖ਼ੈਰ ਨਾ ਪਾਈਏ<br>
ਨੀਂ ਸਾਧੂ ਹੁੰਦੇ ਰੱਬ ਵਰਗੇ।



ਜਦੋਂ ਕੋਈ ਮੁਟਿਆਰ ਵਿਆਹੀ ਆਉਂਦੀ ਤਾਂ ਉਸ ਨੂੰ ਡੋਲੀ ਵਿੱਚੋਂ ਉਤਾਰਨ ਤੋਂ ਬਾਅਦ ਸੱਸ ਖੰਡ-ਘਿਓ ਨਾਲ ਉਸ ਦਾ ਮੂੰਹ ਜੁਠਾਲਦੀ ਜਿਸਨੂੰ ਪਿਆਲਾ ਵੀ ਕਿਹਾ ਜਾਂਦਾ ਹੈ ਅਤੇ ਉਸ ਤੋਂ ਬਾਅਦ ਸ਼ਗਨ ਦਿੰਦੀ। ਉਸ ਸਮੇਂ ਵਿਆਹੁਤਾ ਨੰਗੇ ਮੂੰਹ ਨਹੀਂ ਬੈਠਦੀ ਸੀ। ਸ਼ਰੀਕੇ ਕਬੀਲੇ ਦੀਆਂ ਔਰਤਾਂ ਘੁੰਡ ਚੁਕਾ ਕੇ ਸ਼ਗਨ ਦਿੰਦੀਆਂ ਸਨ। ਜਦੋਂ ਵਿਆਹੁਤਾ ਘੁੰਡ ਚੁੱਕਦੀ ਤਾਂ ਉਹ ਆਪਣੀਆਂ ਅੱਖਾਂ ਬੰਦ ਕਰ ਲੈਂਦੀ। ਕਈ ਵਾਰ ਜੇਠ ਵੀ ਜਨਾਨਾ ਕੱਪੜੇ ਪਾ ਕੇ ਮੂੰਹ ਦੇਖਣ ਲਈ ਆ ਜਾਂਦੇ, ਪ੍ਰੰਤੂ ਕੋਲ ਬੈਠੀ ਵਿਚੋਲਣ ਜਾਂ ਕੋਈ ਜ਼ਿੰਮੇਵਾਰ ਔਰਤ ਉਸ ਦਾ ਹੱਥ ਦੱਬ ਕੇ ਸਮਝਾ ਦਿੰਦੀ ਕਿ ਘੁੰਡ ਨਹੀਂ ਚੁੱਕਣਾ। ਅਜਿਹੇ ਸਮੇਂ ਨੂੰ ਲੋਕ ਗੀਤਾਂ ਵਿੱਚ ਇੰਝ ਦਰਸਾਇਆ ਗਿਆ ਹੈ;

ਨੀਂ ਘੁੰਡ ਚੱਕ ਦੇ ਭਾਬੀ<br>
ਪੰਜਾ ਦਾ ਫੜ ਲੈ ਨੋਟ।

ਸਮਾਜ ਵਿੱਚ ਬਦਲਾਅ ਆ ਗਿਆ ਹੈ। ਸਮੇਂ ਦਾ ਸੁਭਾਅ ਹੈ ਬਦਲਣਾ ਅਤੇ ਸਮਾਜ ਵੀ ਸਮੇਂ ਅਨੁਸਾਰ ਹੀ ਬਦਲਦਾ ਹੈ। ਘੜੀ ਦੀਆਂ ਸੂਈਆਂ ਦੇ ਚੱਲਣ ਨਾਲ ਸਮਾਜ ਨਹੀਂ ਬਦਲਦਾ ਬਲਕਿ ਨਵੀਂ ਪੀੜ੍ਹੀ ਦੇ ਵਿਚਾਰ ਹੀ ਨਵੀਆਂ ਰੀਤਾਂ ਚਲਾਉਂਦੇ ਹਨ। ਪਹਿਲਾਂ ਨਾਲੋਂ ਸਮਾਜ ਬਹੁਤ ਬਦਲ ਗਿਆ ਹੈ। ਖਾਣਾ-ਪੀਣਾ, ਪਹਿਨਣਾ, ਬੋਲਣਾ ਆਦਿ ਵਿੱਚ ਬਹੁਤ ਤਬਦੀਲੀ ਆਈ ਹੈ ਤਾਂ ਹੀ ਕਿਹਾ ਜਾਂਦਾ ਹੈ;

ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ<br>
ਘੁੰਡ ਵੀ ਗਏ ਤੇ ਘੁੰਡ ਵਾਲੀਆਂ ਵੀ ਗਈਆਂ।

ਤਬਦੀਲੀ ਤਾਂ ਬਹੁਤ ਜ਼ਿਆਦਾ ਆ ਗਈ ਹੈ, ਪਰ ਪੂਰੇ ਸਮਾਜ 'ਤੇ ਇਸ ਦਾ ਅਸਰ ਨਹੀਂ ਹੋਇਆ ਕਿਉਂਕਿ ਅਜੇ ਵੀ ਘੁੰਡ ਵਾਲੀਆਂ ਕਾਇਮ ਹਨ ਜੋ ਪੁਰਾਤਨ ਸੱਭਿਆਚਾਰ ਦੀ ਟਾਵੀਂ ਟਾਵੀਂ ਇੱਟ ਹਨ।

# ਕੀ ਪੰਜਾਬ 'ਚ ਕੈਂਸਰ ਦਾ ਕਾਰਨ ਖੇਤੀ ਰਸਾਇਣ ਹਨ ?

ਡਾ. ਐਸ.ਪੀ.ਐਸ. ਬਰਾੜ

ਹਰੀ ਕ੍ਰਾਂਤੀ (ਤਕਨੀਕੀ ਖੇਤੀ) ਨੇ ਦੇਸ਼ ਦੇ ਅੰਨ ਭੰਡਾਰ ਭਰ ਦਿੱਤੇ। ਇਹੀ ਨਹੀਂ, ਦੇਸ਼ ਦੇ ਚੌਲ 129 ਦੇਸ਼ਾਂ ਵਿੱਚ ਜਾ ਰਹੇ ਹਨ। ਯੂਕ੍ਰੇਨ ਦੀ ਲੜਾਈ ਸਮੇਂ ਜਦੋਂ ਭਾਰਤ ਨੇ ਕਣਕ ਦੀ ਬਰਾਮਦ ਬੰਦ ਕੀਤੀ ਤਾਂ ਯੂਰੋਪੀਅਨ ਦੇਸ਼ਾਂ ਨੇ ਇਸ ਫ਼ੈਸਲੇ ਖ਼ਿਲਾਫ਼ ਰੌਲਾ ਪਾਇਆ ਅਤੇ ਆਈ.ਐੱਮ.ਐੱਫ਼. ਦੀ ਡਿਪਟੀ ਮੈਨੇਜਿੰਗ ਡਾਇਰੈਕਟਰ ਗੀਤਾ ਗੋਪੀਨਾਥ ਨੇ ਇਹ ਵੀ ਕਿਹਾ ਕਿ ਇਸ ਵਕਤ ਇਹ ਫ਼ੈਸਲਾ ਠੀਕ ਨਹੀਂ, ਭਾਵ ਕਣਕ ਦੀ ਬਰਾਮਦ ਰੋਕਣ ਨਾਲ ਦੁਨੀਆਂ ਵਿੱਚ ਕਣਕ ਦੇ ਭਾਅ ਵਧ ਜਾਣਗੇ ਪਰ ਇਸ ਦੇ ਬਾਵਜੂਦ ਦੇਸ਼ ਅੰਦਰ ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਹਰੀ ਕ੍ਰਾਂਤੀ ਨੇ ਪੰਜਾਬ ਦੀਆਂ ਜ਼ਮੀਨਾਂ ਅਤੇ ਧਰਤੀ ਹੇਠਲੇ ਪਾਣੀ ਵਿੱਚ ਭਾਰੀ ਧਾਤਾਂ ਦੀ ਮਾਤਰਾ ਵਧਾ ਦਿੱਤੀ ਹੈ ਜਿਸ ਨਾਲ ਜ਼ਮੀਨ ਦੀ ਸਿਹਤ ਖ਼ਰਾਬ ਹੋ ਗਈ ਅਤੇ ਇੱਥੇ ਪੈਦਾ ਕੀਤੀਆਂ ਜਾਣ ਵਾਲੀਆਂ ਫ਼ਸਲਾਂ ਵਿੱਚ ਜ਼ਹਿਰੀਲੇ ਰਸਾਇਣਾਂ ਦੀ ਮਾਤਰਾ ਜ਼ਿਆਦਾ ਹੈ। ਇਸ ਲਿਖਤ ਵਿੱਚ ਇਹ ਵਿਸ਼ਲੇਸ਼ਣ ਕੀਤਾ ਜਾਵੇਗਾ ਕਿ ਅਜੇ ਤੱਕ ਖਾਦਾਂ ਅਤੇ ਪੈਸਟੀਸਾਈਡ ਦੀ ਵਰਤੋਂ ਨਾਲ ਨਾ ਜ਼ਮੀਨ ਦੀ ਸਿਹਤ ਖ਼ਰਾਬ ਹੋਈ ਹੈ, ਨਾ ਪਾਣੀ ਪਲੀਤ ਹੋਇਆ ਅਤੇ ਨਾ ਹੀ ਇੱਥੇ ਪੈਦਾ ਹੋਣ ਵਾਲੇ ਅਨਾਜ। ਸਮੱਸਿਆ ਕਿਤੇ ਹੋਰ ਹੈ, ਇਲਜ਼ਾਮ ਕਿਤੇ ਹੋਰ ਲਗਾਇਆ ਜਾ ਰਿਹਾ ਹੈ।

ਇਸ ਵਕਤ ਬ੍ਰਹਿਮੰਡ ਵਿੱਚ 119 ਤੱਤਾਂ ਦੀ ਸ਼ਨਾਖ਼ਤ ਹੋਈ ਹੈ। ਤੱਤ ਤੋਂ ਭਾਵ ਕਾਰਬਨ, ਆਕਸੀਜਨ, ਹਾਈਡ੍ਰੋਜਨ, ਨਾਈਟ੍ਰੋਜਨ, ਫ਼ਾਸਫ਼ੋਰਸ, ਪੋਟਾਸ਼ ਵਗੈਰਾ ਹਨ। ਇਹਨਾਂ ਵਿੱਚੋਂ 95 ਕੁਦਰਤੀ ਹਨ ਅਤੇ ਬਾਕੀ 24 ਨਿਊਕਲੀਅਰ ਰਿਐਕਟਰਾਂ ਨਾਲ ਲੈਬਾਰਟਰੀਆਂ ਵਿੱਚ ਬਣਾਏ ਗਏ ਹਨ। ਜਿਹੜੇ ਤੱਤਾਂ ਦਾ ਐਟੋਮਿਕ ਭਾਰ ਜ਼ਿਆਦਾ ਹੈ ਅਤੇ ਇਹਨਾਂ ਦੀ ਘਣਤਾ 5 ਗ੍ਰਾਮ ਪ੍ਰਤੀ ਕਿਊਬਿਕ ਸੈਂਟੀਮੀਟਰ ਤੋਂ ਵੱਧ ਹੈ, ਉਹਨਾਂ ਨੂੰ ਭਾਰੀਆਂ ਧਾਤਾਂ ਵੀ ਕਿਹਾ ਜਾਂਦਾ ਹੈ। ਇਹ ਧਾਤਾਂ ਮਿਥੀ ਹੱਦ ਤੋਂ ਵੱਧ ਪੌਦਿਆਂ ਅਤੇ ਜੀਵ ਜੰਤੂਆਂ ਨੂੰ ਨੁਕਸਾਨਦਾਇਕ ਹਨ। ਇਹ ਧਾਤਾਂ ਥੋੜ੍ਹੀ ਬਹੁਤੀ ਮਾਤਰਾ ਵਿੱਚ ਹਰ ਜ਼ਮੀਨ ਵਿੱਚ ਹੁੰਦੀਆਂ ਹਨ। ਜ਼ਮੀਨ ਵਿੱਚ ਉੱਗਣ ਵਾਲੇ ਪੌਦੇ ਵਿੱਚ ਵੀ ਤਕਰੀਬਨ 70 ਤੱਤ ਹੁੰਦੇ ਹਨ, ਭਾਵੇਂ ਪੌਦੇ ਲਈ ਜ਼ਰੂਰੀ ਸਿਰਫ਼ 16 ਤੱਤ ਹੀ ਹੁੰਦੇ ਹਨ। ਇਹ ਤੱਤ ਜ਼ਮੀਨ ਵਿੱਚ ਹੁੰਦੇ ਹਨ, ਇਸ ਲਈ ਇਹ ਕੁਝ ਮਾਤਰਾ ਵਿੱਚ ਬੂਟੇ ਨੂੰ ਜ਼ਰੂਰਤ ਨਾ ਹੋਣ ਦੇ ਬਾਵਜੂਦ ਅੰਦਰ ਚਲੇ ਜਾਂਦੇ ਹਨ। ਇਹਨਾਂ ਵਿੱਚੋਂ ਕੁਝ ਤੱਤ ਲੋੜ ਤੋਂ ਵੱਧ ਮਾਤਰਾ ਵਿੱਚ ਜ਼ਹਿਰੀਲੇ ਹਨ ਜੋ ਹੌਲੀ-ਹੌਲੀ ਕੈਂਸਰ ਜਾਂ ਹੋਰ ਬਿਮਾਰੀਆਂ ਦਾ ਕਾਰਨ ਬਣਦੇ ਹਨ।

ਪੰਜਾਬ ਵਿੱਚ ਵੱਖ-ਵੱਖ ਸਾਇੰਸਦਾਨਾਂ ਨੇ ਮਿੱਟੀ ਦੀ ਪਰਖ ਕਰ ਕੇ ਭਾਰੀਆਂ ਧਾਤਾਂ ਦੇ ਜੋ ਅੰਕੜੇ ਦਿੱਤੇ ਹਨ, ਉਹ ਇਸ ਪ੍ਰਕਾਰ ਹਨ: ਐਲੂਮੀਨੀਅਮ 11542 ਮਿਲੀਗ੍ਰਾਮ ਪ੍ਰਤੀ ਕਿਲੋ (ਜਾਂ 10 ਲੱਖ ਵਿੱਚੋਂ ਹਿੱਸੇ), ਲੋਹਾ 1038, ਵਨੇਡੀਅਨ 1289, ਮੈਨਗਨੀਜ਼ 154-422.1, ਸਿੱਕਾ 0.4 ਤੋਂ 118, ਤਾਂਬਾ 0.4 ਤੋਂ 58.1, ਕੋਬਾਲਟ 0.1 ਤੋਂ 19.2, ਨਿਕਲ 3.9 ਤੋਂ 27.9, ਕੈਡਮੀਅਮ 0.1 ਤੋਂ 30.0, ਕਰੋਮੀਅਮ ਨਾਮਾਤਰ (ਪਰਖਿਆ ਨਹੀਂ ਜਾ ਸਕਦਾ) ਤੋਂ 75.7, ਆਰਸੇਨਿਕ 1.7, ਜ਼ਿੰਕ 0.1 ਤੋਂ 98.1 ਮਿਲੀਗ੍ਰਾਮ/ਕਿਲੋ। ਇਹਨਾਂ ਵਿੱਚ ਕੁਝ ਤੱਤ/ਧਾਤਾਂ ਪੌਦਿਆਂ ਲਈ ਜ਼ਰੂਰੀ ਹਨ ਜਿਵੇਂ ਲੋਹਾ, ਤਾਂਬਾ, ਮੈਨਗਨੀਜ਼ ਅਤੇ ਜ਼ਿੰਕ। ਅੱਜ ਤੱਕ ਦੀ ਖੋਜ ਅਨੁਸਾਰ, ਤਕਰੀਬਨ ਸਭ ਨੇ ਇਹੋ ਕਿਹਾ ਕਿ ਉਪਰੋਕਤ ਤੱਤ ਜ਼ਮੀਨ ਵਿੱਚ ਮਿਥੀ ਹੱਦ ਤੋਂ ਘੱਟ ਹਨ; ਸਿਰਫ਼ 1-2 ਥਾਂਵਾਂ 'ਤੇ ਕੈਡਮੀਅਮ ਅਤੇ ਸਿੱਕਾ ਮਿਥੀ ਹੱਦ ਤੋਂ ਥੋੜ੍ਹਾ ਵੱਧ ਹਨ। ਤੱਤਾਂ ਦਾ ਜ਼ਮੀਨ ਵਿੱਚ ਸਰੋਤ ਇਹਨਾਂ ਤੱਤਾ ਦਾ ਮੁੱਖ ਸਰੋਤ ਚਟਾਨਾਂ ਹਨ ਜਿਨ੍ਹਾਂ ਤੋਂ ਇਹ ਜ਼ਮੀਨ ਬਣੀ ਹੈ; ਭਾਵ, ਮੁੱਖ ਸਰੋਤ ਕੁਦਰਤੀ ਹੈ ਜਾਂ ਕਹਿ ਲਓ ਕਿ ਜ਼ਮੀਨ ਦੀ ਬਣਤਰ ਦਾ ਹਿੱਸਾ ਹਨ; ਜਿਵੇਂ ਚੀਕਣੀ ਮਿੱਟੀ ਨੂੰ ਰਸਾਇਣਿਕ ਵਿਗਿਆਨ ਦੀ ਭਾਸ਼ਾ ਵਿੱਚ ਅਲਮੀਨੋ ਸਿਲੀਕੇਟ (ਐਲੂਮੀਨੀਅਮ ਤੇ ਸਿਲੀਕਾ) ਕਿਹਾ ਜਾਂਦਾ ਹੈ। ਬਾਕੀ ਦੀਆਂ ਧਾਤਾਂ ਇਹਦੇ ਨਾਲ ਜੁੜੀਆਂ ਹੁੰਦੀਆਂ ਹਨ।

ਇਹਨਾਂ ਧਾਤਾਂ ਦਾ ਦੂਜਾ ਸਰੋਤ ਹੈ ਜ਼ਮੀਨ ਵਿੱਚ ਬੰਦੇ ਵੱਲੋਂ ਹਰ ਫ਼ਾਲਤੂ ਚੀਜ਼ ਜ਼ਮੀਨ ਵਿੱਚ ਸੁੱਟਣਾ ਜਾਂ ਦੱਬਣਾ। ਮੁੱਖ ਤੌਰ 'ਤੇ ਜਿਨ੍ਹਾਂ ਵੀ ਆਦਮੀਆਂ ਅਤੇ ਜਾਨਵਰਾਂ ਦਾ ਰਹਿੰਦ-ਖੂੰਹਦ ਹੈ, ਉਹ ਸਾਰਾ ਧਰਤੀ ਵਿੱਚ ਹੀ ਜਾਂਦਾ ਹੈ ਜਿਹੜਾ ਬਾਇਓਲਾਜੀਕਲ ਵੇਸਟ ਹੈ, ਉਹ ਧਰਤੀ ਵਿੱਚ ਗਲ ਕੇ ਧਰਤੀ ਦਾ ਹਿੱਸਾ ਬਣ ਜਾਂਦਾ ਹੈ ਪਰ ਜਿਹੜਾ ਵੇਸਟ ਕਾਰਖ਼ਾਨਿਆਂ ਦਾ ਹੈ, ਉਹ ਗਲ ਕੇ ਧਰਤੀ ਵਿੱਚ ਸਮਾਉਂਦਾ ਨਹੀਂ ਅਤੇ ਪ੍ਰਦੂਸ਼ਣ ਦਾ ਕਾਰਨ ਬਣਦਾ ਹੈ। ਖੇਤੀ ਵਿੱਚ ਵਰਤੋਂ ਵਾਲੇ ਰਸਾਇਣਾਂ ਦਾ ਪ੍ਰਦੂਸ਼ਣ ਖੇਤੀ ਵਿੱਚ ਦੋ ਤਰ੍ਹਾਂ ਦੇ ਰਸਾਇਣ ਵਰਤੇ ਜਾਂਦੇ ਹਨ। ਬੂਟਿਆਂ ਦੇ ਖ਼ੁਰਾਕੀ ਤੱਤ ਜਿਨ੍ਹਾਂ ਨੂੰ ਖਾਦਾਂ ਕਹਿੰਦੇ ਹਨ; ਦੂਜੇ ਪੈਸਟੀਸਾਈਡ ਜੋ ਫ਼ਸਲ ਨੂੰ ਕੀੜੇ, ਬਿਮਾਰੀਆਂ ਅਤੇ ਨਦੀਨਾਂ ਤੋਂ ਬਚਾਉਣ ਲਈ ਵਰਤੇ ਜਾਂਦੇ ਹਨ। ਖਾਦਾਂ ਮੁੱਖ ਤੌਰ 'ਤੇ ਯੂਰੀਆ, ਡੀ.ਏ.ਪੀ., ਮਿਊਰੇਟ ਆਫ਼ ਪੋਟਾਸ਼ ਅਤੇ ਜ਼ਿੰਕ ਸਲਫ਼ੇਟ ਹੀ ਜ਼ਮੀਨ ਵਿੱਚ ਹਨ। ਇਹਨਾਂ ਵਿੱਚ ਭਾਰੀਆਂ ਧਾਤਾਂ ਜ਼ਿੰਕ ਨੂੰ ਛੱਡ ਕੇ ਹੋਰ ਕਿਸੇ ਵੀ ਖਾਦ ਦਾ ਅੰਗ ਨਹੀਂ ਪਰ ਕਿਉਂਕਿ ਡੀ.ਏ.ਪੀ. ਅਤੇ ਮਿਊਰੇਟ ਆਫ਼ ਪੋਟਾਸ਼ ਖਾਣਾਂ ਵਿੱਚੋਂ ਲਏ ਖਣਿਜਾਂ ਤੋਂ ਬਣਦੀ ਹੈ, ਇਸ ਕਰ ਕੇ ਉਸ ਦੀ ਸਫ਼ਾਈ ਕਰਨ ਵੇਲੇ ਬਹੁਤ ਘੱਟ ਮਾਤਰਾ ਵਿੱਚ ਭਾਰੀਆਂ ਧਾਤਾਂ ਰਹਿ ਸਕਦੀਆਂ ਹਨ। ਯੂਰੀਆ ਵਿੱਚ ਔਸਤ 1.8 ਮਿਲੀਗ੍ਰਾਮ ਪ੍ਰਤੀ ਕਿਲੋ ਸਿੱਕਾ, 2.8 ਮਿਲੀਗ੍ਰਾਮ ਕਰੋਮੀਅਮ, 2.6 ਮਿਲੀਗ੍ਰਾਮ ਨਿਕਲ, 0.25 ਮਿਲੀਗ੍ਰਾਮ ਕੈਡਮੀਅਮ, 0.16 ਮਿਲੀਗ੍ਰਾਮ ਕੋਬਾਲਟ ਹੁੰਦਾ ਹੈ; ਮਤਲਬ, ਸਾਰੀਆਂ ਧਾਤਾਂ ਮਿਲਾ ਕੇ ਵੀ 7.61 ਮਿਲੀਗ੍ਰਾਮ ਪ੍ਰਤੀ ਕਿਲੋ ਬਣਦੀਆਂ ਹਨ; ਭਾਵ, ਜੇ ਤਿੰਨ ਬੋਰੀਆਂ ਯੂਰੀਏ ਦੀਆਂ ਝੋਨੇ ਅਤੇ ਤਿੰਨ ਹੀ ਕਣਕ ਨੂੰ ਪਾਈਏ ਤਾਂ ਸਾਲ ਵਿੱਚ 2 ਗ੍ਰਾਮ ਭਾਰੀਆਂ ਧਾਤਾਂ ਖੇਤ ਵਿੱਚ ਜਾਂਦੀਆਂ ਹਨ।

ਡੀ.ਏ.ਪੀ. ਵਿੱਚ ਇਹ ਧਾਤਾਂ ਔਸਤ ਇਸ ਪ੍ਰਕਾਰ ਹਨ: ਸਿੱਕਾ 8.2 ਮਿਲੀਗ੍ਰਾਮ, ਕਰੋਮੀਅਮ 13.0 ਮਿਲੀਗ੍ਰਾਮ, ਨਿਕਲ 14.8 ਮਿਲੀਗ੍ਰਾਮ, ਕੈਡਮੀਅਮ 6.3 ਮਿਲੀਗ੍ਰਾਮ ਅਤੇ ਕੋਬਾਲਟ 8.2 ਮਿਲੀਗ੍ਰਾਮ। ਇਸ ਦੀ ਸਿਫ਼ਾਰਸ਼ 50 ਕਿਲੋ ਕਣਕ ਅਤੇ 25 ਕਿਲੋ ਝੋਨੇ ਨੂੰ ਕੀਤੀ ਜਾਂਦੀ ਹੈ। ਇਹ 75 ਕਿਲੋ ਡੀ.ਏ.ਪੀ. ਵਿੱਚ 3.8 ਗ੍ਰਾਮ ਬਣਦੀਆਂ ਹਨ; ਭਾਵ, ਦੋਨੋਂ ਤਰ੍ਹਾਂ ਦੀਆਂ ਖਾਦਾਂ ਮਿਲਾ ਕੇ ਵੀ 6 ਗ੍ਰਾਮ ਪ੍ਰਤੀ ਏਕੜ ਹੁੰਦੀਆਂ। ਅੱਗੇ ਇਹ 6 ਗਰਾਮ ਇੱਕ ਹਜ਼ਾਰ ਟਨ ਮਿੱਟੀ ਵਿੱਚ ਰਲਣਾ ਹੈ ਜਿਸ ਵਿੱਚ ਅਗਾਂਹ ਫ਼ਿਰ ਜੀਵਕ ਮਾਦੇ ਅਤੇ ਚੀਕਣੀ ਮਿੱਟੀ ਨੇ ਇਸ ਦੀ ਪਕੜ ਕਰਨੀ ਹੈ। ਇਸ ਲਈ ਖਾਦਾਂ ਵਿਚਲੀਆਂ ਭਾਰੀਆਂ ਧਾਤਾਂ ਦਾ ਜ਼ਮੀਨ ਵਿੱਚ ਇਕੱਠਾ ਹੋਣਾ ਅਤੇ ਇਸ ਦਾ ਧਰਤੀ ਹੇਠਲੇ ਪਾਣੀ ਨੂੰ ਖ਼ਰਾਬ ਕਰਨ ਜਾਂ ਬੂਟੇ ਵਿੱਚ ਜਾ ਕੇ ਖ਼ਰਾਬ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜੇ ਨਾਈਟ੍ਰੇਟ ਪਾਣੀ ਵਿੱਚ ਆਉਂਦੇ ਹਨ, ਉਹ ਬੰਦਿਆਂ ਅਤੇ ਪਸ਼ੂਆਂ ਦੇ ਮਲ ਮੂਤਰ ਤੋਂ ਆਉਂਦੇ ਹਨ, ਖਾਦਾਂ ਤੋਂ ਨਹੀਂ। ਜਿੰਨੀ ਆਬਾਦੀ ਪਿੰਡਾਂ ਅਤੇ ਸ਼ਹਿਰਾਂ ਦੇ ਬਾਹਰਲੇ ਹਿੱਸਿਆਂ ਵਿੱਚ ਰਹਿੰਦੀ ਹੈ, 90 ਪ੍ਰਤੀਸ਼ਤ ਦੇ ਕੱਚੇ ਟੋਏ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਪਾਣੀ ਪੱਕਿਆਂ ਵਿਚੋਂ ਵੀ ਰਸਦਾ ਹੈ।

ਵੱਧ ਵਰਤੇ ਜਾਣ ਵਾਲੀਆਂ 6 ਕੀੜੇ ਮਾਰ ਪੈਸਟੀਸਾਈਡਸ ਟੈਸਟ ਕੀਤੀਆਂ ਜਿਨ੍ਹਾਂ ਵਿੱਚ ਸਿੱਕਾ 4.30 ਤੋਂ 15.69 ਮਿਲੀਗ੍ਰਾਮ/ਕਿਲੋ ਅਤੇ





ਕੈਡਮੀਅਮ 0.04 ਤੋਂ 0.32 ਮਿਲੀਗ੍ਰਾਮ ਨਿਕਲਿਆ। ਉੱਲੀ ਅਤੇ ਬੈਕਟੀਰੀਆ ਨਾਸ਼ਕ ਫ਼ਨਜੀਸਾਈਡ ਵਿੱਚ ਸਿੱਕਾ 5.4 ਤੋਂ 22.3 ਮਿਲੀਗ੍ਰਾਮ ਅਤੇ ਕੈਡਮੀਅਮ 0.05 ਤੋਂ 0.5 ਮਿਲੀਗ੍ਰਾਮ ਦੱਸਿਆ ਗਿਆ ਹੈ। ਨਦੀਨ ਨਾਸ਼ਕ ਗਲਾਈਫ਼ੋਸੇਟ ਵਿੱਚ ਸਿੱਕਾ 2.7 ਮਿਲੀਗ੍ਰਾਮ ਅਤੇ ਕੈਡਮੀਅਮ 0.14 ਮਿਲੀਗ੍ਰਾਮ। ਇਹਨਾਂ ਵਿੱਚ ਜਿਹੜੇ ਜ਼ਹਿਰੀਲੇ ਅਣੂ ਹੁੰਦੇ ਹਨ ਜਿਨ੍ਹਾਂ ਨਾਲ ਕੀੜੇ, ਉੱਲੀ, ਬੈਕਟੀਰੀਆ ਅਤੇ ਨਦੀਨ ਮਰਦੇ ਹਨ, ਉਹ ਬਾਇਓਡੀਗਰੇਡੇਬਲ ਹੁੰਦੇ ਹਨ; ਭਾਵ, ਕਿਸੇ ਵੀ ਜਿਉਂਦੀ ਚੀਜ਼ ਨਾਲ ਲੱਗ ਕੇ ਭਾਵੇਂ ਉਹ ਬੂਟਾ ਹੈ ਜਾਂ ਮਿੱਟੀ, ਉਸ ਦੇ ਅਣੂਆਂ ਵਿੱਚ ਤਬਦੀਲੀ ਆਉਣ ਨਾਲ ਅਸਰ ਸਮੇਂ ਅਨੁਸਾਰ ਘਟਦਾ ਜਾਂਦਾ ਹੈ ਅਤੇ ਜੇ ਇਹ ਸਿਫ਼ਾਰਸ਼ ਕੀਤੇ ਢੰਗ ਨਾਲ ਵਰਤੇ ਜਾਣ ਤਾਂ ਇਹ ਨੁਕਸਾਨਦਾਇਕ ਨਹੀਂ। ਜਿੱਥੋਂ ਤੱਕ ਭਾਰੀਆਂ ਧਾਤਾਂ ਦੀ ਗੱਲ ਹੈ, ਇਹਨਾਂ ਜ਼ਹਿਰਾਂ ਦੀ ਸਿਫ਼ਾਰਸ਼ ਕੀਤੀ ਡੋਜ਼ ਬਹੁਤ ਘੱਟ ਹੈ। ਭਾਰਤ ਵਿੱਚ ਇਹਨਾਂ ਦੀ ਖਪਤ 260 ਗ੍ਰਾਮ ਪ੍ਰਤੀ ਹੈਕਟੇਅਰ ਹੈ ਅਤੇ ਪੰਜਾਬ ਵਿੱਚ 740 ਗ੍ਰਾਮ ਪ੍ਰਤੀ ਹੈਕਟੇਅਰ (300 ਗ੍ਰਾਮ ਪ੍ਰਤੀ ਏਕੜ) ਹੈ। ਨਤੀਜਾ, ਕਿਸੇ ਵੀ ਪੈਸਟੀਸਾਈਡ ਦੀ ਵਰਤੋਂ ਨਾਲ 50-60 ਮਿਲੀਗ੍ਰਾਮ ਏਕੜ ਤੋਂ ਵੱਧ ਭਾਰੀਆਂ ਧਾਤਾਂ ਨਹੀਂ ਜਾਂਦੀਆਂ। ਸਿਰਫ਼ ਬੋਰਡੈਕਸ ਮਿਕਸਚਰ ਹੀ ਹੈ ਜਿਸ ਵਿੱਚ ਕਾਪਰ ਸਲਫ਼ੇਟ ਸਿੱਧਾ ਪੈਂਦਾ ਹੈ ਪਰ ਇਹ ਸਿਰਫ਼ ਬਾਗਾਂ ਵਿੱਚ ਵਰਤਿਆ ਜਾਂਦਾ ਹੈ। ਇਹ ਬੂਟਿਆਂ ਅਤੇ ਬੰਦਿਆਂ ਦਾ ਖੁਰਾਕੀ ਤੱਤ ਵੀ ਹੈ। ਜ਼ਮੀਨ ਵਿੱਚ ਕਾਪਰ (ਤਾਂਬਾ) ਦਾ ਸਰੂਪ ਕੁਪਰਸ ਤੋਂ ਕੁਪਰਿਕ ਬਣ ਕੇ ਘੁਲਣਸ਼ੀਲਤਾ ਘਟ ਜਾਂਦੀ ਹੈ। ਪਾਣੀ ਉਦਯੋਗ ਕੋਈ ਵੀ ਹੈ, ਉਹ ਸਾਰੇ ਹੀ ਪਾਣੀ ਖ਼ਰਾਬ ਕਰਦੇ ਹਨ। ਕੱਪੜਾ, ਕਾਗਜ਼, ਚਮੜਾ, ਲੋਹਾ, ਇਲੈਕਟ੍ਰੋਪਲੇਟਿੰਗ (ਕਰੋਮੀਅਮ ਤੇ ਨਿਕਲ ਪਾਲਿਸ਼), ਸ਼ਰਾਬ, ਖੰਡ, ਤੇਲ ਸਾਫ਼ ਕਰਨ ਵਾਲੀਆਂ ਰਿਫ਼ਾਈਨਰੀਆਂ, ਰੰਗਾਈ ਅਤੇ ਬੈਟਰੀ ਉਦਯੋਗਾਂ ਦੇ ਕਾਰਖ਼ਾਨੇ ਆਦਿ ਦੇ ਗੰਦੇ ਪਾਣੀ ਵਿੱਚ ਧਾਤਾਂ ਜਾਂ ਤੱਤ ਹੁੰਦੇ ਹਨ ਜੋ ਮਨੁੱਖੀ ਸਿਹਤ ਲਈ ਹਾਨੀਕਾਰਕ ਹਨ ਪਰ ਅਫ਼ਸੋਸ ਦੀ ਗੱਲ ਹੈ ਕਿ ਪਾਣੀ ਦੇ ਪ੍ਰਦੂਸ਼ਣ ਦੇ ਜਿੰਨੇ ਭਿਆਨਕ ਨਤੀਜੇ ਹਨ, ਉਸ ਹਿਸਾਬ ਨਾਲ ਨਾ ਸਰਕਾਰ ਅਤੇ ਨਾ ਹੀ ਨਤੀਜੇ ਭੁਗਤਣ ਵਾਲੇ ਲੋਕ ਸੁਹਿਰਦ ਹਨ। ਕਈ ਵਿਗਿਆਨੀਆਂ ਨੇ ਪਾਣੀ ਦੇ ਨਮੂਨੇ ਲੈ ਕੇ ਪਰਖ ਕੀਤੀ ਅਤੇ ਆਪੋ-ਆਪਣੇ ਅੰਕੜੇ ਪੇਸ਼ ਕੀਤੇ ਹਨ। ਇੱਕ ਪਰਚਾ ਅਗਸਤ 2021 ਨੂੰ ਜਰਨਲ ਆਫ਼ ਜੀਓਹਾਈਡਰੋਲਜੀ ਵਿੱਚ ਛਪਿਆ। ਇਹ ਪੰਜਾਬ ਵਿੱਚੋਂ ਇਕੱਠੇ ਕੀਤੇ 263 ਨਮੂਨਿਆਂ 'ਤੇ ਆਧਾਰਿਤ ਹੈ ਜੋ ਅਗਸਤ ਤੋਂ ਅਕਤੂਬਰ 2019 ਵਿੱਚ 5 ਮੀਟਰ ਤੋਂ 350 ਮੀਟਰ ਦੀ ਡੂੰਘਾਈ ਤੋਂ ਲਏ ਸੀ। ਇਹ ਨਮੂਨੇ ਐਲੂਮੀਨੀਅਮ, ਲੋਹਾ, ਮੈਨਗਨੀਜ਼, ਜ਼ਿੰਕ, ਤਾਂਬਾ, ਕਰੋਮੀਅਮ, ਕੈਡਮੀਅਮ, ਨਿਕਲ ਅਤੇ ਸਿੱਕੇ ਲਈ ਟੈਸਟ ਕੀਤੇ। ਇਸ ਪਰਚੇ ਮੁਤਾਬਕ ਉਸੇ ਵੇਲੇ ਇਕੱਠੇ ਕੀਤੇ ਸਾਰੇ ਪਾਣੀ ਪੀਣ ਯੋਗ ਸਨ।

ਇਕ ਹੋਰ ਪਰਚਾ 2021 ਵਿੱਚ ਹੀ ਛਪਿਆ ਜਿਸ ਅਨੁਸਾਰ ਬਠਿੰਡੇ ਜ਼ਿਲ੍ਹੇ ਵਿੱਚੋਂ 19 ਨਮੂਨੇ ਲਏ। ਇਹ ਨਮੂਨੇ ਮਰਕਰੀ (ਪਾਰਾ), ਕਰੋਮੀਅਮ, ਆਰਸੇਨਿਕ, ਸੀਲੀਨੀਅਮ ਅਤੇ ਕੈਡਮੀਅਮ ਲਈ ਪਰਖੇ ਗਏ; ਕਰੋਮੀਅਮ ਅਤੇ ਪਾਰਾ ਸਾਰੇ ਨਮੂਨਿਆਂ ਵਿੱਚ ਮਿਥੀ ਹੱਦ ਤੋਂ ਵੱਧ ਸਨ। ਆਰਸੇਨਿਕ ਅਤੇ ਕੈਡਮੀਅਮ ਸਾਰੇ ਨਮੂਨਿਆਂ ਵਿੱਚ ਮਿਥੀ ਹੱਦ ਤੋਂ ਘੱਟ ਹੈ। ਸੀਲੀਨੀਅਮ ਸਿਰਫ਼ ਦੋ ਨਮੂਨਿਆਂ ਵਿੱਚ ਮਿੱਥੇ ਤੋਂ ਵੱਧ ਹੈ। ਇੱਕ ਹੋਰ ਖੋਜ ਪੱਤਰ ਅਨੁਸਾਰ ਮਾਝੇ ਦੇ ਚਾਰ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਪਠਾਨਕੋਟ ਦੇ ਧਰਤੀ ਹੇਠਲੇ ਪਾਣੀਆਂ ਵਿੱਚ ਨਾਈਟ੍ਰੇਟ ਅਤੇ ਲੋਹਾ ਮਿਥੀ ਹੱਦ ਤੋਂ ਵੱਧ ਹੈ। ਤਿੰਨ ਜ਼ਿਲ੍ਹਿਆਂ ਵਿੱਚ ਆਰਸੇਨਿਕ (ਪਠਾਨਕੋਟ ਤੋਂ ਬਿਨਾਂ), ਦੋ ਜ਼ਿਲ੍ਹਿਆਂ ਤਰਨ ਤਾਰਨ ਅਤੇ ਅੰਮ੍ਰਿਤਸਰ ਵਿੱਚ ਯੂਰੇਨੀਅਮ ਵੱਧ ਹੈ। ਨਤੀਜਾ, ਪਾਣੀ ਵਿੱਚ ਰਸਾਇਣ ਜਗ੍ਹਾ ਅਤੇ ਡੂੰਘਾਈ ਨਾਲ ਬਦਲਦੇ ਹਨ।

**ਦਰਿਆਵਾਂ/ਨਹਿਰਾਂ ਦਾ ਪਾਣੀ**

ਦਰਿਆਵਾਂ ਅਤੇ ਨਹਿਰਾਂ ਦੇ ਪਾਣੀ ਨੂੰ ਸਭ ਤੋਂ ਵੱਧ ਮਨੁੱਖ ਨੇ ਖ਼ਰਾਬ ਕੀਤਾ। ਪਹਾੜਾਂ ਦੀ ਆਬਾਦੀ ਦਾ ਮਲਮੂਤਰ, ਹੋਰ ਕੂੜਾ ਕਰਕਟ ਅਤੇ ਫ਼ੈਕਟਰੀਆਂ ਦਾ ਗੰਦਾ ਪਾਣੀ ਮੀਂਹਾਂ ਨਾਲ ਰੁੜ੍ਹ ਕੇ ਨਦੀਆਂ ਨਾਲਿਆਂ ਵਿੱਚ ਦੀ ਹੋ ਕੇ ਸਤਲੁਜ, ਬਿਆਸ ਅਤੇ ਰਾਵੀ ਦਾ ਹਿੱਸਾ ਬਣਦਾ ਹੈ। ਜਿੰਨੀਆਂ ਫ਼ੈਕਟਰੀਆਂ ਅਤੇ ਹੋਟਲ ਸਨਅਤ ਹੈ, ਸਾਰੀ ਦੀ ਸਾਰੀ ਪਾਣੀ ਦੇ ਸਰੋਤਾਂ ਉੱਪਰ ਨਿਰਭਰ ਹੈ। ਇਸੇ ਤਰ੍ਹਾਂ ਪੰਜਾਬ ਦੇ ਜਿੰਨੇ ਸ਼ਹਿਰ ਹਨ, ਤਕਰੀਬਨ ਸਾਰਿਆਂ ਦਾ ਗੰਦਾ ਪਾਣੀ ਡਰੇਨਾਂ ਰਾਹੀਂ ਘੁੰਮ ਫ਼ਿਰ ਕੇ ਜਾਂ ਧਰਤੀ ਵਿੱਚ ਜਾਂਦਾ ਹੈ ਜਾਂ ਦਰਿਆਵਾਂ ਵਿੱਚ। ਲੁਧਿਆਣੇ ਦਾ ਸੀਵਰ ਨਿਕਾਸ ਬੁੱਢੇ ਨਾਲੇ ਵਿੱਚੀਂ ਹੋ ਕੇ ਸਤਲੁਜ ਵਿੱਚ ਪੈਂਦਾ ਹੈ ਜਿਸ ਵਿੱਚ ਸਿੱਕਾ, ਕੈਡਮੀਅਮ, ਕੋਬਾਲਟ, ਕਰੋਮੀਅਮ, ਜ਼ਿੰਕ ਤੇ ਨਿਕਲ ਸੰਸਾਰ ਸਿਹਤ ਸੰਸਥਾ ਦੀਆਂ ਮਿਥੀਆਂ ਹੱਦਾਂ ਤੋਂ ਵੱਧ ਹਨ। ਸੀਵਰ ਸੋਧ ਪਲਾਂਟ ਜਿਹੜੇ ਸੀਵਰੇਜ ਸੋਧ ਪਲਾਂਟ ਲੱਗੇ ਹਨ, ਉਹ ਸਿਰਫ਼ ਪਾਣੀ ਨੂੰ ਆਕਸੀਜੀਨੇਟ (ਬੀ.ਓ.ਡੀ. ਘਟਾਉਂਦੇ) ਕਰਦੇ ਹਨ ਅਤੇ ਸਲੱਜ ਅੱਡ ਕਰਦੇ ਹਨ। ਪਾਣੀ ਵਿੱਚੋਂ ਨਾ ਭਾਰੀਆਂ ਧਾਤਾਂ ਬਾਹਰ ਕੱਢੀਆਂ ਜਾਂਦੀਆਂ ਹਨ, ਨਾ ਹੀ ਕਲੋਰੀਨੇਟ ਕਰ ਕੇ ਬਿਮਾਰੀਆਂ ਦੇ ਕੀਟਾਣੂ ਮਾਰੇ ਜਾਂਦੇ ਹਨ। ਅੱਜ ਕੱਲ੍ਹ ਫ਼ੈਕਟਰੀਆਂ ਵਾਲਿਆਂ ਨੇ ਨਵਾਂ ਰਾਹ ਲੱਭਿਆ ਹੈ- ਵਾਟਰ ਹਾਰਵੇਸਟਿੰਗ ਦੇ ਨਾਮ 'ਤੇ ਬੋਰ ਕਰ ਕੇ ਗੰਦਾ ਪਾਣੀ ਧਰਤੀ ਹੇਠਾਂ ਸੁੱਟਿਆ ਜਾ ਰਿਹਾ ਹੈ।

**ਕੈਂਸਰ ਅਤੇ ਹੋਰ ਬਿਮਾਰੀਆਂ ਦੇ ਕਾਰਨ**

ਬੁੱਢੇ ਨਾਲੇ ਦਾ ਪਾਣੀ ਬਹੁਤ ਪ੍ਰਦੂਸ਼ਤ ਹੈ ਜਿਸ ਵਿੱਚ ਲੁਧਿਆਣੇ ਦੀ 30 ਲੱਖ ਦੀ ਆਬਾਦੀ ਦਾ ਮਲਮੂਤਰ ਅਤੇ ਤਾਜਪੁਰ ਤੇ ਹੈਬੋਵਾਲ ਦੀਆਂ ਡੇਅਰੀਆਂ ਦਾ ਗੋਹਾ ਹੋਣ ਕਰ ਕੇ ਇਸ ਵਿੱਚ ਭਿਆਨਕ ਬਿਮਾਰੀਆਂ ਨੂੰ ਜਨਮ ਦੇਣ ਵਾਲੇ ਜ਼ਰਮ ਪਲਦੇ ਹਨ। ਇਸ ਵਿੱਚ ਫ਼ੈਕਟੀਰੀਆ ਦਾ ਗੰਦਾ ਪਾਣੀ ਵੀ ਨਿਕਾਸ ਕੀਤਾ ਜਾਂਦਾ ਹੈ ਜਿਸ ਵਿੱਚ ਸਿੱਕਾ, ਨਿਕਲ, ਕੈਡਮੀਅਮ ਤੇ ਕਰੋਮੀਅਮ ਵਰਗੀਆਂ ਭਾਰੀਆਂ ਧਾਤਾਂ ਵੀ ਸੰਸਾਰ ਸਿਹਤ ਸੰਸਥਾ ਦੀ ਮਿਥੀ ਮਾਤਰਾ ਤੋਂ ਵੱਧ ਹੁੰਦੀਆਂ ਹਨ। ਇਹੋ ਪਾਣੀ ਸਤਲੁਜ ਦਰਿਆ ਵਿੱਚ ਮਿਲ ਕੇ ਹਰੀਕੇ ਪੱਤਣ ਤੋਂ ਨਿਕਲਦੀਆਂ ਨਹਿਰਾਂ ਰਾਹੀਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਲੋਕਾਂ ਨੂੰ ਪੀਣ ਲਈ ਦਿੱਤਾ ਜਾਂਦਾ ਹੈ ਅਤੇ ਇਹੋ ਧਾਤਾਂ ਸਰੀਰ ਵਿੱਚ ਜਾ ਕੇ ਕੈਂਸਰ ਦਾ ਕਾਰਨ ਬਣਦੀਆਂ ਹਨ। ਸੀਵਰੇਜ ਵਿੱਚ ਜਰਮ (ਬੈਕਟੀਰੀਆ ਆਦਿ) ਟੀ ਬੀ, ਪੇਟ ਅਤੇ ਚਮੜੀ ਰੋਗ ਵਰਗੀਆਂ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ।

**ਨਿਚੋੜ**

ਪੰਜਾਬ ਵਿੱਚ ਤਕਨੀਕੀ ਖੇਤੀ ਕਰਨ ਨਾਲ ਪੰਜਾਬ ਦੀ ਜ਼ਮੀਨ ਦੀ ਸਿਹਤ ਖ਼ਰਾਬ ਨਹੀਂ ਹੋਈ ਸਗੋਂ ਸੁਧਰੀ ਹੈ। ਇਸੇ ਕਰ ਕੇ ਫ਼ਸਲਾਂ ਦੇ ਝਾੜ ਵਧ ਰਹੇ ਹਨ। ਨਾ ਹੀ ਖੇਤੀ ਨਾਲ ਜ਼ਮੀਨ ਹੇਠਲੇ ਪਾਣੀ ਨੂੰ ਕੋਈ ਨੁਕਸਾਨ ਪਹੁੰਚਿਆ ਹੈ, ਨਾ ਇੱਥੋਂ ਪੈਦਾ ਹੋਣ ਵਾਲੇ ਅਨਾਜ ਵਿੱਚ ਕੋਈ ਕਮੀ ਹੈ। ਇੱਥੋਂ ਪੈਦਾ ਕੀਤੇ ਚੌਲ ਅਤੇ ਬਾਸਮਤੀ ਬਾਹਰਲੇ ਦੇਸ਼ ਖ਼ਰੀਦਦੇ ਹਨ, ਉਹ ਕਮਲੇ ਨਹੀਂ। ਇਹ ਕਿਸੇ ਸੋਚੀ ਸਮਝੀ ਸਾਜ਼ਿਸ਼ ਤਹਿਤ ਫ਼ੈਕਟਰੀਆਂ ਦੇ ਪ੍ਰਦੂਸ਼ਣ ਤੋਂ ਐਨਜੀਟੀ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦਾ ਧਿਆਨ ਪਾਸੇ ਹਟਾਉਣ ਲਈ ਕੀਤਾ ਜਾ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਸੀਵਰ ਦੇ ਪਾਣੀ ਨੂੰ ਸਾਫ਼ ਕਰ ਕੇ ਅੱਡ ਨਹਿਰ ਕੱਢ ਕੇ ਸਿੰਜਾਈ ਲਈ ਵਰਤਣ ਨੂੰ ਦੇਣ। ਮਾਲਵੇ ਨੂੰ ਮਾਲਵਾ ਨਹਿਰ ਤੋਂ ਪਹਿਲਾਂ ਪੀਣ ਵਾਲੇ ਸਾਫ਼ ਪਾਣੀ ਦੀ ਲੋੜ ਹੈ।

# ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫ਼ਰਖਾਨਾ

## ਧਰਤੀ ’ਤੇ ਆਮਦ ਦਾ ਉਦੇਸ਼ ਹੈ-ਮੁਹੱਬਤੀ ਰੂਹਾਂ ਦਾ ਸੰਗ

**ਜਗਜੀਤ ਸਿੰਘ ਲੋਹਟਬਦੀ**

ਜਿਊਦਿਆਂ ਦੇ ਮੇਲੇ ਅੰਗ ਸੰਗ ਰਹਿੰਦੇ ਹਨ ਅਤੇ ਵਿੱਛੜ ਗਿਆਂ ਦੀਆਂ ਯਾਦਾਂ ।ਮੂਲ ਤੱਤ ‘ਹੈ’ ਅਤੇ ‘ਸੀ’ ਦਾ ਹੁੰਦੈ।ਜੀਵਨ ਧਾਰਾ ‘ਅੱਜ’ ਦੀ ਨਿਰੰਤਰਤਾ ਵਿੱਚ ਵਹਿੰਦੀ ਰਹਿੰਦੀ ਹੈ; ਬੀਤਿਆ ‘ਕੱਲ੍ਹ’ ਅਤੀਤ ਦੀ ਬੁੱਕਲ ਵਿੱਚ ਛੁਪ ਜਾਂਦਾ ਹੈ।ਲੰਘੇ ਪਲਾਂ ਵਿਚੋਂ ਉਪਜੀ ਕੋਈ ਚਾਨਣ ਦੀ ਲੀਕ ਅਕਸਰ ਅੰਬਰ ਨੂੰ ਰੌਸ਼ਨ ਕਰ ਦਿੰਦੀ ਹੈ, ਜਦੋਂ ਕਿ ਹਨੇਰੇ ਪੱਖ ਦਾ ਕੋਈ ਪੂਰ ਸਾਨੂੰ ਘਨਘੋਰ ਅੰਧਕਾਰ ਦੀ ਸਰਦਲ ’ਤੇ ਲਿਆ ਖੜ੍ਹਾ ਕਰਦੈ। ਗੁਜ਼ਰੀਆਂ ਹੋਈਆਂ ਘੜੀਆਂ ਚੇਤਿਆਂ ਦੀ ਚੰਗੇਰ ਵਿੱਚ ਵਸ ਜਾਂਦੀਆਂ ਹਨ; ‘ਭਵਿੱਖ’ ਦਾ ਵਾਸਾ ਸਮੇਂ ਦੇ ਗਰਭ ਵਿੱਚ ਹੁੰਦਾ ਹੈ।ਦੋਵਾਂ ਤੋਂ ਵੱਖਰੀ ਚਾਲ ਦਾ ਸੂਚਕ ਹੈ- ‘ਵਰਤਮਾਨ’।ਵਰਤਮਾਨ ਹੀ ਐਸਾ ਖਿਣ ਹੈ, ਜਿਹੜਾ ਰੰਗਲੀ ਦੁਨੀਆ ਦੇ ਸੁਪਨਿਆਂ ਸਾਹਵੇਂ ਖਲ੍ਹਾਰ ਕੇ ਸੁਨੇਹਾ ਦਿੰਦੈ : ਮਹਿਰਮਾ! ਤਵਾਰੀਖੀ ਸੱਚਾਈ ਤੇਰੇ ਸਾਹਮਣੇ ਖੜ੍ਹੀ ਐ, ਰੰਗਾਂ ਦੀ ਮਹਿਫ਼ਿਲ ਦਾ ਆਨੰਦ ਮਾਣ ਲੈ ਕੱਲ੍ਹ ਕਿਸੇ ਨਹੀਂ ਵੇਖਿਆ।

ਜ਼ਿੰਦਗੀ ਜੀਵਨ ਕਲਾ ਦਾ ਨਾਂਅ ਹੈ। ਜੋ ਸਬਕ ਕਿਤਾਬਾਂ ਵਿਚੋਂ ਨਹੀਂ ਮਿਲਦੇ, ਉਹ ਜ਼ਿੰਦਗੀ ਦੀ ਚਿੱਤਰਪਟ ’ਤੇ ਉੱਕਰੇ ਮਿਲਦੇ ਹਨ। ਮੁਲਾਇਮ ਪਾਸਾ ਦੇਖੋਗੇ ਤਾਂ ਸੁਹਾਵਣਾ ਲੱਗੇਗਾ; ਖਰ੍ਹਵਾ ਬੰਨਾ ਨਿਰਾਸ਼ ਕਰੇਗਾ।ਕਠੋਰ ਅਧਿਆਪਕ ਦਾ ਦਰਜਾ ਮਿਲਿਆ ਹੋਇਐ, ਜ਼ਿੰਦਗੀ ਨੂੰ।ਸਿਖਾਏ ਬਿਨਾਂ ਮਰਨ ਵੀ ਨਹੀਂ ਦਿੰਦੀ ।ਜੱਗ ਜੰਕਸ਼ਨ ਰੇਲਾਂ ਦਾ। ਮਿਲਾਪ ਤੇ ਵਿਛੋੜਾ ਸਕੀਆਂ ਭੈਣਾਂ ਨੇ। ਮੇਲ-ਜੋਲ ਦੇ ਲਮਹੇ ਸਦੀਵੀ ਸਕੂਨ ਬਖ਼ਸ਼ਦੇ ਹਨ, ਪਰ ਜੁਦਾਈ ਦਾ ਹੇਰਵਾ ਮਨਾਂ ਵਿੱਚ ਘਰ ਕਰ ਜਾਂਦੈ।ਦਿਲਾਂ ਦੀ ਉਦਾਸੀ ਬਾਕੀ ਦੇ ਖ਼ੈਰ-ਸੁੱਖਾਂ ਨੂੰ ਢਕ ਲੈਂਦੀ ਹੈ। ਫਿਰ ਮਾਣਕ ਦੀ ਹੇਕ ਰੂਹ ਨੂੰ ਟੁੰਬਦੀ ਲੱਗਦੀ ਹੈ: ਮਿਲੇ ਦੀਆਂ ਲੱਖ ਖੁਸ਼ੀਆਂ, ਤੁਰ ਗਏ ਦੀ ਉਦਾਸੀ ਏ।

ਓਸ਼ੋ ਜ਼ਿੰਦਗੀ ਨੂੰ ਧੰਨਭਾਗ ਆਖਦੈ: ਜ਼ਿੰਦਗੀ ਅਟੱਲ ਜਾਂ ਅਖੀਰ ਨਹੀਂ, ਇਹ ਨਦੀ ਦੀ ਵਗਦੀ ਨਿਰੰਤਰ ਧਾਰਾ ਹੈ। ਜਾਣਿਆਂ-ਪਛਾਣਿਆਂ ਰਾਹਵਾਂ ਤੋਂ ਅਣਦਿਸਦੇ ਦਿਸਹੱਦਿਆਂ ਵੱਲ ਦਾ ਸਫ਼ਰ। ਫਿਰ ਭਵਿੱਖ ਦੀ ਚਿੰਤਾ ਕਿਉਂ? ਜਦੋਂ ਸਾਹਮਣੇ ਆਵੇਗਾ, ਸਿੱਝ ਲਵਾਂਗੇ। ਸਾਰਾਂਸ਼ ਇਹ ਹੈ ਕਿ ਜਿਹੜੀਆਂ ਨੜ੍ਹਿੰਨਵੇਂ ਪ੍ਰਤੀਸ਼ਤ ਘਟਨਾਵਾਂ ਬਾਰੇ ਅਸੀਂ ਸੋਚ ਰਹੇ ਹੁੰਦੇ ਹਾਂ, ਉਹ ਵਾਪਰਨੀਆਂ ਹੀ ਨਹੀਂ ਹੁੰਦੀਆਂ। ਫਿਰ ਇਕ ਫੀਸਦ ਬਾਰੇ ਸੋਚਣਾ ਤਾਂ ਨਿਰੀ ਮੂਰਖਤਾ ਹੈ।

ਦੋ-ਧਾਰੀ ਤਲਵਾਰ ਹੈ ਜ਼ਿੰਦਗੀ। ਹੱਸਦੇ ਹਾਂ ਤਾਂ ਨਾਲ ਹੱਸਦੀ ਹੈ; ਰੋਂਦੇ ਹਾਂ ਤਾਂ ਰੱਜ ਕੇ ਰੁਲਾਉਂਦੀ ਹੈ।ਉਦਾਸ ਮਨ ਢਲਦੇ ਪਰਛਾਵਿਆਂ ਨੂੰ ਦੇਖ ਕੇ ਸੋਚਦਾ ਹੈ ਕਿ ਸ਼ਾਮ ਹੋ ਗਈ ਹੈ, ਪਰ ਖੁਸ਼ਮਿਜਾਜ਼ ਦਿਲ ਢਲਦੇ ਸੂਰਜ ਦੀ ਲਾਲੀ ਨੂੰ ਦੇਖ ਕੇ ਤਰੰਗਮਈ ਹੋ ਜਾਂਦਾ ਹੈ ਕਿ ਮਹਿਫ਼ਿਲ ਤਾਂ ਸ਼ੁਰੂ ਹੀ ਸ਼ਾਮ ਨੂੰ ਹੁੰਦੀ ਐ। ਫਿਰ ਨਿਰਾਸ਼ਤਾ ਮਨ ਦੇ ਚਾਵਾਂ ਨੂੰ ਖੋਰਾ ਨਹੀਂ ਲਾਉਂਦੀ ਅਤੇ ਜ਼ਿੰਦਾਦਿਲੀ ਆਉਣ ਵਾਲੀ ਚਾਂਦੀ-ਰੰਗੀ ਸਵੇਰ ਦੀ ਸੂਚਕ ਬਣ ਜਾਂਦੀ ਹੈ। ਹਨੇਰਿਆਂ ਨੂੰ ਰੁਸ਼ਨਾਉਣ ਅਤੇ ਆਫ਼ਤਾਂ ਨਾਲ ਆਢਾ ਲਾਉਣ ਨੂੰ ਗ਼ਜ਼ਲਗੋ ਗੁਰਦਿਆਲ ਰੌਸ਼ਨ ਜਿਉਂਦੇ ਹੋਣ ਦਾ ਪ੍ਰਮਾਣ ਪੱਤਰ ਦੱਸਦਾ ਹੈ:

ਮੁਸ਼ਕਿਲਾਂ ਦੇ ਨਾਲ ਮੇਰਾ ਰਾਬਤਾ ਬਣਿਆ ਰਹੇ
ਜ਼ਿੰਦਗੀ, ਮੈਂ ਤੇਰੇ ਨਾਲ ਜੂਝਦਾ ਹੀ ਠੀਕ ਹਾਂ ।

ਜ਼ਿੰਦਗੀ ਵਲਵਲਿਆਂ ਦਾ ਵੇਗ ਹੈ-ਅਰੋਕ ਅਮੁੱਕ ਅਨੰਤ।ਕਈ ਵਾਰ ਓਪਰੇ ਰਾਹਵਾਂ ’ਤੇ ਚਲਦੇ ਰਾਹਗੀਰ ਵੀ ਆਪਣੇ ਲੱਗਦੇ ਹਨ। ਅਚਾਨਕ ਬਣੇ ਰਿਸ਼ਤਿਆਂ ਦੀ ਖੂਬਸੂਰਤੀ ਉਸ ਮੇਲ-ਜੋਲ ਦੀ ਤਸਵੀਰ ਨੂੰ ਸਾਲਾਂ-ਬੱਧੀ ਯਾਦਾਂ ਦੇ ਚੌਖਟੇ ਵਿੱਚ ਸੰਭਾਲੀ ਰੱਖਦੀ ਹੈ।ਸਫ਼ਰ ਕਰਦਿਆਂ ਕਈ ਵਾਰ ਕੁਝ ਅਜਿਹੇ ਚਿਹਰੇ ਜ਼ਿਹਨ ਵਿੱਚ ਵੱਸ ਜਾਂਦੇ ਹਨ, ਜਿਹੜੇ ਭੁਲਾਇਆਂ ਨਹੀਂ ਭੁੱਲਦੇ। ਉਹ ਤੁਹਾਡੇ ਵਿਚੋਂ ਆਪਣੇ ਵਿੱਛੜੇ ਪਿਆਰਿਆਂ ਦਾ ਸਿਰਨਾਵਾਂ ਲੱਭਦੇ ਹਨ। ਕਿਸੇ ਪਲ ਦੀ ਯਾਦ ਸਾਂਝੀ ਕਰਨੀ ਉਨ੍ਹਾਂ ਲਈ ਜਿਊਂਦੇ ਜੀਅ ਮੇਲਾ ਬਣ ਜਾਂਦੀ ਹੈ । ਸਬੱਬ ਬਣਿਆ, ਕੈਨੇਡਾ ਦੇ ਵੱਡੇ ਸਟੋਰ ‘ਵਾਲਮਾਰਟ’ ’ਤੇ ਜਾਣ ਦਾ। ਅਚਾਨਕ ਇੱਕ ਖੂੰਜੇ ਤੋਂ ਆਈ ਆਵਾਜ਼ ਨੇ ਧਿਆਨ ਖਿੱਚ ਲਿਆ:

ਸਰਦਾਰ ਜੀ,ਸਤਿ ਸ੍ਰੀ ਅਕਾਲ। ਮੈਂ ਹੈਰਾਨ!

ਘਬਰਾਓ ਨਾ। ਤੁਹਾਡੇ ਗੁਆਂਢੀ ਹੀ ਤਾਂ ਹਾਂ। ਚਿਤਵਣੀ ਹੋਰ ਵੱਧ ਗਈ । ਅਜਨਬੀ ਚਿਹਰਾ ਜੁ ਸੀ ।



ਮੈਂ ਜਮਸ਼ੇਰ ਰਾਣਾ। ਰਾਵਲਪਿੰਡੀ ਤੋਂ। ਸੰਤਾਲੀ ਦੇ ਵਿੱਛੜੇ ਅੱਜ ਮਿਲੇ ਹਾਂ। ਮੈਂ ਅਵਾਕ ਉਸ ਦੇ ਮੂੰਹ ਵੱਲ ਵੇਖ ਰਿਹਾ ਸਾਂ।

ਅੱਬਾ ਜਾਨ ਦੱਸਦੇ ਹੁੰਦੇ ਸੀ। ਗੁਆਂਢ ਵਿੱਚ ਸਰਪੰਚਾਂ ਦਾ ਘਰ ਸੀ। ਮੁਹਾਂਦਰਾ ਹੂਬਹੂ ਤੁਹਾਡੇ ਨਾਲ ਮਿਲਦਾ, ਜੁਲਦਾ। ਮੈਨੂੰ ਲੱਗਿਆ ਅੱਜ ਦਹਾਕਿਆਂ ਬਾਅਦ ਮੇਰਾ ਗੁਆਂਢੀ ਮਿਲ ਗਿਐ। ਅਣਜਾਣਪੁਣੇ ਵਿੱਚ ਗੁਆਚੇ ਰਿਸ਼ਤਿਆਂ ਦੀ ਚੀਸ ਵਤਨ ਦੀ ਮਿੱਟੀ ਤੋਂ ਆਏ ਕਿਸੇ ਅਗਿਆਤ ਸ਼ਖ਼ਸ ਨੂੰ ਮਿਲ ਕੇ ਮਲ੍ਹਮ ਦਾ ਫਹਿਆ ਬਣ ਜਾਂਦੀ ਹੈ ।

ਯਾਦ ਹੈ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ‘ਪਹੁਤਾ ਪਾਂਧੀ’? ਮੇਜਰ ਸਾਬ੍ਹ ਜੋ ‘ਪੇ-ਮਰਿਆਂ’ ਦੇ ਫ਼ਸਟ ਕਲਾਸ ਕੋਚ ਨੂੰ ਛੱਡ ਤੀਜੇ ਦਰਜੇ ਦੇ ਖਚਾਖਚ ਭਰੇ ਡੱਬੇ ਵਿੱਚ ਆ ਬੈਠੇ ਸਨ। ਆਪਣੇ ਰੰਗਲੇ ਸੁਭਾਅ ਕਾਰਨ ਸਭ ਦੇ ਚਹੇਤੇ ਹੋ ਨਿੱਬੜੇ । ਵਿੱਛੜਨ ਵੇਲੇ ਮੇਲਾ ਲੁੱਟ ਕੇ ਲੈ ਗਏ ਸਨ ਤੇ ਡੱਬਾ ਭਾਂ ਭਾਂ ਕਰਨ ਲੱਗ ਗਿਆ ਸੀ। ਅਸਮਾਨੀ ਬਿਜਲੀ ਵਾਂਗ ਚਮਕੀ ਕੋਈ ਅਜਨਬੀ ਰੂਹ ਸਾਲਾਂ ਬੱਧੀ ਚੇਤਿਆਂ ਵਿੱਚ ਵਸ ਕੇ ਜ਼ਿੰਦਗੀ ਦੀ ਸਾਰਥਿਕਤਾ ਸਮਝਾ ਜਾਂਦੀ ਹੈ ਅਤੇ ਇਤਰ ਵਿੱਚ ਭਿੱਜੀਆਂ ਪੌਣਾਂ ਦੀ ਮਹਿਕ ਦਿਲਾਂ ਨੂੰ ਰੁਸ਼ਨਾਉਂਦੀ ਰਹਿੰਦੀ ਹੈ।

ਮਿੱਤਰੋ! ਯੁੱਗ ਪਦਾਰਥਵਾਦੀ ਹੋ ਗਿਐ। ਗੱਲ ਜਰ੍ਹਬਾਂ ਤਕਸੀਮਾਂ ’ਤੇ ਆ ਕੇ ਰੁਕ ਜਾਂਦੀ ਐ। ਮੇਲਾ ਫਿੱਕਾ ਲੱਗਣ ਲੱਗ ਪੈਂਦੈ। ਚਮਕਦੀਆਂ ਧਾਤਾਂ ਦੀ ਚਕਾਚੌਂਧ ਨੇ ਮਿਲਾਪ ਦੀਆਂ ਘੜੀਆਂ ਦੀ ਲੋਅ ਮੱਧਮ ਕਰ ਦਿੱਤੀ ਹੈ। ਜਹਾਨ ’ਤੇ ਆਇਆ ਮਨੁੱਖ ਸਿਕੰਦਰ ਬਣਨ ਦੇ ਚੱਕਰਵਿਊ ਵਿੱਚ ਫਸਿਐ। ਮਨ ਵਿਚੋਂ ਵਿਸਰ ਜਾਂਦਾ: ‘ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫ਼ਰਖ਼ਾਨਾ’। ਸਿਰਫ਼ ਆਉਣ ਜਾਣ ਦਾ ਸਬੱਬ ਹੈ। ਸ੍ਰਿਸ਼ਟੀ ਇਸ ਜਜ਼ੀਰੇ ਤੇ ਪੱਕੇ ਘਰ ਬਣਾਉਣ ਦੀ ਇਜਾਜ਼ਤ ਨਹੀਂ ਦਿੰਦੀ। ਨਾ ਹੀ ਜੰਨਤ ਦੇ ਬੂਹੇ ’ਤੇ ਖੜ੍ਹਾ ਦਰਬਾਨ ਝੋਲੀਆਂ ਭਰ ਕੇ ਅੰਦਰ ਜਾਣ ਦੀ ਰਜ਼ਾਮੰਦੀ ਦਰਸਾਉਂਦੈ। ਫਿਰ ਝੋਰਾ ਕਿਸ ਗੱਲ ਦਾ? ਖਾਲੀ ਹੱਥ ਆਏ ਸੀ, ਫਿਰ ਖਾਲੀ ਹੱਥ ਜਾਣ ’ਤੇ ਇਤਰਾਜ਼ ਕਿਉਂ? ਕਿਉਂ ਰੋਜ਼ਾਨਾ ਦੇ ਵਹੀ ਖਾਤਿਆਂ ’ਤੇ ਯਾਰਾਂ ਬੇਲੀਆਂ ਦੀ ਲੰਮੀ ਫਹਿਰਿਸਤ ਦਰਜ ਨਹੀਂ ਹੁੰਦੀ। ਭੁਲੱਕੜ ਮਨ ਭੁੱਲ ਜਾਂਦੈ ਕਿ ਦੁਨੀਆਂ ਦੇ ਰੰਗ ਤਮਾਸ਼ੇ ਵੇਖਣ ਲਈ ਹੀ ਤਾਂ ਸੰਸਾਰ ਸਾਜਿਆ ਹੈ। ਤਾਹੀਓਂ ਤਾਂ ਰੰਗਲੇ ਸੰਸਾਰ ਤੋਂ ਵਿੱਛੜਨ ਨੂੰ ਦਿਲ ਨਹੀਂ ਕਰਦਾ । ਫਿਰ ਕਿਉਂ ਨਾ ਹਰ ਦਿਨ ਤੀਆਂ ਵਰਗਾ ਗੁਜ਼ਰੇ ਅਤੇ ਰਾਤ, ਸੁਹਾਗ-ਰਾਤ ਵਰਗੀ? ਨਵੀਂ ਸਵੇਰ ਦੀਆਂ ਕਿਰਨਾਂ ਨੂੰ ਖੁਸ਼-ਆਮਦੀਦ ਕਹੀਏ ਅਤੇ ਅੰਤਰ-ਧਿਆਨ ਹੋ ਕੇ ਸੋਚੀਏ-ਪ੍ਰੋ. ਮੋਹਨ ਸਿੰਘ ਵਾਂਗ:

ਕੀ ਹੋਇਆ ਜੇ ਬੂਹੇ ਪੂਰੇ ਖੁੱਲ੍ਹੇ ਨਾ
ਝੀਥਾਂ ਵਿਚੋਂ ਰੌਸ਼ਨੀਆਂ ਤਾਂ ਆਈਆਂ ਨੇ ।

ਨਾਮਵਰ ਜਾਪਾਨੀ ਲੇਖਕ ਤੋਸੀਕਾਜੂ ਕਾਵਾਗੁਚੀ ਜ਼ਿੰਦਗੀ ਨੂੰ ਸੁਰਾਂਗਲੀ ਬਣਾਉਣ ਦੀ ਜੁਗਤ ਦੱਸਦੈ। ਉਸ ਦਾ ਮੱਤ ਹੈ ਕਿ ਸਮਾਂ ਉਡਾਰੀਆਂ ਮਾਰ ਰਿਹੈ ਅਤੇ ਵਰਤਮਾਨ ਤੁਹਾਨੂੰ ਨੀਝ ਨਾਲ ਦੇਖ ਰਿਹੈ। ਪਿਛਲੀਆਂ ਗ਼ਲਤੀਆਂ ਭੁਲਾਉਣ ਨਾਲ ਅਣਕਹੇ ਬੋਲਾਂ ਦੀ ਜ਼ੁਬਾਨ ਰਸਵੰਤੀ ਹੋ ਜਾਂਦੀ ਹੈ। ਕਿਸੇ ਨਾਲ ਸੰਵਾਦ ਨਾ ਰਚਾਉਣ ਅਤੇ ਆਪਣੇ ਮਨ ਦੇ ਕਪਾਟ ਨਾ ਖੋਲ੍ਹਣ ਨਾਲ ਪਛਤਾਵਾ ਹੀ ਪੱਲੇ ਪੈਂਦਾ ਹੈ। ਮੁਆਫ਼ ਕਰਨ ਦਾ ਮਤਲਬ ਹੈ-ਰਿਸਦੇ ਜ਼ਖ਼ਮਾਂ ’ਤੇ ਲੇਪ ਲਾਉਣਾ। ਅਤੀਤ ਨੂੰ ਅਹਿਮੀਅਤ ਦੇਣੀ ਬੇਸ਼ਕੀਮਤੀ ਹੈ, ਪਰ ਦੇਖਿਓ ਕਿਤੇ ਤੁਹਾਡੇ ‘ਹੁਣ’ ਨੂੰ ਬੀਤੇ ਦਾ ਗ੍ਰਹਿਣ ਨਾ ਲੱਗ ਜਾਵੇ। ਧਰਤੀ ’ਤੇ ਆਮਦ ਦਾ ਉਦੇਸ਼ ਹੈ-ਮੁਹੱਬਤੀ ਰੂਹਾਂ ਦਾ ਸੰਗ! ਹੈ ਨਾ ਜ਼ਿੰਦਗੀ ਜਿਊਣ ਦੀ ਸਟੀਕ ਮਿਸਾਲ?

ਪਰਵਾਸ ਦੇ ਮਸਲਿਆਂ ਨੇ ਜਿਊਂਦੇ ਜੀਆਂ ਦੇ ਮੇਲਿਆਂ ਦਾ ਰੰਗ ਫਿੱਕਾ ਪਾ ਦਿੱਤੈ। ਆਪਣੇ ਹੱਥੀਂ ਤੋਰੇ ਪਿਆਰਿਆਂ ਦੇ ਵਿੱਛੜਨ ਵੇਲੇ ਫਿਰ ਤੋਂ ਮਿਲਣ ਦੀਆਂ ਆਸਾਂ ਦੀ ਡੋਰ ਟੁੱਟਦੀ ਜਾਪਦੀ ਹੈ। ਸਿੱਕਿਆਂ ਦੀ ਟੁਣਕਾਰ ਸਾਹਮਣੇ, ਮਿਲਾਪ ਦੀਆਂ ਘੜੀਆਂ ਦੂਰ ਹੁੰਦੀਆਂ ਲੱਗਦੀਆਂ ਨੇ। ਸੁਪਨਿਆਂ ਨਾਲ ਸਜਾਈਆਂ ਮਹਿਲ-ਮਾੜੀਆਂ ਸੱਖਣੀਆਂ ਹੋਣ ’ਤੇ ਵੱਢ ਵੱਢ ਖਾਂਦੀਆਂ ਹਨ । ਖਾਲੀ ਤਬੇਲਿਆਂ ਵਿੱਚ ਸੁਣਾਈ ਦਿੰਦੀ ਕਬੂਤਰਾਂ ਦੀ ਗੁਟਰਗੂੰ ਵਿਰਲਾਪ ਨੂੰ ਕਈ ਗੁਣਾਂ ਵਧਾ ਦਿੰਦੀ ਹੈ। ਘਰਾਂ ਦੀਆਂ ਛੱਤਾਂ ’ਤੇ ਬਣੇ ਹਵਾਈ ਜਹਾਜ਼ ਅਤੇ ਬਲਦਾਂ ਦੀਆਂ ਜੋੜੀਆਂ ਜਿਵੇਂ ਆਪਣੀ ਹੋਣੀ ’ਤੇ ਝੂਰਦੀਆਂ ਹੋਣ।

ਰਿਸ਼ਤਿਆਂ ਦੀ ਤਿੜਕਣ ਨੇ ਮੇਲਿਆਂ ਦੀ ਆਤਮਾ ਨੂੰ ਝੰਜੋੜ ਦਿੱਤੈ। ਲੋਕ ਭਲੇ ਵੇਲਿਆਂ ਨੂੰ ਯਾਦ ਕਰਨ ਲੱਗਦੇ ਨੇ। ਕਦੇ ਖੁਸ਼ੀ ਗ਼ਮੀ ਪਿੰਡ ਵਿੱਚ ਆਇਆ ਤੀਜਾ ਤੇਰ੍ਹਵਾਂ ਵੀ ਮੇਲੀ ਲੱਗਦਾ ਸੀ। ਆਦਮੀ ਸੁੰਗੜ ਜਿਹਾ ਗਿਐ ਤੇ ਨਾਲ ਰਿਸ਼ਤੇ ਵੀ। ਥਾਣੇ ਕਚਹਿਰੀਆਂ ਇਸ ਦੀ ਸ਼ਾਹਦੀ ਭਰਦੇ ਨੇ। ਬਿਰਧ ਆਸ਼ਰਮਾਂ ਦੀਆਂ ਚਾਰਦੀਵਾਰੀਆਂ ਵਿੱਚ ਪਤਾ ਨਹੀਂ ਕਿੰਨੇ ਕੁ ਹਉਕੇ-ਹਾਵੇ ਦਫ਼ਨ ਹੋ ਕੇ ਰਹਿ ਜਾਂਦੇ ਨੇ। ਵੱਟਾਂ ਦੀ ਵੰਡ ਨੇ ਦਿਲਾਂ ਵਿੱਚ ਵੀ ਲਕੀਰ ਖਿੱਚ ਦਿੱਤੀ ਆ। ਹੁਣ ਮਜਲਿਸਾਂ ਭਾਈਆਂ ਬਾਂਝ ਵੀ ਸੋਂਹਦੀਆਂ ਨੇ ਗੁੱਟ ’ਤੇ ਬੰਨ੍ਹੀ ਰੱਖੜੀ ਵਿਚੋਂ ਮੁਹੱਬਤ ਦੀ ਖੁਸ਼ਬੂ ਨਹੀਂ ਆਉਂਦੀ।ਸੱਖਣੇ ਖੂਹ ਵਿਚੋਂ ਆਪਣੀ ਆਵਾਜ਼ ਹੀ ਵਾਪਸ ਮੁੜ ਆਉਂਦੀ ਹੈ। ਆਦਮੀ ਇਕੱਲਾ ਹੋ ਗਿਐ-ਭਰੇ ਮੇਲੇ ਵਿੱਚ ਇਕੱਲਾ! ਨਵੀਂ ਪੀੜ੍ਹੀ ਦੀਆਂ ਪੁੰਗਰਦੀਆਂ ਕਰੂੰਬਲਾਂ ਨੂੰ ਹੱਥੀਂ ਜਹਾਜ਼ੇ ਚੜ੍ਹਾ ਆਪ ਵੀ ਵਿਹਲੇ ਹੋ ਗਏ ਹਾਂ, ਪਰ ਵਡੇਰੀ ਪੀੜ੍ਹੀ ਦੀ ਪੀੜ ਸਮਝਣ ਦਾ ਨਾ ਅਹਿਸਾਸ ਹੈ, ਨਾ ਹੀ ਸਮਾਂ । ਅੰਦਰੋਂ ਬਾਹਰੋਂ ਟੁੱਟੇ ਹੋਣ ’ਤੇ ਵੀ ਮਸਨੂਈ ਮੁਸਕਾਨਾਂ ਦੇ ਮੁਖੌਟੇ ਪਾਏ ਹੋਏ ਨੇ:

ਰਿਸ਼ਤੇ ਵਕਤ ਭਾਲਦੇ ਨੇ
ਵਕਤ ਨਾ ਮਿਲੇ, ਤਾਂ ਇਹ
ਟੁੱਟ ਜਾਂਦੇ, ਮੁੱਕ ਜਾਂਦੇ, ਸੁੱਕ ਜਾਂਦੇ
(ਕੁਲਵਿੰਦਰ ਵਿਰਕ)

......ਸ਼ਬਦਾਂ ਨਾਲ ਖੇਡਦਿਆਂ ਬੰਦਾ ਬੁੱਢਾ ਨਹੀਂ ਹੁੰਦਾ... । ਨੀਝ ਨਾਲ ਵਾਚੋ ਤਾਂ ਸਾਰਾ ਬ੍ਰਹਿਮੰਡ ਹੀ ਜਿਊਂਦਾ ਜਾਗਦਾ ਮੇਲਾ ਲੱਗਦੈ ।

ਸੋ ਮੇਲੀਓ! ਮੇਲੇ ਦਾ ਆਨੰਦ ਲੈਣ ਲਈ ਜ਼ਿੰਦਗੀ ਨੂੰ ਜ਼ਿੰਦਾਬਾਦ ਕਹੋ । ਰਿਸ਼ਤਿਆਂ ਦੀ ਸੁੱਚਮਤਾ ਨਾਲ ਸੰਸਾਰ ਸੁਹਾਵਣਾ ਜਾਪੇਗਾ। ਥਿਰਕਦੇ ਕਦਮਾਂ ਦੀ ਧਮਾਲ ਨਾਲ ਦਿਲ ਵੀ ਥਿਰਕਦਾ ਰਹੇਗਾ। ਸਿਆਣੇ ਕਹਿੰਦੇ ਨੇ-ਮੇਲੇ ਤਾਂ ਜੱਗ ਜਿਉਂਦਿਆਂ ਦੇ ਹੁੰਦੇ ਨੇ, ਮਗਰੋਂ ਤਾਂ ਮਿੱਟੀ ਮੁੱਠੀ ਵਿੱਚ ਆ ਜਾਂਦੀ ਐ। ਕੁਝ ਦੇਰ ਤੱਕ ਤਾਂ ਪਾਣੀ ’ਤੇ ਤੈਰਦੇ ਫੁੱਲਾਂ ਦੇ ਦੀਦਾਰ ਹੁੰਦੇ ਰਹਿੰਦੇ ਨੇ, ਪਰ ਅੱਖ ਦੇ ਫੋਰ ਵਿੱਚ ਉਹ ਵੀ ਨਜ਼ਰੋਂ-ਓਝਲ ਹੋ ਜਾਂਦੇ ਨੇ...ਫਿਰ ਬੇਵੱਸ ਪ੍ਰਾਣੀ ਵਗਦੇ ਪਾਣੀਆਂ ਨੂੰ ਹੀ ਟਿਕਟਿਕੀ ਲਾ ਕੇ ਦੇਖਦਾ ਰਹਿੰਦੈ..।

# ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ ’ਤੇ ਹੋਈ ਗੋਸ਼ਟੀ


ਯੂਨੀਅਨ ਸਿਟੀ/ਕੈਲੇਫ਼ੋਰਨੀਆ: ਗਿੰਨੀ ਯਾਦਗਾਰੀ ਸਾਹਿਤਕ ਮੰਚ ਅਮਰੀਕਾ ਵੱਲੋਂ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਇਤਿਹਾਸ ਦੀ ਪੁਸਤਕ ‘ਚਾਨਣ ਇਤਿਹਾਸ ਦਾ’ ’ਤੇ ਭਰਪੂਰ ਗੋਸ਼ਟੀ ਹੋਈ। ਪ੍ਰਧਾਨਗੀ ਮੰਡਲ ਵਿੱਚ ਡਾ. ਯੋਗਿਆ ਵਲਦ ਕਪਿਲਾ, ਗੁਰਚਰਨ ਸਿੰਘ ਮਾਨ ਅਤੇ ਮਾਈਕ ਵਿਲਡਮੈਨ ਸ਼ਾਮਲ ਸਨ। ਪ੍ਰਵਾਨਾ ਵੱਲੋਂ ਪੁਸਤਕ ’ਤੇ ਰੌਸ਼ਨੀ ਪਾਉਂਦਿਆਂ ਕਿਹਾ ਗਿਆ ਕਿ ਇਤਿਹਾਸਕਾਰ ਦੇ ਫਰਜ਼ਾਂ ਵਿੱਚ ਸ਼ਾਮਲ ਹੈ ਬੀਤੀਆਂ ਘਟਨਾਵਾਂ, ਲੋਕਾਂ, ਸਮਾਜ ਅਤੇ ਸੱਭਿਆਚਾਰ ਦਾ ਅਧਿਐਨ ਕਰਨਾ ਤੇ ਲਿੱਖਣਾ। ਇਤਿਹਾਸ ਦੇ ਲਿਖਤੀ ਅਤੀਤ ਦੀਆਂ ਘਟਨਾਵਾਂ ਦੀ ਜਾਂਚ ਹੁੰਦੀ ਹੈ। ਇਤਿਹਾਸਕਾਰ , ਇਤਿਹਾਸਕ ਸ੍ਰੋਤਾਂ ਦੀ ਖੋਜ਼ ਕਰਕੇ ਇਤਿਹਾਸਕ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਅਤੇ ਮੁਲਾਂਕਣ ਕਰਕੇ ਵਰਤਮਾਨ ਲਈ ਪ੍ਰੇਣਾ ਨਾਲ ਜੋੜ ਕੇ ਲਿਖਣ ਵਿੱਚ ਮਹੱਤਵਪੂਰਨ ਭੂਮਿਕਾ



ਨਿਭਾਉਂਦੇ ਹਨ। ਜਿਵੇਂ ਸਿੱਖ ਧਰਮ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਮਾਜ ਦੀ ਦੁਰਦਸ਼ਾ ਸੀ। ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਨਾਲ ਸਮਾਜ ਨੂੰ ਰੂਹਾਨੀਅਤ ਦੀ ਸੋਝੀ ਆਈ ਅਤੇ ਜਿਉਣ ਦੀ ਜਾਚ ਆਈ। ਫਿਰ ਸਮਾਜ ’ਤੇ ਉਸ ਦਾ ਸਦੀਵੀ ਕੀ ਅਸਰ ਹੋਇਆ ਆਦਿ। ਮੈਂ ਆਪਣੀ ਪੁਸਤਕ ਵਿੱਚ ਇਤਿਹਾਸਕ ਘਟਨਾਵਾਂ ’ਤੇ ਰੌਸ਼ਨੀ ਪਾਈ ਹੈ। ਸੰਖੇਪ ਵਿੱਚ ਲਿਖਿਆ ਹੈ। ਵਿਸ਼ੇ ਨੂੰ ਹੋਰ ਸਪਸ਼ਟ ਕਰਨ ਲਈ ਅੰਤਿਕਾ ਵਿੱਚ ਆਪਣੇ ਵਿਚਾਰ ਦੱਸੇ ਹਨ ਅਤੇ ਗੁਰਬਾਣੀ ਦੇ ਹਵਾਲੇ ਦਰਜ ਕੀਤੇ ਹਨ, ਤਾਂ ਜੋ ਸੁਨੇਹਾ ਹੋਰ ਰੌਸ਼ਨ ਹੋ ਸਕੇ।

ਪ੍ਰਧਾਨਗੀ ਮੰਡਲ ਵੱਲੋਂ ਪੁਸਤਕ ਲੋਕ ਅਰਪਣ ਹੋਈ। ਹਾਜਰੀਨ ਨੂੰ ਪੁਸਤਕਾਂ ਭੇਂਟ ਕੀਤੀਆਂ ਗਈਆਂ। ਪੁਸਤਕ ਤੇ ਵਿਚਾਰ ਰੱਖਣ ਵਾਲਿਆਂ ਵਿੱਚ ਡਾ. ਕਪਿਲਾ, ਗੁਰਚਰਨ ਸਿੰਘ ਮਾਨ, ਇਕਬਾਲ ਸਿੰਘ, ਮਾਈਕ ਵਿਲਡਮੈਨ, ਏਲਾਈਸ ਵੋ, ਜੋਨਸ, ਹਰਜੀਤ ਸਿੰਘ ਰੰਧਾਵਾ, ਪ੍ਰੀਤਮ ਸਿੰਘ, ਅਵਤਾਰ ਸਿੰਘ ਮਿਸ਼ਨਰੀ, ਬੀਬੀ ਹਰਸਿਮਰ ਕੌਰ ਸ਼ਾਮਲ ਸਨ। ਸਭਨਾਂ ਦੀ ਇੱਕ ਰਾਇ ਸੀ ਕਿ ਪ੍ਰਵਾਨਾ ਇੱਕ ਸਿਰੜੀ ਲੇਖਕ ਹੈ। ਪੁਸਤਕ ਦੇ ਲੇਖਾਂ ਨੂੰ ਉਸ ਨੇ ਬੜੀ ਮਿਹਨਤ ਨਾਲ ਲਿਖਿਆ ਹੈ। ਇਤਿਹਾਸ ਲਿਖਣਾ ਕੋਈ ਸੌਖਾ ਕੰਮ ਨਹੀਂ ਪਰ ਪ੍ਰਵਾਨਾ ਨੇ ਬੜੀ ਸ਼ਿਦਤ ਨਾਲ ਇਸ ’ਤੇ ਕੰਮ ਕੀਤਾ ਹੈ। ਗੁਰਬਾਣੀ ਦੇ ਹਵਾਲਿਆਂ ਅਤੇ ਨਿੱਜੀ ਵਿਚਾਰਾਂ ਨਾਲ ਵਿਸ਼ੇ ਨੂੰ ਹੋਰ ਵੀ ਰੌਸ਼ਨ ਕੀਤਾ ਹੈ।

ਸਾਹਿਤਕ ਦੌਰ ਵਿੱਚ ਜਸਦੀਪ ਸਿੰਘ ਫਰੀਮੌਂਟ ਵੱਲੋਂ ਸ਼ਬਦ ਗਾਇਨ ਕੀਤਾ ਗਿਆ। ਪੰਜਾਬ ਦਾ ਲੋਕ ਸਾਜ ਅਲਗੋਜਿਆ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਛੋਟੇ




ਬੱਚਿਆਂ ਵਿੱਚ ਰਣਧੀਰ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿਫਤਿ ਸਾਲਾਹ ਦੀ ਕਵਿਤਾ ਸੁਣਾਈ ਅਤੇ ਅਰਸ਼ਵੀਰ ਵੱਲੋਂ ਬਸੰਤ ਰੁੱਤ ਦੀ ਕਵਿਤਾ ਕਹੀ ਗਈ।

(ਬਾਕੀ ਸਫ਼ਾ 31 ’ਤੇ)

# ਕੈਨੇਡਾ ਦੇ ਜਸਦੀਪ ਸਿੰਘ ਨੇ ਵਧਾਇਆ ਸਿੱਖਾਂ ਦਾ ਮਾਣ

## ਐਨਟਾਰਕਟੀਕਾ ਸਣੇ ਸੱਤ ਮਹਾਂਦੀਪਾਂ 'ਚ ਮੈਰਾਥਨ ਦੌੜ ਪੂਰੀ ਕਰਨ ਵਾਲੇ ਉੱਤਰੀ ਅਮਰੀਕਾ ਦੇ ਪਹਿਲੇ ਸਿੱਖ ਬਣੇ




**ਸਮੀਪ ਸਿੰਘ ਗੁਮਟਾਲਾ**



ਵਿੰਡਸਰ, ਕੈਨੇਡਾ/ਏ.ਟੀ.ਨਿਊਜ਼: ਕੈਨੇਡਾ ਦੇ ਸੂਬੇ ਓਨਟਾਰੀਓ ਦੇ ਸ਼ਹਿਰ ਵਿੰਡਸਰ ਦੇ ਵਸਨੀਕ 50 ਸਾਲਾ ਜਸਦੀਪ ਸਿੰਘ ਨੇ ਇੱਕ ਨਵਾਂ ਇਤਿਹਾਸ ਰਚਿਆ ਹੈ। ਉਹ ਉੱਤਰੀ ਅਮਰੀਕਾ (ਕੈਨੇਡਾ ਅਤੇ ਅਮਰੀਕਾ) ਦੇ ਪਹਿਲੇ ਸਿੱਖ ਬਣ ਗਏ ਹਨ ਜਿੰਨ੍ਹਾਂ ਨੇ ਸਾਰੇ ਸੱਤ ਮਹਾਦੀਪ ਵਿੱਚ ਮੈਰਾਥਨ ਦੌੜ ਪੂਰੀ ਕਰਨ ਦਾ ਰਿਕਾਰਡ ਬਣਾਇਆ ਹੈ। ਇਸ ਵਿੱਚ ਹਰ ਪਾਸੇ ਬਰਫ਼ ਨਾਲ ਢਕੀ ਅਤੇ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ 'ਚ ਦੁਨੀਆਂ ਦੀ ਸਭ ਤੋਂ ਦੱਖਣੀ ਮੈਰਾਥਨ ਐਨਟਾਰਕਟਿਕਾ ਆਈਸ ਮੈਰਾਥਨ ਵੀ ਸ਼ਾਮਲ ਹੈ।

### ਇੱਕ ਵਿਲੱਖਣ ਪ੍ਰਾਪਤੀ

ਦਸੰਬਰ 2024 ਵਿੱਚ ਬਰਫ਼ ਨਾਲ ਟਕੀ ਧਰਤੀ 'ਤੇ ਐਨਟਾਰਕਟਿਕਾ ਆਈਸ ਮੈਰਾਥਨ ਪੂਰੀ ਕਰ ਜਸਦੀਪ ਸਿੰਘ ਦੁਨੀਆਂ ਭਰ ਦੇ ਤਕਰੀਬਨ 500 ਦੌੜਾਕਾਂ ਵਿੱਚ ਸ਼ਾਮਲ ਹੋ ਗਏ ਜਿਨ੍ਹਾਂ ਨੇ ਸਾਰੇ ਸੱਤ ਮਹਾਂਦੀਪ ਵਿੱਚ 42 ਕਿਲੋਮੀਟਰ ਮੈਰਾਥਨ ਦੀ ਮੁਸ਼ਕਲ ਚੁਣੌਤੀ ਨੂੰ ਪੂਰਾ ਕੀਤਾ ਹੈ। ਉਸਦੀ ਇਸ ਪ੍ਰਾਪਤੀ ਨੂੰ ਹਾਲ ਹੀ ਵਿੱਚ ਕੈਨੇਡਾ ਬਰੌਡਕਾਸਟਿੰਗ ਕੰਪਨੀ (ਸੀ.ਬੀ.ਸੀ.) ਦੁਆਰਾ ਵੀ ਪ੍ਰਕਾਸ਼ਿਤ ਕੀਤਾ ਗਿਆ ਹੈ।

ਭਾਰਤ ਦੇ ਸੂਬੇ ਪੰਜਾਬ ਦੇ ਜੰਮਪਲ, ਜਸਦੀਪ ਨੇ 40 ਸਾਲ ਦੀ ਉਮਰ ਵਿੱਚ ਦੱਖਣੀ ਓਨਟਾਰੀਓ ਦੇ ਛੋਟੇ ਜਿਹੇ ਸ਼ਹਿਰ ਵਿੰਡਸਰ ਵਿੱਚ ਲੰਮੀ ਦੌੜ ਦੀ ਸ਼ੁਰੂਆਤ ਕੀਤੀ। ਉਸ ਤੋਂ ਬਾਅਦ ਉਹਨਾਂ ਨੇ ਵਿਸ਼ਵ ਭਰ ਦੇ ਸੱਤ ਮਹਾਂਦੀਪ ਦੀਆਂ ਕਈ ਮੈਰਾਥਨ ਦੌੜਾਂ ਪੂਰੀਆਂ ਕੀਤੀਆਂ। ਉਹਨਾਂ ਉੱਤਰੀ ਅਮਰੀਕਾ ਮਹਾਂਦੀਪ 'ਚ 2018 ਦੀ ਡੇਟ੍ਰਾਇਟ ਮੈਰਾਥਨ ਅਤੇ 2019 ਦੀ ਨਿਊਯਾਰਕ

ਮੈਰਾਥਨ ਨੂੰ ਪੂਰਾ ਕੀਤਾ। ਉਪਰੰਤ ਯੂਰਪ ਮਹਾਂਦੀਪ ਵਿੱਚ ਉਹਨਾਂ ਨੇ 2021 ਦੀ ਬਰਲਿਨ ਮੈਰਾਥਨ ਅਤੇ 2022 ਦੀ ਲੰਡਨ ਮੈਰਾਥਨ ਪੂਰੇ ਕੀਤੇ। ਸਾਲ 2023 ਵਿੱਚ, ਉਹਨਾਂ ਨੇ ਦੱਖਣੀ ਅਮਰੀਕਾ ਵਿੱਚ ਬ੍ਰਾਜ਼ੀਲ ਵਿਖੇ ਰੀਓ ਮੈਰਾਥਨ ਅਤੇ ਅਫ਼ਰੀਕਾ ਮਹਾਂਦੀਪ ਵਿੱਚ ਕੇਪ ਟਾਊਨ ਮੈਰਾਥਨ ਪੂਰੀ ਕੀਤੀ। ਏਸ਼ੀਆ ਵਿੱਚ 2024 'ਚ ਟੋਕੀਓ ਮੈਰਾਥਨ, ਆਸਟ੍ਰੇਲੀਆ ਵਿੱਚ ਸਿਡਨੀ ਮੈਰਾਥਨ ਅਤੇ ਅੰਤ 'ਚ ਦਸੰਬਰ 2024 ਵਿੱਚ ਐਨਟਾਰਕਟਿਕਾ ਦੇ ਯੂਨੀਅਨ ਗਲੇਸ਼ੀਅਰ ਵਿੱਚ ਐਨਟਾਰਕਟਿਕਾ ਆਈਸ ਮੈਰਾਥਨ ਨੂੰ ਪੂਰਾ ਕਰ ਸੱਤ ਮਹਾਂਦੀਪ ਵਿੱਚ ਮੈਰਾਥਨ ਪੂਰਾ ਕਰਨ ਵਾਲੇ ਪਹਿਲੇ ਸਿੱਖ ਬਣ ਗਏ।

### ਐਨਟਾਰਕਟੀਕਾ ਮੈਰਾਥਨ ਨੂੰ ਪੂਰਾ ਕਰਨ ਦੀ ਚੁਣੌਤੀ

ਜਸਦੀਪ ਦੀ ਸੱਤ ਮਹਾਂਦੀਪ ਦੀ ਇਹ ਯਾਤਰਾ ਐਨਟਾਰਕਟਿਕਾ ਦੀ ਮੈਰਾਥਨ ਨਾਲ ਖਤਮ ਹੋਈ। ਐਨਟਾਰਕਟੀਕਾ ਦੀ ਇਸ ਮੈਰਾਥਨ ਨੂੰ ਪੂਰਾ ਕਰਨ 'ਚ ਉਹਨਾਂ ਨੂੰ ਛੇ ਘੰਟੇ ਦਾ ਸਮਾਂ ਲੱਗਿਆ। ਹਵਾਈ ਅੱਡਾ ਨਾ ਹੋਣ ਕਰਕੇ, ਜਸਦੀਪ ਸਣੇ 64 ਹੋਰ ਦੌੜਾਕਾਂ ਨੇ ਖਾਸ ਤੌਰ 'ਤੇ ਤਿਆਰ ਕੀਤੇ ਬੋਇੰਗ 757 ਜਹਾਜ਼ ਰਾਹੀਂ ਬਰਫ਼ 'ਤੇ ਲੈਂਡ ਕੀਤਾ, ਜਿਸ ਨੂੰ ਪਾਇਲਟ ਦੇ ਹੁਨਰ ਦਾ ਪ੍ਰਮਾਣ ਕਿਹਾ ਜਾ ਸਕਦਾ ਹੈ। ਐਨਟਾਰਕਟਿਕਾ ਦੇ ਮਨਫ਼ੀ ਤਾਪਮਾਨ, ਅਲਟਰਾ ਵਾਇਲੇਟ (ਯੂਵੀ) ਰੇਡੀਏਸ਼ਨ ਅਤੇ ਬਰਫ਼ੀਲੀਆਂ ਹਵਾਵਾਂ ਵਿੱਚ ਦੌੜਦਿਆਂ ਜਸਦੀਪ ਦੀ ਧੀਰਜ ਅਤੇ ਮਾਨਸਿਕ ਦ੍ਰਿੜਤਾ ਦੀ ਪਰਖ ਹੋਈ। ਉਹਨਾਂ




ਕਿਹਾ ਕਿ ਐਨਟਾਰਕਟਿਕਾ ਸਭ ਤੋਂ ਚੁਣੌਤੀ ਵਾਲੀ ਮੈਰਾਥਨ ਦੌੜ ਸੀ। ਇਸ ਨੂੰ ਪੂਰਾ ਕਰਨ ਨਾਲ ਇਹ ਸਾਬਤ ਹੋਇਆ ਕਿ ਜਦੋਂ ਅਸੀਂ ਆਪਣਾ ਪੱਕਾ ਮਨ ਬਣਾ ਲਈਏ ਤਾਂ ਅਸੀਂ ਕੁਝ ਵੀ ਕਰਨ ਦੇ ਸਮਰੱਥ ਹਾਂ।

### ਸਫ਼ਲਤਾ ਲਈ ਕੋਚ ਦੀ ਸਿਖਲਾਈ ਅਤੇ ਪਰਿਵਾਰ ਦਾ ਸਮਰਥਨ

ਜਸਦੀਪ ਨੇ ਸਿਖਲਾਈ ਵਿੰਡਸਰ ਤੋਂ ਹੀ ਟ੍ਰੇਨਰ ਡੇਵਿਡ ਸਟੀਵਰਟ ਤੋਂ ਲਈ, ਨਾਲ ਹੀ ਉਸਨੇ ਸਥਾਨਕ ਕੈਨੇਡੀਅਨ ਹੀਰੋ ਟੈਰੀ ਫ਼ੌਕਸ ਅਤੇ ਫ਼ੌਜੀ ਸੇਡਰਿਕ ਕਿੰਗ ਤੋਂ ਵੀ ਪ੍ਰੇਰਨਾ ਲਈ, ਜਿਨ੍ਹਾਂ ਨੇ ਅਫ਼ਗਾਨਿਸਤਾਨ ਵਿੱਚ ਸੇਵਾ ਕਰਦੇ ਹੋਏ ਆਪਣੀਆਂ ਦੋਵੇਂ ਲੱਤਾਂ ਗੁਆ ਦਿੱਤੀਆਂ ਸਨ ਅਤੇ ਹੁਣ ਉਹ ਪ੍ਰੋਸਥੈਟਿਕ (ਨਕਲੀ) ਲੱਤਾਂ 'ਤੇ ਦੌੜਦੇ ਹਨ।ਜਸਦੀਪ ਨੇ ਆਪਣੀ ਸਫ਼ਲਤਾ ਦਾ ਸਿਹਰਾ ਆਪਣੇ ਪਰਿਵਾਰ – ਆਪਣੀ ਪਤਨੀ ਅਤੇ ਉਨ੍ਹਾਂ ਦੇ ਦੋ ਬੱਚਿਆਂ ਦੇ ਅਤੁੱਟ ਸਮਰਥਨ ਨੂੰ ਵੀ ਦਿੱਤਾ। ਉਹਨਾਂ ਕਿਹਾ, ਪਰਿਵਾਰ ਦੇ ਉਤਸ਼ਾਹ ਨੇ ਮੈਨੂੰ ਸਾਰੇ ਮਹਾਂਦੀਪ ਵਿੱਚ ਮੈਰਾਥਨ ਦੌੜਨ ਦੀ ਚੁਣੌਤੀ ਨੂੰ ਪੂਰਾ ਕਰਨ ਵਿੱਚ ਮਦਦ ਕੀਤੀ। ਮੇਰੀ ਪਤਨੀ ਦੇ ਸਹਿਯੋਗ ਤੋਂ ਬਿਨਾਂ ਇਹ ਪ੍ਰਾਪਤੀ ਸੰਭਵ ਨਹੀਂ ਸੀ। ਮੇਰੇ ਬੱਚਿਆਂ ਨੂੰ ਫ਼ਿਨਿਸ਼ ਲਾਈਨ 'ਤੇ ਖ਼ੁਸ਼ੀ ਵਿੱਚ ਜਸ਼ਨ ਮਨਾਉਂਦੇ ਦੇਖਣਾ ਮੇਰੇ ਲਈ ਸਭ ਤੋਂ ਯਾਦਗਾਰ ਪਲਾਂ ਵਿੱਚੋ ਇੱਕ ਸੀ।

### ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਇੱਕ ਪ੍ਰੇਰਨਾ

ਸੱਤ ਮਹਾਂਦੀਪਾਂ ਵਿੱਚ ਦਸਤਾਰ ਸਜਾ ਕੇ ਮੈਰਾਥਨ ਦੌੜਦਿਆਂ ਜਸਦੀਪ ਨੇ ਇਹ ਸਾਬਤ ਕੀਤਾ ਕਿ ਸਾਡੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਸਾਡੇ ਲਈ ਕਦੇ ਵੀ ਰੁਕਾਵਟ ਨਹੀਂ ਹੈ। ਉਹਨਾਂ ਕਿਹਾ "ਮੈਨੂੰ ਉਮੀਦ ਹੈ ਕਿ ਮੇਰਾ ਸਫ਼ਰ ਸਿੱਖ ਭਾਈਚਾਰੇ ਅਤੇ ਹੋਰਨਾਂ ਨੂੰ ਨਿਡਰਤਾ ਨਾਲ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰੇਗਾ। ਸਾਡੀ ਸਿੱਖ ਪਛਾਣ ਕੋਈ ਰੁਕਾਵਟ ਨਹੀਂ ਹੈ। ਇਹ ਇੱਕ ਤਾਕਤ ਹੈ, ਮਜ਼ਬੂਤ ਬਣੋ। ਜੇ ਮੈਂ ਇਹ ਕਰ ਸਕਦਾ ਹਾਂ, ਤਾਂ ਕੋਈ ਵੀ ਕਰ ਸਕਦਾ ਹੈ।" ਉਹਨਾਂ ਦਾ ਮੈਰਾਥਨ ਦੌੜਾਂ ਦਾ ਸਫ਼ਰ ਕਈ ਸਾਲ ਪਹਿਲਾਂ ਯੂਨਾਈਟਿਡ ਸਿੱਖਸ ਆਫ਼ ਵਿੰਡਸਰ ਸੰਸਥਾ ਨਾਲ ਸਮਾਜ ਸੇਵਾ ਦੇ ਕਾਰਜ ਲਈ 5 ਕਿਲੋਮੀਟਰ ਦੌੜ ਨਾਲ ਹੋਇਆ। ਬੀਤੇ ਸਾਲ ਜਸਦੀਪ ਅਤੇ ਉਸਦੀ ਟੀਮ ਨੇ ਕੈਂਸਰ ਤੋਂ ਪ੍ਰਭਾਵਿਤ ਪਰਿਵਾਰਾਂ ਅਤੇ ਬੱਚਿਆਂ ਦੀ ਮਦਦ ਲਈ 15,000 ਡਾਲਰ ਤੋਂ ਵੱਧ ਫ਼ੰਡ ਇਕੱਠੇ ਕੀਤੇ ਹਨ। ਉਹ ਸਰਬੱਤ ਦਾ ਭਲਾ ਦੇ ਸਿੱਖ ਸਿਧਾਂਤ 'ਤੇ ਚੱਲਦੇ ਹੋਏ ਟੈਰੀ ਫ਼ੌਕਸ ਫ਼ਾਊਂਡੇਸ਼ਨ, ਸੇਂਟ ਜੂਡਜ਼ ਚਿਲਡਰਨ ਹਸਪਤਾਲ ਅਤੇ ਕੇਅਰ ਇੰਟਰਨੈਸ਼ਨਲ ਵਰਗੇ ਚੈਰਿਟੀ ਪ੍ਰੋਗਰਾਮਾਂ ਨਾਲ ਵੀ ਜੁੜਿਆ ਹੈ।




# ਵੱਡਾ ਘੱਲੂਘਾਰਾ ਕੁੱਪ ਰਹੀੜਾ

## 8 ਫ਼ਰਵਰੀ 1762 ’ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸਿੱਖ ਧਰਮ ਕੁਰਬਾਨੀਆਂ ਦਾ ਇਤਿਹਾਸ ਹੈ, ਜਿਸ ਵਿਚ ਮਾਨਵਤਾ ਦੀ ਭਲਾਈ ਅਤੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹੀਦੀਆਂ ਦਰਜ ਹਨ। ਇਸ ਲੰਬੇ ਸੰਘਰਸ਼ ਵਿਚ ਸੰਨ 1716 ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਨ੍ਹਾਂ ਦੇ ਅੱਠ ਸੌ ਫੌਜੀ ਸਿੰਘਾਂ ਤੇ ਯੋਧਿਆਂ ਜਿਵੇਂ : ਬਾਜ ਸਿੰਘ, ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਮਾਲੀ ਸਿੰਘ ਆਦਿ ਦੇ ਦਿੱਲੀ ਵਿਚ ਸ਼ਹੀਦ ਹੋਣ ਤੋਂ ਬਾਅਦ ਸਿੰਘਾਂ ਦੀਆਂ ਸਰਗਰਮੀਆਂ ਵਿਚ ਖੜੋਤ ਆ ਗਈ ਸੀ। ਬਾਬਾ ਵਿਨੋਦ ਸਿੰਘ ਅਤੇ ਕਾਹਨ ਸਿੰਘ ਨੇ ਮੁਗਲ ਹਕੂਮਤ ਨਾਲ ਸਮਝੌਤਾ ਕਰ ਲਿਆ ਸੀ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚੜ੍ਹਾਵੇ ਕਰਕੇ ਬਾਬਾ ਜੀ ਦੇ ਬੰਦਈ ਪੈਰੋਕਾਰਾਂ ਅਤੇ ਬਾਵਿਆਂ ਨਾਲ ਝਗੜਾ ਹੋਣ ਤੇ ਬਾਵਿਆਂ ਦਾ ਪੱਖ ਭਾਰੂ ਰਿਹਾ। ਜਿਨ੍ਹਾਂ ਨੂੰ ਤੱਤ ਖ਼ਾਲਸਾ ਕਿਹਾ ਜਾਂਦਾ ਸੀ। ਸੰਨ 1721 ਵਿਚ ਮਾਤਾ ਸੁੰਦਰੀ ਜੀ ਵਲੋਂ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਨਿਯੁਕਤ ਕੀਤਾ ਗਿਆ।

ਮੁਗਲਾਂ ਦੀ ਚਲਾਕੀ ਜਾਰੀ ਸੀ। ਉਹ ਸਮੇਂ ਸਮੇਂ ਪਿੰਡਾਂ ਵਿਚੋਂ ਸਿੰਘਾਂ ਨੂੰ ਲੱਭ ਲੱਭ ਕੇ ਸ਼ਹੀਦ ਕਰੀ ਜਾਂਦੇ ਸਨ। ਦੀਵਾਲੀ ਦੇ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਾਰੇ ਸਿੰਘਾਂ ਦਾ ਇਕੱਠ ਸੱਦਿਆ ਜਾਂਦਾ ਸੀ। ਇਸ ਸਮੇਂ ਇਕੱਠੇ ਹੋਏ ਚੜ੍ਹਾਵੇ ਦੀ ਰਕਮ ਵਿਚੋਂ ਇਕ ਬੱਝੀ ਰਕਮ ਮੁਗਲ ਹਕੂਮਤ ਨੂੰ ਸੁਰੱਖਿਆ ਲਈ ਅਦਾ ਕੀਤੀ ਜਾਂਦੀ ਸੀ। ਸਿੰਘਾਂ ’ਤੇ ਮੁਗਲਾਂ ਵਲੋਂ ਕੀਤੇ ਜਾਂਦੇ ਦਮਨ ਹੇਠ ਦੀਵਾਲੀ ਦੇ ਅਵਸਰ ਤੇ ਦਰਬਾਰ ਸਾਹਿਬ ਵਿਖੇ ਇਕੱਠੀਆਂ ਹੋਣ ਵਾਲੀਆਂ ਸੰਗਤਾਂ ਦੀ ਗਿਣਤੀ ਬਹੁਤ ਘੱਟ ਗਈ। ਸੰਨ 1733 ਵਿਚ ਹਾਲਾਤ ਅਜਿਹੇ ਬਣ ਗਏ ਕਿ ਮੁਗਲ ਹਕੂਮਤ ਨੂੰ ਅਦਾ ਕਰਨ ਜਿੰਨੀ ਰਕਮ ਦੇਣ ਜੋਗਾ ਵੀ ਚੜ੍ਹਾਵਾ ਨਾ ਚੜ੍ਹਿਆ। ਭਾਈ ਮਨੀ ਸਿੰਘ ਜੀ ਨੇ ਰਕਮ ਨਾ ਅਦਾ ਕਰ ਸਕਣ ਦੀ ਮਜਬੂਰੀ ਦੱਸ ਦਿੱਤੀ। ਮੁਗਲ ਹਕੂਮਤ ਨੇ ਇਸੇ ਬਹਾਨੇ ਭਾਈ ਮਨੀ ਸਿੰਘ ਜੀ ਨੂੰ ਬੰਦ ਬੰਦ ਕਟਵਾ ਕੇ ਸ਼ਹੀਦ ਕਰ ਦਿੱਤਾ।

ਸਿੰਘਾਂ ਨੇ ਸੰਸਾਰ ਭਰ ਵਿਚ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਜੋ ਮਾਰ ਕੇ ਭੱਜ ਜਾਣ ਲਈ ਸਿੰਘ ਜਥੇਬੰਦ ਹੋਣ ਲੱਗੇ। ਸਿੰਘਾਂ ਨੇ ਦਿੱਲੀ ਲੁੱਟ ਕੇ ਪਰਤ ਰਹੀ ਈਰਾਨੀ ਸਮਰਾਟ ਨਾਦਰ ਸ਼ਾਹ ਦੀ ਸੈਨਾ ਦਾ ਸਤਲੁਜ, ਬਿਆਸ ਤੇ ਰਾਵੀ ਦੇ ਪੱਤਣਾਂ ਤੇ ਗੁਰੀਲਾ ਜੰਗ ਵਿਚ ਜਾਨ ਮਾਲ ਦਾ ਨੁਕਸਾਨ ਕੀਤਾ। ਉਸ ਨੇ ਜਾਣ ਲਿਆ ਸੀ ਕਿ ਇਸ ਕੌਮ ਦੀ ਹਕੂਮਤ ਆਵੇਗੀ।

ਸੰਨ 1748 ਨੂੰ ਮਾਲਵੇ ਵਿਚ ਸਿੰਘਾਂ ਨੇ ਆਪਣੀ ਵਧਦੀ ਜਾਂਦੀ ਫੌਜੀ ਸ਼ਕਤੀ ਨਾਲ ਚੌਧਰੀ ਆਲਾ ਸਿੰਘ ਨੇ ਪਟਿਆਲਾ ਅਤੇ ਬਰਨਾਲਾ ਵਿੱਚ ਕਾਰਲੇ ਖੇਤਰ ਵਿੱਚ ਆਪਣਾ ਅਧਿਕਾਰਤ ਰਾਜ ਸਥਾਪਤ ਕਰ ਲਿਆ। ਨਾਦਰ ਸ਼ਾਹ ਦੇ ਕਤਲ ਤੋਂ ਬਾਅਦ ਈਰਾਨੀ ਸਹਿਨਸ਼ਾਹੀਆਂ ਦੀ ਵਾਗਡੋਰ ਇਕ ਅਫ਼ਗਾਨੀ ਸਾਲਾਰ ਅਹਿਮਦ ਸ਼ਾਹ ਦੁਰਾਨੀ ਅਬਦਾਲੀ ਦੇ ਹੱਥ ਆ ਗਈ। ਉਸ ਨੇ 1743-1763 ਤੱਕ ਪੰਜਾਬ ਅਤੇ ਦਿੱਲੀ ’ਤੇ ਜਬਰਦਸਤ ਹੱਲੇ ਕੀਤੇ। ਚੌਧਰੀ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸੁਨਾਮ ਦੇ ਕਿਲੇ ਵਿੱਚ ਕੈਦ ਕਰ ਲਿਆ ਗਿਆ। ਪਰ ਚੌਧਰੀ ਆਲਾ ਸਿੰਘ ਕਿਲੇ ਵਿੱਚੋਂ ਨਿਕਲ ਗਿਆ ਅਤੇ ਉਸ ਨੇ ਇਕ ਲੱਖ ਰੁਪਿਆ ਹਰਜਾਨਾ ਦੇ ਕੇ ਆਪਣੀ ਰਾਜ ਸ਼ਕਤੀ ਨੂੰ ਬਹਾਲ ਕਰ ਲਿਆ।

ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਅਤੇ ਸਰਹਿੰਦ ਦੇ ਸੂਬਿਆਂ ਨੂੰ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ। ਪਰ ਸਿੰਘਾਂ ਦਾ ਸੰਘਰਸ਼ ਜਾਰੀ ਸੀ। ਇਸ ਲਈ ਅਬਦਾਲੀ ਨੇ ਪੰਜਾਬ ਤੇ ਹੱਲੇ ਕੀਤੇ। ਇਨ੍ਹਾਂ ਹੱਲਿਆਂ ਵਿੱਚ ਸਿੰਘਾਂ ਨੂੰ ਦੋ ਵਾਰ ਭਾਰੀ ਨੁਕਸਾਨ ਉਠਾਉਣਾ ਪਿਆ। ਇਕ ਵਾਰੀ 1757 ਵਿੱਚ ਕਾਹਨੂੰਵਾਨ (ਗੁਰਦਾਸਪੁਰ), ਇਸ ਜੰਗ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਇਸ ਜੰਗ ਵਿਚ ਸਿੰਘਾਂ ਨਾਲ ਲੜਨ ਵਾਲਾ ਸਾਲਾਰ ਐਮਨਾਬਾਦ ਦਾ ਦੀਵਾਨ ਲਖਪਤ ਰਾਇ ਸੀ।

5 ਫਰਵਰੀ 1762 ਨੂੰ ਅਹਿਮਦ ਸ਼ਾਹ ਦੁਰਾਨੀ/ ਅਬਦਾਲੀ ਅਤੇ ਖ਼ਾਲਸੇ ਵਿਚਕਾਰ ਜੰਗ ਹੋਈ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ਜਿਸ ਵਿਚ ਅਬਦਾਲੀ 60 ਹਜ਼ਾਰ ਦੀ ਫੌਜ ਲੈ ਕੇ ਪੰਜਾਬ ’ਤੇ ਚੜ੍ਹ ਆਇਆ। ਸਿੰਘਾਂ ਨੇ ਆਪਣੀ ਜੰਗੀ ਵਿਊਂਤਬੰਦੀ ਨਾਲ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚਾਰੀਆ ਨੇ 3 ਫਰਵਰੀ 1762 ਨੂੰ ਲਾਹੌਰ ਛੱਡ ਦਿੱਤਾ, ਉਹ ਦੁਆਬੇ ਵਿਚੋਂ ਨਿਕਲ ਕੇ ਮੁਕਤਸਰ, ਬਠਿੰਡਾ, ਗੰਗਾਨਗਰ (ਰਾਜਸਥਾਨ) ਦੇ ਇਲਾਕੇ ਜਿਸ ਨੂੰ ਲੱਖੀ ਜੰਗਲ ਵੀ ਕਿਹਾ ਜਾਂਦਾ ਹੈ, ਵੱਲ ਵਧੇ। ਉਸ ਸਮੇਂ ਖ਼ਾਲਸੇ ਦੀ ਗਿਣਤੀ 40,000 ਸੀ। ਸਿੰਘ ਕਾਫਲਾ ਬਣਾ ਕੇ ਤੁਰ ਪਏ ਸਨ ਜਿਸ ਵਿਚ ਬੱਚੇ, ਬੁੱਢੇ ਅਤੇ ਇਸਤਰੀਆਂ ਸਨ। ਅਹਿਮਦ ਸ਼ਾਹ ਹੁਣ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਤੇ ਤੁਲਿਆ ਹੋਇਆ ਸੀ। ਸਿੰਘ ਪਰਿਵਾਰਾਂ ਨੂੰ ਸੁਰੱਖਿਅਤ ਬੀਕਾਨੇਰ ਪਹੁੰਚਾਉਣਾ ਚਾਹੁੰਦੇ ਸਨ। ਸਿੰਘਾਂ ਨੇ ਮਲੇਰਕੋਟਲੇ ਦੇ ਕੋਲ ਕੁੱਪ ਰਹੀੜੇ ਜਾ ਡੇਰੇ ਲਾਏ। ਜੈਨ ਖਾਨ ਸੂਬੇਦਾਰ ਸਰਹਿੰਦ ਅਤੇ ਭੀਖਣ ਸ਼ਾਹ, ਸੂਬੇਦਾਰ ਮਲੇਰਕੋਟਲਾ ਵੀ ਆਣ ਵਧੇ। ਸਿੰਘਾਂ ਨੇ ਇਨ੍ਹਾਂ ਹਮਲਿਆਂ ਦਾ ਟਾਕਰਾ ਬੜੀ ਬਹਾਦਰੀ ਨਾਲ ਕੀਤਾ।

ਹਮਲੇ ਵਾਲੇ ਦਿਨ 8 ਫਰਵਰੀ, 1762 ਨੂੰ ਅਬਦਾਲੀ ਵੀ 30,000 ਘੋੜ ਸਵਾਰ ਦੀ ਫੌਜ ਨਾਲ ਹਮਲੇ ਵਿਚ ਪਹੁੰਚ ਗਿਆ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ ਨੇ ਅਜਿਹੀ ਰਣਨੀਤੀ ਬਣਾਈ ਕਿ ਕਾਫ਼ਲੇ ਨੂੰ ਬਚਾਉਣਾ ਹੈ ਅਤੇ ਦੁਸ਼ਮਣ ਨਾਲ ਲੜਨਾ ਵੀ ਹੈ। ਇਸੇ ਢੰਗ ਨਾਲ ਉਹ ਬਰਨਾਲੇ ਵਲ ਵਧੇ। ਦੁਸ਼ਮਣ ਦੀਆਂ ਫੌਜਾਂ ਵਿਚ ਲਛਮੀ ਸਹਾਏ, ਦੀਵਾਨ ਰਾਏਕੋਟ ਵੀ ਆਪਣੀ ਫੌਜ ਨਾਲ ਪਹੁੰਚਿਆ। ਸਿੰਘ ਚਾਰੇ ਪਾਸਿਆਂ ਤੋਂ ਘਿਰ ਚੁੱਕੇ ਸਨ। ਸਿੰਘਾਂ ਨੂੰ ਘੋਰ ਜੰਗ ਲੜਨਾ ਪਿਆ। ਸਿੰਘ ਫੈਸਲਾਕੁੰਨ ਜੰਗ ਹੇਠ ਸਿਰਧੜ ਦੀ ਬਾਜੀ ਲਾ ਕੇ ਜੰਗ ਦੇ ਮੈਦਾਨ ਵਿਚ ਜੂਝਣ ਲੱਗੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਚੜ੍ਹਤ ਸਿੰਘ ਸ਼ੁੱਕਰਚੱਕੀਆ, ਡੱਲੇਵਾਲੀਆ ਅਤੇ ਸਰਦਾਰ ਨਿਸ਼ਾਨ ਸਿੰਘ ਵਾਲੀਆ ਦੀਆਂ ਫੌਜਾਂ ਦੁਸ਼ਮਣਾਂ ਨਾਲ ਜੂਝ ਰਹੀਆਂ ਸਨ। ਜਦੋਂ ਸਿੰਘ ਗਹਿਗੱਚ ਜੰਗ ਵਿਚ ਰੁੱਝੇ ਹੋਏ ਸਨ ਤਾਂ ਅਬਦਾਲੀ ਦੀ ਫੌਜ ਨੇ ਤਾੜ ਕੇ ਧੋਖੇ ਨਾਲ ਅੱਗੇ ਜਾ ਕੇ ਕਾਫ਼ਲੇ ਤੇ ਹਮਲਾ ਕਰ ਦਿੱਤਾ। ਉਸ ਨੇ ਵੱਡੀ ਗਿਣਤੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ। ਉਪਰੋਂ ਸਿੰਘ ਵੀ ਕਾਫਲੇ ਦੀ ਹਿਫਾਜਤ ਲਈ ਪਹੁੰਚ ਗਏ। ਸਿੰਘ ਕਾਫ਼ਲੇ ਦੇ ਦੁਆਲੇ ਸੁਰੱਖਿਆ ਚੱਕਰਨੁੰਮਾ ਫੌਜੀ ਕਿਲਾ ਬਣਾ ਕੇ ਜੂਝ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ ਸਾਹਮਣੇ ਦੀ ਜੰਗ ਵਿਚ ਸਿੰਘਾਂ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਸਿੰਘਾਂ ਨੂੰ ਸਾਹਮਣਾ ਕਰਨਾ ਮੁਸ਼ਕਲ ਹੋ ਗਿਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਸਿੰਘਾਂ ਦਾ ਏਨਾ ਨੁਕਸਾਨ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ। ਸਿੰਘ ਰੱਬ ਦੇ ਭਾਣੇ ਵਿੱਚ ਰਹਿ ਕੇ ਨਿਸ਼ਚੈ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸ਼ੁੱਕਰਚੱਕੀਆ ਦੇ ਸਰੀਰਾਂ ਤੇ ਅਨੇਕਾਂ ਜ਼ਖਮਾਂ ਦੇ ਨਿਸ਼ਾਨ ਸਨ। ਇਸ ਜੰਗ ਵਿਚ ਹਰ ਯੋਧਾ ਜਖ਼ਮੀ ਸੀ। ਵੱਡੇ ਘੱਲੂਘਾਰੇ ਵਿਚ 7000 ਸਿੰਘਾਂ ਨੇ ਸ਼ਹੀਦੀਆਂ ਪਾਈਆਂ।

ਸਿੰਘਾਂ ਨੇ ਜਾਣ ਲਿਆ ਕਿ ਦੁਸ਼ਮਣ ਦੀ ਮਾਰ ਤੋਂ ਬਚਣਾ ਮੁਸ਼ਕਲ ਹੈ। ਇਸ ਲਈ ਜੰਗ ਵਿਚ ਜੂਝ ਕੇ ਸ਼ਹੀਦ ਹੋਣਾ ਹੀ ਬੇਹਤਰ ਹੈ। ਸਿੰਘਾਂ ਨੇ ਪੂਰੀ ਵਾਹ ਲਾ ਕੇ ਤਕੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜ਼ੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਫੌਜੀ ਦੀ ਵੱਡੀ ਗਿਣਤੀ ਨੂੰ ਮਾਰ ਮੁਕਾਇਆ। ਇਸ ਘਮਸਾਨ ਦੀ ਜੰਗ ਵਿਚ ਅਬਦਾਲੀ ਦੇ ਪੈਰ ਥਿੜਕ ਗਏ। ਸੀਸ ਤਲੀ ਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੇ ਫੌਜੀ ਸਿੰਘਾਂ ਦੀ ਦਲੇਰੀ ਅਤੇ ਜੰਗੀ ਪੈਂਤੜੇ ਨੂੰ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲਈ ਭੱਜਣ ਲੱਗੇ। ਉਹ ਸੋਚਦੇ ਸਨ ਕਿ ਇਹ ਮਨੁੱਖ ਜਾਂ ਕੋਈ ਫੌਲਾਦ ਦੀ ਮਸ਼ੀਨ।

ਸਿੰਘ ਲੜਦੇ ਲੜਦੇ ਮਰਦੇ ਮਾਰਦੇ ਕੁਤਬ ਬਾਹਮਣੀਆਂ ਪਹੁੰਚ ਗਏ ਸਨ। ਸਿੰਘਾਂ ਨੇ ਢਾਬ ਤੋਂ ਪਾਣੀ ਪੀਤਾ ਅਤੇ ਢਾਬ ਤੇ ਕਬਜਾ ਕਰ ਲਿਆ। ਦੁਸ਼ਮਣ ਦੀ ਫੌਜ ਵੀ ਪਾਣੀ ਵਲ ਵਧੀ, ਸਿੰਘਾਂ ਨੇ ਰੋਕ ਲਿਆ। ਸਿੰਘਾਂ ਨੇ ਕਾਫ਼ਲੇ ਵਹੀਰ ਨੂੰ ਸੁਰੱਖਿਅਤ ਜਾਣ ਦਾ ਮੌਕਾ ਦਿੱਤਾ ਕਿ ਰਾਹ ਪੱਧਰਾ ਕਰ ਲਿਆ। ਸ਼ਾਮ ਹੋ ਚੁੱਕੀ ਸੀ। ਸਿੰਘ ਖਿੰਡ-ਪੁੰਡ ਚੁੱਕੇ ਸਨ। ਰਾਤ ਪੈ ਜਾਣ ਤੇ ਅਬਦਾਲੀ ਆਪਣੇ ਕੁਝ ਸਾਲਾਰਾਂ ਨੂੰ ਸਿੰਘਾਂ ਦਾ ਪਿੱਛਾ ਕਰਨ ਲਈ ਛੱਡ ਗਿਆ ਅਤੇ ਆਪ ਮਲੇਰਕੋਟਲਾ ਚਲਾ ਗਿਆ। ਅਹਿਮਦ ਸ਼ਾਹ ਦੇ ਸਲਾਰਾਂ ਨੇ ਵੀ ਸਿੰਘਾਂ ਦਾ ਬਹੁਤੀ ਦੇਰੀ ਪਿੱਛਾ ਨਾ ਕੀਤਾ। ਖਿੰਡੇ ਪੁੰਡੇ ਸਿੰਘ ਰਾਤੋ ਰਾਤ ਪਿੰਡਾਂ ਵਿਚ ਦੀ ਕਈ ਜਥਿਆਂ ਤੇ ਇਕੱਲੇ ਦੁਕੱਲੇ ਬਰਨਾਲਾ ਪਹੁੰਚ ਗਏ। ਜਿੱਥੇ ਆਲਾ ਸਿੰਘ ਕੋਲ ਜਾ ਠਹਿਰੇ।



ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ ਜੋ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦ ਹੋਣ ਦਾ ਨਿਸ਼ਚਾ ਰੱਖਿਆ। ਇਸ ਵੱਡੇ ਘੱਲੂਘਾਰੇ ਦੀ ਜੰਗ ਵਿਚ 30,000 ਸਿੰਘ ਇਕ ਹੀ ਦਿਨ ਵਿਚ ਸ਼ਹੀਦ ਹੋਏ। ਫਿਰ ਵੀ ਤੁਰਕਾਂ ਨੇ ਜਾਣ ਲਿਆ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ।

ਇਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਕਾਬਲ ਵਿਚ ਉੱਠੇ ਝਗੜਿਆਂ ਕਾਰਨ ਪੰਜਾਬ ਤੇ ਹੋਰ ਹੱਲੇ ਨਾ ਕੀਤੇ। ਸਿੰਘਾਂ ਨੇ 1763 ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ ਤੇ ਕਬਜਾ ਕਰ ਲਿਆ। ਹੁਣ ਕਰਨਾਲ ਤੋਂ ਲੈ ਕੇ ਵਜੀਰਾਬਾਦ ਗੁਜਰਾਤ ਤੱਕ ਸਿੰਘਾਂ ਦਾ ਅਧਿਕਾਰ ਸਥਾਪਤ ਹੋ ਚੁੱਕਾ ਸੀ। ਮੁਗਲ ਅਤੇ ਅਫ਼ਗਾਨ ਫੌਜਦਾਰ ਸਿੰਘਾਂ ਦੀ ਈਨ ਮੰਨਣ ਲੱਗ ਪਏ ਕਿ ਉਹ ਲੜ ਕੇ ਥੱਕ ਚੁੱਕੇ ਸਨ। ਸਿੰਘਾਂ ਨੇ ਜੈਨ ਖਾਨ ਸਰਹਿੰਦ ਤੇ ਹਮਲਾ ਕੀਤਾ ਅਤੇ ਉਸ ਤੋਂ 50,000 ਸਲਾਨਾ ਦੀ ਰਾਖੀ ਵਸੂਲ ਕੀਤੀ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਭਜਾ ਦਿੱਤਾ। ਇਸ ਤਰ੍ਹਾਂ ਘੱਲੂਘਾਰਿਆਂ ਦੀਆਂ ਸ਼ਹੀਦੀਆਂ ਅਤੇ ਜਿੱਤਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ। ਜਿਨ੍ਹਾਂ ਨੇ ਸਿੱਖ ਸੰਘਰਸ਼ ਤੋਂ ਖ਼ਾਲਸਾ ਰਾਜ ਤੱਕ ਦੀਆਂ ਨੀਂਹਾਂ ਪੱਕੀਆਂ ਕੀਤੀਆਂ।

ਸਿੱਖ ਧਰਮ ਦੀ ਮੌਲਿਕ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲਿਆਂਦਾ, ਸਮਾਜ ਨੂੰ ਅਧਿਆਤਮਕ ਤੌਰ ’ਤੇ ਨਾਮ ਜਪਣ, ਕ੍ਰਿਤ ਕਰਨ ਅਤੇ ਵੰਡ ਛਕਣ ਦੇ ਬੁਨਿਆਦੀ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਵਿਚ ਰਹਿ ਕੇ ਜਿਊਣ ਦੀ ਜਾਚ ਸਿਖਾਈ। ਮੀਰੀ ਪੀਰੀ ਦੇ ਸੰਤ ਸਿਪਾਹੀ ਸਿਧਾਂਤ ਨਾਲ ਵੀ ਜੋੜਿਆ। ਸਿੱਖ ਕੌਮ ਵਿਚ ਧਾਰਮਿਕ ਅਤੇ ਰਾਜਸੀ ਚੇਤਨਾ ਆਈ। ਅੰਮ੍ਰਿਤ ਦੀ ਦਾਤ ਨੇ ਫੌਜੀ ਖ਼ਾਲਸਾ ਤਿਆਰ ਕੀਤਾ। ਜਿਸ ਨੇ ਧਰਮ ਯੁੱਧ ਵਿੱਚ ਲਾਸਾਨੀ ਸ਼ਹੀਦੀਆਂ ਦਰਜ ਕੀਤੀਆਂ। ਸਿੰਘਾਂ ਵਿਚ ਨਿਸ਼ਚੇ ਕਰ ਆਪਣੀ ਜੀਤ ਕਰੂੰ ਦਾ ਜੋਸ਼ ਭਰਿਆ। ਹਰ ਮੈਦਾਨੇ ਜੰਗ ਵਿਚ ਖ਼ਾਲਸਾ ਜਾਹੋ ਜਲਾਲ ਨਾਲ ਲੜਿਆ,

(ਬਾਕੀ ਸਫ਼ਾ 31 ’ਤੇ)






# ਆਨਲਾਈਨ ਹਿੰਸਕ ਗੇਮ ਖੇਡਣ ਵਾਲੇ ਬੱਚੇ ਮਨੋਵਿਗਿਆਨਕ ਤੌਰ 'ਤੇ ਹੁੰਦੇ ਨੇ ਹਿੰਸਕ



ਗੌਰਵ

ਆਨਲਾਈਨ ਗੇਮਿੰਗ ਦੀ ਲਤ ਪਿਛਲੇ ਕੁਝ ਸਾਲਾਂ ਵਿੱਚ ਲਗਾਤਾਰ ਫੈਲ ਕੇ ਸਮੱਸਿਆ ਬਣ ਗਈ ਹੈ। ਫੋਰਟਨਾਈਟ, ਵਰਲਡ ਆਫ਼ ਵਾਰਕ੍ਰਾਫਟ ਅਤੇ ਕਾਲ ਆਫ਼ ਡਿਊਟੀ, ਪਬ ਜੀ ਆਦਿ ਖੇਡਾਂ ਨਾਲ ਦੁਨੀਆਂ ਭਰ ਦੇ ਲੱਖਾਂ ਲੋਕ ਜੁੜ ਚੁੱਕੇ ਹਨ ਅਤੇ ਇਸ ਗੇਮਿੰਗ ਦੀ ਦੁਨੀਆ ਵਿੱਚ ਹਰ ਰੋਜ਼ ਨਵੀਆਂ ਗੇਮਾਂ ਆਉਂਦੀਆਂ ਰਹਿੰਦੀਆਂ ਹਨ। ਹਾਲਾਂਕਿ ਬਹੁਤ ਸਾਰੇ ਲੋਕ ਸੰਜਮ ਨਾਲ ਵੀਡੀਓ ਗੇਮਾਂ ਖੇਡਣ ਦਾ ਮਜ਼ਾ ਲੈਂਦੇ ਹਨ, ਪਰ ਕੁਝ ਵਿਅਕਤੀ ਆਪਣੀਆਂ ਗੇਮਿੰਗ ਆਦਤਾਂ ਨੂੰ ਨਿਯੰਤਰਿਤ ਕਰਨ 'ਚ ਅਸਮਰੱਥ ਮਹਿਸੂਸ ਕਰਦੇ ਹਨ, ਜਿਸ ਦਾ ਉਨ੍ਹਾਂ ਦੇ ਜੀਵਨ ਅਤੇ ਵਿੱਤੀ ਸਥਿਤੀ 'ਤੇ ਬਹੁਤ ਨਕਾਰਾਤਮਿਕ ਅਸਰ ਪੈਂਦਾ ਹੈ।ਮੌਜੂਦਾ ਸਮੇਂ 'ਚ ਬੱਚੇ ਆਨਲਾਈਨ ਗੇਮਿੰਗ ਦਾ ਸ਼ਿਕਾਰ ਹੋ ਰਹੇ ਹਨ। ਬੱਚੇ ਅਕਸਰ ਆਪਣੇ ਮਾਪਿਆਂ ਦੇ ਕਹਿਣ ਤੋਂ ਉਲਟ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਜੇਕਰ ਬੱਚਿਆਂ ਨੂੰ ਗੇਮ ਖੇਡਣ ਤੋਂ ਰੋਕਿਆ ਜਾਵੇ ਤਾਂ ਉਹ ਹਿੰਸਕ ਹੋਣ ਲੱਗਦੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਬੱਚੇ ਇਨ੍ਹਾਂ ਖੇਡਾਂ ਦੇ ਆਦੀ ਹੋਣ ਕਾਰਨ ਹਮਲਾਵਰ ਹੋ ਜਾਂਦੇ ਹਨ। ਉਨ੍ਹਾਂ ਦਾ ਆਪਣੀਆਂ ਭਾਵਨਾਵਾਂ 'ਤੇ ਕੰਟਰੋਲ ਖਤਮ ਹੋ ਜਾਂਦਾ ਹੈ। ਚੰਗੇ-ਮਾੜੇ ਦੀ ਪਛਾਣ ਨਹੀਂ ਕਰ ਪਾਉਂਦੇ। ਇਨ੍ਹਾਂ ਖੇਡਾਂ ਦੇ ਨਾਇਕਾਂ ਦੇ 'ਐਕਸ਼ਨ' ਅਕਸਰ ਹਿੰਸਾ ਨਾਲ ਭਰੇ ਹੁੰਦੇ ਹਨ। ਉਨ੍ਹਾਂ ਦੇ ਹੱਥਾਂ 'ਚ ਬੰਦੂਕ ਅਤੇ ਪਿਸਤੌਲ ਹੁੰਦੇ ਹਨ ਅਤੇ ਕਿਸੇ ਨੂੰ ਵੀ ਉਡਾ ਦਿੰਦੇ ਹਨ। ਜਦੋਂ ਬੱਚੇ ਲਗਾਤਾਰ ਇਹ ਗੇਮਾਂ ਖੇਡਦੇ ਹਨ ਤਾਂ ਉਨ੍ਹਾਂ ਨੂੰ ਆਦਤ ਪੈ ਜਾਂਦੀ ਹੈ।

ਆਦਤਾਂ ਆਸਾਨੀ ਨਾਲ ਨਹੀਂ ਛੱਡ ਹੁੰਦੀਆਂ। ਅਜਿਹੇ 'ਚ ਜੋ ਵੀ ਉਨ੍ਹਾਂ ਨੂੰ ਗੇਮਾਂ ਖੇਡਣ ਤੋਂ ਰੋਕਦਾ ਹੈ, ਉਹ ਜਾਂ ਤਾਂ ਉਸ ਨੂੰ ਖ਼ਤਮ ਕਰਨ ਬਾਰੇ ਸੋਚਦੇ ਹਨ ਜਾਂ ਆਪਣੀ ਜਾਨ ਦੇ ਦਿੰਦੇ ਹਨ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਕਿ ਕਈ ਵਾਰ ਘਰ ਦੇ ਵੱਡੇ ਲੋਕ ਵੀ ਅਜਿਹੀ ਖੇਡ ਖੇਡਦੇ ਹਨ। ਬੱਚੇ ਜਦੋਂ ਉਨ੍ਹਾਂ ਨੂੰ ਅਜਿਹਾ ਕਰਦਿਆਂ ਦੇਖਦੇ ਹਨ, ਤਾਂ ਬੱਚੇ ਵੀ ਇਨ੍ਹਾਂ ਖੇਡਾਂ ਨੂੰ ਖੇਡਣਾ ਚਾਹੁੰਦੇ ਹਨ। ਉਹ ਪਹਿਲਾਂ ਲੁਕ-ਲੁਕ ਕੇ, ਫਿਰ ਖੁੱਲ੍ਹੇਆਮ ਗੇਮਾਂ ਖੇਡਣ ਲੱਗਦੇ ਹਨ। ਮਾਤਾ-ਪਿਤਾ ਦੀ ਅਣਦੇਖੀ ਵੀ ਇਸ ਦਾ ਵੱਡਾ ਕਾਰਨ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਅੱਜਕੱਲ੍ਹ ਦੀਆਂ ਗੇਮਾਂ ਕਾਫੀ ਹਮਲਾਵਰ ਹੁੰਦੀਆਂ ਹਨ, ਜੋ ਬੱਚੇ ਇਨ੍ਹਾਂ ਨੂੰ ਖੇਡਦੇ ਹਨ ਉਹ 'ਰਿਐਲਿਟੀ' ਅਤੇ 'ਵਰਚੁਅਲ' ਦੁਨੀਆਂ ਦਰਮਿਆਨ ਫ਼ਰਕ ਨਹੀਂ ਕਰ ਸਕਦੇ ਅਤੇ ਖੁਦ ਨੂੰ ਉਸ ਵਰਚੁਅਲ ਦੁਨੀਆ ਦਾ ਹੀ ਹਿੱਸਾ ਮੰਨ ਲੈਂਦੇ ਹਨ। ਇਸ ਦੇ ਲਈ ਮਾਪੇ, ਖਾਣ-ਪੀਣ, ਲਾਈਫ ਸਟਾਈਲ ਅਤੇ ਦੋਸਤ ਵੀ ਜ਼ਿੰਮੇਵਾਰ ਹਨ। ਇੱਕ ਪਾਸੇ ਤਾਂ ਅਸੀਂ ਮੰਗ ਕਰਦੇ ਹਾਂ ਕਿ ਬੱਚਿਆਂ ਨੂੰ ਅਜਿਹੀਆਂ ਗੱਲਾਂ ਤੋਂ ਦੂਰ ਰੱਖੋ, ਜੋ ਉਨ੍ਹਾਂ ਨੂੰ ਹਿੰਸਕ ਬਣਾਉਂਦੀਆਂ ਹਨ, ਪਰ ਵਪਾਰ ਅਤੇ ਬਾਜ਼ਾਰ ਉਨ੍ਹਾਂ ਨੂੰ ਅਜਿਹੇ ਖਿਡੌਣੇ ਅਤੇ ਆਨਲਾਈਨ ਖੇਡਾਂ ਉਪਲਬਧ ਕਰਵਾਉਂਦਾ ਹੈ, ਜੋ ਹਿੰਸਾ ਨਾਲ ਭਰੇ ਪਏ ਹਨ। ਇੱਕ ਅੰਦਾਜ਼ੇ ਅਨੁਸਾਰ ਆਨਲਾਈਨ ਖੇਡਾਂ ਦਾ ਕਾਰੋਬਾਰ ਇਸ ਸਾਲ ਦੇ ਅਖੀਰ ਤੱਕ 11,900 ਕਰੋੜ ਡਾਲਰ ਦਾ ਹੋ ਜਾਏਗਾ ਅਤੇ ਦੁਨੀਆਂ ਭਰ 'ਚ 2025 ਤੱਕ ਇਹ ਕਾਰੋਬਾਰ 12,205 ਕਰੋੜ ਤੋਂ ਵੱਧ ਅਮਰੀਕੀ ਡਾਲਰ ਹੋਣ ਦੀ ਸੰਭਾਵਨਾ ਹੈ। ਭਾਰਤ 'ਚ ਆਨਲਾਈਨ ਖੇਡਾਂ ਦਾ ਕਾਰੋਬਾਰ ਲਗਭਗ 29 ਲੱਖ ਅਮਰੀਕੀ ਡਾਲਰ ਦਾ ਹੈ।

ਹਿੰਸਕ ਵਿਵਹਾਰ ਬੱਚਿਆਂ ਦੀ ਦਿਮਾਗੀ ਸਿਆਣਪ ਨੂੰ ਕਾਫ਼ੀ ਹੱਦ ਤਕ ਖ਼ਤਮ ਕਰ ਸਕਦਾ ਹੈ। ਬੱਚਿਆਂ ਦੇ ਹਿੰਸਕ ਵਿਵਹਾਰ ਦੇ ਕਈ ਕਾਰਨ ਹੋ ਸਕਦੇ ਹਨ ਅਤੇ ਭਵਿੱਖ 'ਚ ਇਸ ਦੇ ਗੰਭੀਰ ਨਤੀਜੇ ਵੀ ਹੋ ਸਕਦੇ ਹਨ। ਇਹ ਹਿੰਸਕ ਵਿਵਹਾਰ ਮੈਡੀਕਲ ਪ੍ਰਾਬਲਮ ਅਤੇ ਲਾਈਫ ਪ੍ਰਾਬਲਮ ਵੱਲ ਇਸ਼ਾਰਾ ਕਰਦੇ ਹਨ, ਇਸ ਲਈ ਮਾਤਾ-ਪਿਤਾ ਨੂੰ ਬੱਚੇ ਦੇ ਹਿੰਸਕ ਵਿਵਹਾਰ ਦਾ ਕਾਰਨ ਜਾਣਨਾ ਚਾਹੀਦਾ ਹੈ ਅਤੇ ਰੋਕਣ ਜਾਂ ਸੁਧਾਰਨ ਲਈ ਉੱਚਿਤ ਕਦਮ ਚੁੱਕਣੇ ਚਾਹੀਦੇ ਹਨ। ਬੱਚਿਆਂ ਦੀ ਉਮਰ ਦੇ ਆਧਾਰ 'ਤੇ ਉਨ੍ਹਾਂ ਦਾ ਹਿੰਸਕ ਵਿਵਹਾਰ ਕਿਸੇ ਨੂੰ ਮਾਰਨ, ਚੀਕਣ, ਗੱਲ-ਗੱਲ 'ਤੇ ਗੁੱਸਾ ਹੋਣ ਵਰਗੀਆਂ ਅਪਰਾਧਿਕ ਹਰਕਤਾਂ ਕਰਨ ਵਾਲਾ ਵੀ ਹੋ ਸਕਦਾ ਹੈ।

ਬੱਚਿਆਂ ਦੇ ਸਾਹਮਣੇ ਆਉਣ ਵਾਲੇ ਕੁਝ ਕਾਰਕ ਉਨ੍ਹਾਂ ਦੇ ਹਿੰਸਕ ਵਿਵਹਾਰ ਨੂੰ ਹੋਰ ਵੀ ਵਧਾ ਸਕਦੇ ਹਨ। ਜਦੋਂ ਵੀ ਮਾਤਾ-ਪਿਤਾ ਜਾਂ ਹੋਰ ਘਰ ਦੇ ਮੈਂਬਰ ਦੇਖਣ ਕਿ ਉਨ੍ਹਾਂ ਦਾ ਬੱਚਾ ਜਾਂ ਭਰਾ-ਭੈਣ ਦਾ ਬੱਚਾ ਹਿੰਸਕ ਵਿਵਹਾਰ ਕਰ ਰਿਹਾ ਹੈ ਤਾਂ ਉਸ ਨੂੰ ਤੁਰੰਤ ਕਿਸੇ ਮੈਂਟਲ ਹੈਲਥ ਐਕਸਪਰਟ ਕੋਲ ਲੈ ਜਾਣਾ ਚਾਹੀਦਾ ਹੈ। ਕਿਸੇ ਪ੍ਰੋਫੈਸ਼ਨਲ ਡਾਕਟਰ ਵੱਲੋਂ ਕੀਤਾ ਗਿਆ ਇਲਾਜ ਉਸ ਦੇ ਵਿਵਹਾਰ ਨੂੰ ਦੂਰ ਕਰਨ 'ਚ ਮਦਦ ਕਰ ਸਕਦਾ ਹੈ। ਬੱਚਿਆਂ ਨੂੰ ਮੈਂਟਲ ਹੈਲਥ ਐਕਸਪਰਟ ਵਲੋਂ ਗੁੱਸੇ 'ਤੇ ਕੰਟਰੋਲ ਕਰਨਾ, ਮਨ ਦੀਆਂ ਗੱਲਾਂ ਨੂੰ ਦੱਸਣਾ, ਸੰਘਰਸ਼ ਕਰਨਾ, ਨਾਂਹ-ਪੱਖੀ ਗੱਲਾਂ ਨੂੰ ਦੂਰ ਕਰਨਾ, ਹਾਂ-ਪੱਖੀ ਗੱਲਾਂ ਬਾਰੇ ਸੋਚਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।



# ਬੱਚਿਆਂ ਨੂੰ ਸਿਖਾਓ ਨੈਤਿਕ ਕਦਰਾਂ-ਕੀਮਤਾਂ

ਮੁਕੇਸ਼ ਵਰਮਾ

ਨੈਤਿਕਤਾ ਦਾ ਸਾਡੇ ਜੀਵਨ 'ਚ ਬਹੁਤ ਵੱਡਾ ਸਥਾਨ ਹੈ। ਅੱਜ-ਕੱਲ੍ਹ ਇਹ ਗੱਲ ਆਮ ਹੀ ਸੁਣਨ ਨੂੰ ਮਿਲ ਜਾਂਦੀ ਹੈ ਕਿ ਹੁਣ ਨੈਤਿਕਤਾ ਬਚੀ ਹੀ ਕਿੱਥੇ ਹੈ ? ਪੂਰਬੀ ਤੇ ਪੱਛਮੀ ਵਿਚਾਰਾਂ ਦੇ ਮਿਲਗੋਭੇ ਕਾਰਨ ਬੱਚਿਆਂ ਵਿੱਚੋਂ ਜਿੱਥੇ ਨੈਤਿਕਤਾ ਵਿਸਰੀ ਹੈ, ਉੱਥੇ ਆਪ-ਹੁਦਰਾਪਣ, ਬਦਸਲੂਕੀ ਤੇ ਚਰਿੱਤਰਹੀਣਤਾ ਆਦਿ ਦੀ ਵਿਆਪਕਤਾ ਹੋਈ ਹੈ। 'ਵਿੱਦਿਆ' ਸ਼ਬਦ ਦਾ ਅਰਥ ਹੈ 'ਜਾਣਨਾ'। ਗਿਆਨ ਪ੍ਰਾਪਤ ਕਰਨ ਲਈ ਜਾਣਨ ਦੀ ਇੱਛਾ ਰੱਖਣ ਵਾਲੇ ਵਿਅਕਤੀ ਨੂੰ ਵਿਦਿਆਰਥੀ ਕਿਹਾ ਜਾਂਦਾ ਹੈ। ਵਿਦਿਆਰਥੀ ਜੀਵਨ 'ਚ ਬੱਚਾ ਵਿਵਹਾਰ ਪੱਕ ਜਾਣ ਤੋਂ ਬਾਅਦ ਸਿੱਖਣ ਨਾਲੋਂ ਛੋਟੇ ਹੁੰਦਿਆਂ ਸਿੱਖਣ 'ਚ ਜ਼ਿਆਦਾ ਸਮਰੱਥ ਹੁੰਦਾ ਹੈ।

ਨੈਤਿਕ ਮੁੱਲਾਂ ਨੂੰ ਅੰਗਰੇਜ਼ੀ 'ਚ 'ਐਥੀਕਲ ਜਾਂ ਮੋਰਲ ਵੈਲਿਊਜ਼' ਕਿਹਾ ਜਾਂਦਾ ਹੈ, ਜਿਸ ਦਾ ਅਰਥ ਚੰਗਾ ਆਚਰਨਿਕ ਸੁਭਾਅ ਜਾਂ ਨੈਤਿਕ ਕਦਰਾਂ-ਕੀਮਤਾਂ ਹੈ। ਨੈਤਿਕ ਮੁੱਲ ਉਹ ਹੁੰਦੇ ਹਨ, ਜੋ ਮਨੁੱਖ ਦੀ ਆਤਮਾ ਅਨੁਸਾਰ ਵਿਵਹਾਰ ਦੇ ਉਚਿਤ ਢੰਗਾਂ ਦਾ ਪ੍ਰਦਰਸ਼ਨ ਕਰਦੇ ਹਨ ਤੇ ਨੈਤਿਕਤਾ ਉਨ੍ਹਾਂ ਨਿਯਮਾਂ ਨੂੰ ਅਪਣਾਉਣਾ ਹੈ, ਜਿਨ੍ਹਾਂ ਨਿਯਮਾਂ ਦੀ ਪ੍ਰਵਾਨਗੀ ਸਮਾਜ ਦੁਆਰਾ ਉੱਚਿਤ ਤੇ ਅਣ-ਉੱਚਿਤ ਭਾਵਨਾ ਦੇ ਆਧਾਰ 'ਤੇ ਮਿਲਦੀ ਹੈ। ਇਸ ਤਰ੍ਹਾਂ ਨੈਤਿਕ ਕਦਰਾਂ-ਕੀਮਤਾਂ ਮਨੁੱਖੀ ਆਚਰਨ ਨਾਲ ਸਬੰਧਿਤ ਉਹ ਸਿਧਾਂਤ ਹਨ, ਜੋ ਉਸ ਦੇ ਜੀਵਨ ਦੀ ਸ੍ਰੇਸ਼ਠ ਅਗਵਾਈ ਕਰਦੇ ਹਨ। ਨੀਤੀ ਜਾਂ ਨੈਤਿਕ ਸਿੱਖਿਆ ਦੀ ਲੋੜ ਨੂੰ ਵੇਖਦਿਆਂ ਪੁਰਾਤਨ ਭਾਰਤੀ ਵਿਦਵਾਨਾਂ ਨੇ ਕਈ ਨੀਤੀ ਸ਼ਾਸਤਰ ਰਚੇ, ਜਿਨ੍ਹਾਂ ਵਿੱਚੋਂ ਤਿੰਨ ਅੱਜ ਵੀ ਪ੍ਰਮੁੱਖ ਤੌਰ 'ਤੇ ਵਿਚਾਰੇ ਜਾਂਦੇ ਹਨ- ਭਰਥਰੀ ਹਰੀ ਦਾ ਨੀਤੀ ਸ਼ਾਸਤਰ, ਚਾਣਕਿਆ ਦਾ ਨੀਤੀ ਸ਼ਾਸਤਰ ਤੇ ਵਿਦੁਰ ਦਾ ਨੀਤੀ ਸ਼ਾਸਤਰ। ਇਨ੍ਹਾਂ ਸ਼ਾਸਤਰਾਂ ਅਨੁਸਾਰ ਨੈਤਿਕਤਾ ਹੀ ਸੰਪੂਰਨ ਮਾਨਵਤਾ ਦਾ ਸ਼ਿੰਗਾਰ ਹੈ ਕਿਉਂਕਿ ਨੈਤਿਕਤਾ ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ ਤੇ ਅਨੈਤਿਕਤਾ ਪਸ਼ੂ। ਇਸੇ ਕਾਰਨ ਮਨੁੱਖੀ ਜੀਵਨ 'ਚ ਆਤਮਿਕ ਤੇ ਆਚਰਨਿਕ ਸੰਤੁਲਨ ਲਈ ਨੈਤਿਕ ਸਿੱਖਿਆ ਅਤਿ ਲੋੜੀਂਦੀ ਹੈ।



**ਨੈਤਿਕਤਾ ਦੀ ਸੋਝ**

ਬੱਚਿਆਂ ਦੇ ਵਿਕਾਸ 'ਚ ਘਰੇਲੂ ਅਤੇ ਬਾਹਰੀ ਪ੍ਰਭਾਵ ਬਹੁਤ ਅਸਰ ਕਰਦੇ ਹਨ। ਭਾਵੇਂ ਅਸੀ ਆਪਣੇ ਬੱਚਿਆਂ ਨੂੰ ਘਰ 'ਚ ਵਧੀਆ ਮਾਹੌਲ ਦੇ ਕੇ ਉਨ੍ਹਾਂ ਨੂੰ ਨੈਤਿਕਤਾ ਦੀ ਸੋਝੀ ਦੇਣ ਦਾ ਯਤਨ ਕਰਦੇ ਹੋ ਪਰ ਬੱਚੇ ਦੇ ਸਮੁੱਚੇ ਵਿਕਾਸ ਤੇ ਕਦਰਾਂ-ਕੀਮਤਾਂ ਭਰਪੂਰ ਜੀਵਨ ਜਾਚ ਸਿੱਖਣ ਲਈ ਉਨ੍ਹਾਂ ਦਾ ਸਮਾਜ ਵਿਚ ਵਿਚਰਨਾ ਬਹੁਤ ਜ਼ਰੂਰੀ ਹੈ।

**ਇਮਾਨਦਾਰੀ ਤੇ ਸੱਚਾਈ**

ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਦਿਆਂ ਸਾਨੂੰ ਸੱਚ ਤੇ ਇਮਾਨਦਾਰੀ ਤੇ ਰਸਤੇ 'ਤੇ ਚੱਲਣਾ ਚਾਹੀਦਾ ਹੈ ਕਿਉਂਕਿ ਬਚਪਨ ਤੋਂ ਹੀ ਸੱਚਾਈ 'ਤੇ ਅਡੋਲ ਰਹਿਣ ਵਾਲੇ ਵਿਅਕਤੀਆਂ ਦੇ ਜੀਵਨ 'ਚ ਅੱਗੋਂ ਵੀ ਇਮਾਨਦਾਰੀ ਤੇ ਭਲਾਈ ਵਰਗੇ ਮੁੱਲ ਜੁੜਦੇ ਜਾਂਦੇ ਹਨ ਪਰ ਝੂਠ, ਚੋਰੀ ਤੇ ਬੇਈਮਾਨੀ ਦਾ ਸਹਾਰਾ ਲੈ ਕੇ ਜੀਵਨ ਜਿਊਣ ਵਾਲੇ ਵਿਅਕਤੀਆਂ ਦੇ ਆਤਮਿਕ ਜਾਂ ਨੈਤਿਕ ਜੀਵਨ ਦਾ ਨਿਘਾਰ ਇੰਨੇ ਹੇਠਲੇ ਪੱਧਰ ਤੱਕ ਚਲਾ ਜਾਂਦਾ ਹੈ ਕਿ ਉਸ ਵਿੱਚੋਂ ਮੁੜ ਉੱਚਾ ਉੱਠਣਾ ਅਸੰਭਵ ਹੋ ਜਾਂਦਾ ਹੈ। ਇੱਕ ਝੂਠ ਨੂੰ ਛੁਪਾਉਣ ਲਈ ਅਨੇਕਾਂ ਝੂਠ ਤੇ ਫ਼ਿਰ ਉਨ੍ਹਾਂ ਅਨੇਕਾਂ ਝੂਠਾਂ ਨੂੰ ਛੁਪਾਉਣ ਲਈ ਹੋਰ ਅਨੇਕ ਝੂਠ ਬੋਲਣੇ ਪੈਂਦੇ ਹਨ ਜੋ ਮਿਸ਼ਰਤ ਵਿਆਜ ਦੀ ਤਰ੍ਹਾਂ ਵਧਦੇ ਹੀ ਰਹਿੰਦੇ ਹਨ ਤੇ ਮਨੁੱਖ ਨੂੰ ਆਪਣੇ ਵਲ-ਵਲੇਵਿਆਂ 'ਚ ਫ਼ਸਾਈ ਰੱਖਦੇ ਹਨ। ਮਾਨਸਿਕ ਮੁੱਲਾਂ ਤੋਂ ਡਿੱਗੇ ਅਜਿਹੇ ਵਿਅਕਤੀਆਂ ਲਈ ਹੀ ਕਿਹਾ ਗਿਆ ਹੈ ਕਿ ਉਹ ਆਪਣੇ ਝੂਠ ਜਾਂ ਧੋਖੇ ਨੂੰ ਦੁਨੀਆ ਤੋਂ ਤਾਂ ਛੁਪਾ ਲੈਣਗੇ ਪਰ ਕੀ ਉਹ ਉਸ ਨੂੰ ਆਪਣੀ ਆਤਮਾ ਜਾਂ ਜ਼ਮੀਰ ਤੋਂ ਛੁਪਾ ਸਕਦੇ ਹਨ ਅਰਥਾਤ ਉਹ ਆਪਣੇ ਜ਼ਮੀਰ ਵਿੱਚੋਂ ਸੱਚਾਈ ਨੂੰ ਕਦੇ ਓਹਲੇ ਨਹੀਂ ਕਰ ਸਕਦੇ ਭਾਵੇਂ ਕਿੰਨਾ ਪ੍ਰਪੰਚ ਕਰ ਲੈਣ।

**ਸਹਿਯੋਗ ਤੇ ਪਿਆਰ ਦੀ ਭਾਵਨਾ**

ਮਨੁੱਖ ਸਮਾਜਿਕ ਪ੍ਰਾਣੀ ਹੈ। ਇਕੱਲਿਆਂ ਜੀਵਨ ਗੁਜ਼ਾਰਨਾ ਕਿਸੇ ਲਈ ਸੰਭਵ ਨਹੀਂ। ਹਰ ਵਿਅਕਤੀ ਨੂੰ ਜੀਵਨ 'ਚ ਹੋਰ ਲੋਕਾਂ ਦੀ ਮਦਦ ਅਤੇ ਮੇਲ-ਜੋਲ ਦੀ ਲੋੜ ਪੈਂਦੀ ਹੈ। ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ ਸਹਿਯੋਗ ਤੇ ਪਿਆਰ ਦੀ ਭਾਵਨਾ ਬਣਾ ਕੇ ਹਰ ਵਿਅਕਤੀ ਆਪਣੇ ਸਮਾਜ ਵਿਚ ਆਪਣੇ-ਆਪ ਨੂੰ ਢਾਲਦਾ ਹੈ।

**ਸੱਚਾਈ ਤੱਕ ਪਹੁੰਚਣ 'ਚ ਮਦਦ ਕਰਦਾ ਗਿਆਨ**

ਗਿਆਨ ਵਿਅਕਤੀ ਨੂੰ ਸੱਚਾਈ ਤੱਕ ਪਹੁੰਚਣ 'ਚ ਮਦਦ ਕਰਦਾ ਹੈ। ਸੂਝ ਤੇ ਗਿਆਨ ਦੀ ਪ੍ਰਾਪਤੀ ਦਾ ਸਭ ਤੋਂ ਵਧੀਆ ਸਾਧਨ ਵਿੱਦਿਆ ਪ੍ਰਾਪਤੀ ਹੈ। ਵਿੱਦਿਆ ਪ੍ਰਾਪਤੀ ਦੇ ਮੰਤਵ ਨਾਲ ਵਿੱਦਿਅਕ ਸੰਸਥਾਵਾਂ ਵਿੱਚ ਆਏ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਇਨ੍ਹਾਂ ਚਰਿੱਤਰਾਤਮਿਕ ਜਾਂ ਮਾਨਸਿਕ ਮੁੱਲਾਂ ਨੂੰ ਅਪਣਾਉਣ ਲਈ ਹਮੇਸ਼ਾ ਸੁਚੇਤ ਤੇ ਯਤਨਸ਼ੀਲ ਰਹਿਣਾ ਚਾਹੀਦਾ ਹੈ। ਕਰਤੱਵ ਪਾਲਣ, ਭਲੇ ਕੰਮ ਕਰਨੇ, ਦੂਜਿਆਂ ਦੀ ਸਹਾਇਤਾ ਕਰਨੀ, ਆਚਰਨ ਦੀ ਪਵਿੱਤਰਤਾ ਰੱਖਣੀ ਆਦਿ ਸਦਗੁਣ ਵਿਦਿਆਰਥੀਆਂ ਨੂੰ ਨੈਤਿਕ ਤੇ ਆਤਮਿਕ ਬਲ ਪ੍ਰਦਾਨ ਕਰਦੇ ਹਨ।

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT

MAJOR NETWORK OF TRUCK STOPS

## FUEL CARDS

NO CREDIT - NO PROBLEM

BEST CUSTOMER SERVICE




FLEET ONE FACTORING

WE WANT TO MAKE FACTORING EASY FOR YOU

SAME-DAY FUNDING - NO HIDDEN FEES

COMPETITIVE RATES - 97% ADVANCE RATE

## YOU BREAK DOWN

WE SHOW UP

24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT

NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP


CALL FOR MORE INFO

(855)641-6955, (888)795-7035

ਪੰਜਾਬੀ ਕਹਾਣੀ

ਹਰਜੀਤ ਸਿੰਘ

# ਕਰਮਾਂ ਵਾਲੇ



"ਸੁਣਾਉ ਕੀ ਹਾਲ ਹੈ, ਸਭ ਤੋਂ ਪਹਿਲਾਂ ਇਹ ਦੱਸੋ ਕਿ ਧੀ ਰਾਣੀ ਦਾ ਕੀ ਹਾਲ ਹੈ?" ਮੇਰਾ ਇਹ ਦੋਸਤ ਮੇਰੀ ਬੇਟੀ ਨੂੰ ਧੀ ਰਾਣੀ ਕਹਿ ਕੇ ਸੰਬੋਧਨ ਕਰਦਾ ਸੀ।

"ਬਹੁਤ ਵਧੀਆ ਹੈ, ਮੈਂ ਨਾਨਾ ਬਣ ਗਿਆ ਹਾਂ। ਦੋਹਤਾ ਹੋਇਆ ਹੈ," ਮੈਂ ਆਖਿਆ।

"ਵਾਹ ਵਾਹ, ਵਧਾਈਆਂ ਵਧਾਈਆਂ। ਮੈਂ ਅੱਜ ਬਹੁਤ ਖ਼ੁਸ਼ ਹਾਂ ਸਗੋਂ ਅੱਜ ਖ਼ੁਸ਼ੀ ਦਾ ਪਾਰਾਵਾਰ ਹੀ ਨਹੀਂ। ਮੇਰੇ ਕੋਲ ਲਫ਼ਜ਼ ਹੀ ਨਹੀਂ ਹਨ। ਮੇਰੀ ਸਮਝ ਤੋਂ ਬਾਹਰ ਹੈ ਕਿ ਖ਼ੁਸ਼ੀ ਦਾ ਇਜ਼ਹਾਰ ਕਿਵੇਂ ਕਰਾਂ। ਜੇ ਧੀ ਦੇ ਘਰ ਪੁੱਤਰ ਜਨਮ ਲਵੇ ਤਾਂ ਉਸ ਦੀ ਸਹੁਰੇ ਘਰ ਇੱਜ਼ਤ ਬਣ ਜਾਂਦੀ ਹੈ, ਨਹੀਂ ਤਾਂ ਉਸ ਦੀ ਕੋਈ ਕਦਰ ਨਹੀਂ ਹੁੰਦੀ।" ਉਹ ਬੋਲੀ ਜਾ ਰਿਹਾ ਸੀ। ਫਿਰ ਕੁਝ ਸੈਕਿੰਡ ਚੁੱਪ ਕਰਕੇ ਕਹਿਣ ਲੱਗਾ, "ਚੱਲ ਇਹ ਦੱਸ, ਸਾਡੇ ਧੀਆਂ ਪੁੱਤ ਵਿਦੇਸ਼ ਕਿਉਂ ਜਾਂਦੇ ਹਨ? ਇੰਡੀਆ ਅਤੇ ਕੈਨੇਡਾ ਵਿੱਚ ਕੀ ਫ਼ਰਕ ਹੈ?"

"ਸਭ ਤੋਂ ਪਹਿਲਾਂ ਮੈਂ ਇਹ ਦੱਸ ਦਿਆਂ ਕਿ ਮੈਨੂੰ ਭਾਰਤ 'ਤੇ ਮਾਣ ਹੈ। ਇਹ ਮੇਰਾ ਦੇਸ਼ ਹੈ। ਇਸ ਨੇ ਮੈਨੂੰ ਸਭ ਕੁਝ ਦਿੱਤਾ ਹੈ। ਦੂਜਾ, ਕੈਨੇਡਾ ਅਤੇ ਭਾਰਤ ਵਿੱਚ ਫ਼ਰਕ ਸਿਸਟਮ ਦਾ ਹੈ। ਸਾਡਾ ਸਿਸਟਮ ਸਹੀਂ ਨਹੀਂ। ਮਿਸਾਲ ਦੇ ਤੌਰ 'ਤੇ ਆਪਾਂ ਦੋਹਤੇ ਦੀ ਗੱਲ ਕੀਤੀ ਸੀ। ਬਰਥ ਸਰਟੀਫਿਕੇਟ ਲੈਣ ਲਈ ਕਿਸੇ ਦਫ਼ਤਰ ਦੇ ਗੇੜੇ ਨਹੀਂ ਕੱਢਣੇ ਪਏ। ਘਰੋਂ ਹੀ ਅਪਲਾਈ ਕੀਤਾ ਅਤੇ ਸਰਟੀਫਿਕੇਟ ਘਰ ਆ ਗਿਆ। ਹੁਣ ਮੈਂ ਤੈਨੂੰ ਇੰਡੀਆ ਦੀ ਕਹਾਣੀ ਸੁਣਾਉਂਦਾ ਹਾਂ। ਇੱਕ ਵਿਅਕਤੀ ਨੇ ਆਪਣਾ ਬੱਚਾ ਸਕੂਲ ਵਿੱਚ ਦਾਖਲ ਕਰਾਉਣਾ ਸੀ। ਬੱਚੇ ਦੇ ਜਨਮ ਸਰਟੀਫਿਕੇਟ ਦੀ ਫੋਟੋ ਕਾਪੀ ਲੈ ਕੇ ਉਹ ਸਕੂਲ ਗਿਆ। ਪ੍ਰਿੰਸੀਪਲ ਨੇ ਅਸਲ ਜਨਮ ਸਰਟੀਫਿਕੇਟ ਦੀ ਮੰਗ ਕੀਤੀ। ਉਹ ਘਰ ਗਿਆ। ਸਾਰਾ ਘਰ ਛਾਣ ਮਾਰਿਆ, ਪਰ ਸਰਟੀਫਿਕੇਟ ਨਾ ਮਿਲਿਆ। ਹਾਰ ਕੇ ਉਸ ਨੇ ਸੋਚਿਆ ਕਿ ਨਵਾਂ ਸਰਟੀਫਿਕੇਟ ਹੀ ਲੈ ਲਵਾਂ। ਉਹ ਸੁਵਿਧਾ ਕੇਂਦਰ ਗਿਆ। ਦੋ ਲੰਮੀਆਂ ਕਤਾਰਾਂ ਲੱਗੀਆਂ ਸਨ। ਪਹਿਲੀ ਕਤਾਰ ਵਿੱਚ ਇੱਕ ਕਰਮਚਾਰੀ ਫਾਰਮ ਦੇ ਰਿਹਾ ਸੀ ਅਤੇ ਦੱਸ ਰਿਹਾ ਸੀ ਕਿ ਫਾਰਮ ਕਿਵੇਂ ਭਰਨਾ ਹੈ ਅਤੇ ਕਿਹੜੇ ਕਿਹੜੇ ਦਸਤਾਵੇਜ਼ ਨਾਲ ਲਗਾਉਣੇ ਹਨ। ਦੋ ਕੁ ਘੰਟੇ ਬਾਅਦ ਉਸ ਦੀ ਵਾਰੀ ਆਈ। ਉਸ ਨੇ ਫਾਰਮ ਲਿਆ। ਲੋੜੀਂਦੇ ਦਸਤਾਵੇਜ਼ ਲੈਣ ਘਰ ਗਿਆ। ਜਦੋਂ ਵਾਪਸ ਆਇਆ ਤਾਂ ਫਾਰਮ ਲੈਣ ਦਾ ਸਮਾਂ ਨਿਕਲ ਚੁੱਕਾ ਸੀ। ਫਿਰ ਦੂਸਰੇ ਦਿਨ (ਅ)ਸੁਵਿਧਾ ਕੇਂਦਰ ਗਿਆ। ਦੋ ਕੁ ਘੰਟੇ ਬਾਅਦ ਉਸ ਦੀ ਵਾਰੀ ਆਈ। ਰਸੀਦ ਦੇ ਕੇ ਉਸ ਨੂੰ ਮਹੀਨੇ ਕੁ ਬਾਅਦ ਆ ਕੇ ਸਰਟੀਫਿਕੇਟ ਲੈਣ ਲਈ ਕਿਹਾ ਗਿਆ। ਮਹੀਨੇ ਬਾਅਦ ਫਿਰ ਲਾਈਨ ਵਿੱਚ ਲੱਗ ਗਿਆ, ਕਾਫ਼ੀ ਚਿਰ ਬਾਅਦ ਜਦੋਂ ਵਾਰੀ ਆਈ ਤਾਂ ਸਰਟੀਫਿਕੇਟ ਤਿਆਰ ਨਹੀਂ ਸੀ। ਇਸ ਲਈ ਪੰਦਰਾਂ ਦਿਨਾਂ ਬਾਅਦ ਆਉਣ ਦੀ ਹਦਾਇਤ ਹੋਈ। ਅਖੀਰ ਸਰਟੀਫਿਕੇਟ ਮਿਲ ਗਿਆ। ਜਦੋਂ ਘਰ ਜਾ ਕੇ ਉਸ ਨੇ ਪੜ੍ਹਿਆ ਤਾਂ ਪਿਤਾ ਦਾ ਨਾਂ ਗ਼ਲਤ ਲਿਖਿਆ ਸੀ। ਉਹ ਫਿਰ ਸੁਵਿਧਾ ਕੇਂਦਰ ਗਿਆ। ਕਤਾਰ ਵਿੱਚ ਲੱਗਿਆ ਅਤੇ ਆਪਣੀ ਸਮੱਸਿਆ ਦੱਸੀ।

'ਇਸ ਵਿੱਚ ਸਾਡਾ ਕੋਈ ਕਸੂਰ ਨਹੀਂ। ਵਿਭਾਗ ਨੇ ਜਿਹੜਾ ਸਰਟੀਫਿਕੇਟ ਦਿੱਤਾ ਉਹ ਹੀ ਅਸੀਂ ਤੁਹਾਨੂੰ ਦੇ ਦਿੱਤਾ। ਅਸੀਂ ਇਸ ਵਿੱਚ ਕੋਈ ਅਦਲਾ ਬਦਲੀ ਨਹੀਂ ਕਰ ਸਕਦੇ। ਤੁਸੀਂ ਸਬੰਧਿਤ ਵਿਭਾਗ ਕੋਲ ਜਾ ਕੇ ਆਪਣੀ ਸਮੱਸਿਆ ਦਾ ਹੱਲ ਲੱਭੋ,' ਕਰਮਚਾਰੀ ਨੇ ਜਵਾਬ ਦਿੱਤਾ।

ਵੀਹ ਕੁ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਉਹ ਸਬੰਧਿਤ ਦਫ਼ਤਰ ਪਹੁੰਚਿਆ। ਦਫ਼ਤਰੀ ਬਾਊ ਦੇ ਪੇਸ਼ ਹੋਇਆ। ਆਪਣੀ ਸਮੱਸਿਆ ਦੱਸੀ। ਬਾਊ ਜੀ ਨੇ ਰਿਕਾਰਡ ਵੇਖਿਆ। 'ਤੇਰਾ ਸਰਟੀਫਿਕੇਟ ਬਿਲਕੁਲ ਸਹੀ ਹੈ। ਸਾਡੇ ਰਿਕਾਰਡ ਮੁਤਾਬਿਕ ਜਿਹੜਾ ਪਿਉ ਦਾ ਨਾਂ ਹੈ, ਉਹ ਹੀ ਲਿਖਿਆ ਹੈ ਜੋ ਤੂੰ ਕਹਿ ਰਿਹਾ ਏਂ ਉਹ ਨਾਂ ਗ਼ਲਤ ਹੈ,' ਦਫ਼ਤਰੀ ਬਾਊ ਨੇ ਫ਼ੈਸਲਾ ਸੁਣਾ ਦਿੱਤਾ।

'ਆਹ ਵੇਖੋ ਫੋਟੋ, ਤੁਹਾਡੇ ਦਫ਼ਤਰ ਵੱਲੋਂ ਜਿਹੜਾ ਪਹਿਲਾ ਸਰਟੀਫਿਕੇਟ ਜਾਰੀ ਕੀਤਾ ਸੀ। ਇਸ ਵਿੱਚ ਮੇਰਾ ਨਾਂ ਸਹੀ ਹੈ, ਹੁਣ ਗ਼ਲਤ ਕਿਵੇਂ ਹੋ ਗਿਆ। ਜੇਕਰ ਇਹ ਸਰਟੀਫਿਕੇਟ ਨਾ ਗੁਆਚਦਾ ਤਾਂ ਮੈਂ ਕਿਉਂ ਆਉਂਦਾ। ਬਾਊ ਜੀ ਮੇਰੀ ਮਦਦ ਕਰੋ। ਮੇਰੇ ਬੱਚੇ ਦਾ ਸਕੂਲ ਵਿੱਚ ਦਾਖਲਾ ਔਖਾ ਹੋ ਜਾਣਾ ਹੈ।' ਉਸ ਨੇ ਤਰਲਾ ਮਾਰਿਆ।

'ਮੈਂ ਕੁਝ ਨਹੀਂ ਕਰ ਸਕਦਾ। ਤੂੰ ਦਫ਼ਤਰ ਦੇ ਸੁਪਰਡੰਟ ਜਾਂ ਮੁਖੀ ਨੂੰ ਮਿਲ ਲੈ।' ਉਹ ਉਨ੍ਹਾਂ ਨੂੰ ਮਿਲਿਆ, ਪਰ ਗੱਲ ਨਾ ਬਣੀ। ਉਹ ਦਫ਼ਤਰ ਦੇ ਬਾਹਰ ਆ ਗਿਆ ਅਤੇ ਸੋਚੀਂ ਪੈ ਗਿਆ ਕਿ ਕੀ ਕਰਾਂ। ਇੰਨੇ ਚਿਰ ਨੂੰ ਇੱਕ ਵਿਅਕਤੀ ਆਇਆ ਅਤੇ ਕਹਿਣ ਲੱਗਾ, 'ਵੇਖ ਮਿੱਤਰਾ, ਤੇਰਾ ਕੰਮ ਇਸ ਤਰ੍ਹਾਂ ਨਹੀਂ ਬਣਨਾ। ਰੁਪਏ 15000 ਲੱਗਣਗੇ ਤੇ ਕੱਲ੍ਹ ਤੱਕ ਤੇਰਾ ਕੰਮ ਹੋ ਜਾਵੇਗਾ,' ਉਸ ਨੇ ਆਖਿਆ।

'ਪੰਦਰਾਂ ਹਜ਼ਾਰ, ਓ ਭਰਾਵਾ, ਮੈਂ ਗ਼ਰੀਬ ਬੰਦਾ ਹਾਂ, ਮੇਰੇ ਕੋਲ ਏਨੇ ਪੈਸੇ ਨਹੀਂ ਹਨ।'

'ਠੀਕ ਹੈ ਫਿਰ, ਧੱਕੇ ਖਾਂਦਾ ਰਹਿ। ਤੇਰਾ ਕੁਛ ਨਹੀਂ ਬਣਨਾ,' ਇਹ ਕਹਿ ਕੇ ਉਹ ਬੰਦਾ ਤੁਰਦਾ ਬਣਿਆ। ਉਸ ਨੇ ਕੁਝ ਸੈਕਿੰਡ ਸੋਚਿਆ।

'ਗੱਲ ਸੁਣੋ, ਵੀਰ ਜੀ, ਮੈਂ ਸਿਰਫ਼ ਪੰਜ ਹਜ਼ਾਰ ਦਾ ਬੰਦੋਬਸਤ ਕਰ ਸਕਦਾ ਹਾਂ। ਇਸ ਤੋਂ ਜ਼ਿਆਦਾ ਨਹੀਂ।'

'ਤੇਰਾ ਕੰਮ ਪੰਜਾਹ ਹਜ਼ਾਰ ਦਾ ਹੈ, ਮੇਰੇ ਮੂੰਹੋਂ ਪੰਦਰਾਂ ਹਜ਼ਾਰ ਨਿਕਲ ਗਿਆ। ਮੈਂ ਸੋਚਿਆ ਚਲੋ ਗ਼ਰੀਬ ਬੰਦਾ ਲਗਦੈ, ਮਦਦ ਕਰ ਦਿਆਂ। ਜਾਹ ਫਿਰ ਤੁਰ ਕੇ ਮੇਲਾ ਵੇਖ, ਪੰਜ ਹਜ਼ਾਰ ਵਿੱਚ ਕੰਮ ਕਰਾਉਂਦਾ ਫਿਰਦਾ ਹੈ।'

ਉਹ ਉਦਾਸ ਹੋ ਕੇ ਘਰ ਆ ਗਿਆ। ਅਗਲੇ ਦਿਨ ਕਚਹਿਰੀ ਗਿਆ। ਵਕੀਲ ਨੂੰ ਆਪਣੀ ਕਹਾਣੀ ਸੁਣਾਈ।

'ਕੋਈ ਨਾ ਹੋ ਜਾਊ ਮਸਲਾ ਹੱਲ। ਪੰਦਰਾਂ ਹਜ਼ਾਰ ਲੱਗੂ,' ਵਕੀਲ ਨੇ ਆਖਿਆ।

'ਵੇਖੋ ਵਕੀਲ ਸਾਹਿਬ, ਮੈਂ ਗ਼ਰੀਬ ਬੰਦਾ ਹਾਂ। ਏਨੇ ਪੈਸੇ ਮੇਰੇ ਕੋਲ ਨਹੀਂ ਹਨ, ਪਰ ਮੈਂ ਵਾਅਦਾ ਕਰਦਾ ਹਾਂ ਕਿ ਹਰ ਪੇਸ਼ੀ 'ਤੇ ਤਿੰਨ ਹਜ਼ਾਰ ਦਿਆਂਗਾ, ਜਦੋਂ ਤੱਕ ਤੁਹਾਡੇ ਪੈਸੇ ਪੂਰੇ ਨਹੀਂ ਹੋ ਜਾਂਦੇ।' ਵਕੀਲ ਨੇ ਉਸ ਵਿਅਕਤੀ ਵੱਲ ਵੇਖਿਆ, ਹੱਸ ਕੇ ਕਹਿਣ ਲੱਗਾ, 'ਚੱਲ ਤੂੰ ਵੀ ਕੀ ਯਾਦ ਕਰੇਂਗਾ, ਏਦਾਂ ਹੀ ਸਹੀ।'

ਮਾਣਯੋਗ ਜੱਜ ਸਾਹਿਬ ਨੇ ਪਹਿਲੀ ਪੇਸ਼ੀ ਹੀ ਦਫ਼ਤਰ ਦਾ ਰਿਕਾਰਡ ਤਲਬ ਕਰ ਲਿਆ। ਹੁਣ ਦਫ਼ਤਰ ਦੇ ਕਰਮਚਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਨ੍ਹਾਂ ਉਸ ਵਿਅਕਤੀ ਨਾਲ ਸੰਪਰਕ ਕੀਤਾ ਅਤੇ ਕੇਸ ਵਾਪਸ ਲੈਣ ਲਈ ਕਿਹਾ।

'ਤੁਸੀਂ ਆਪਣਾ ਕੇਸ ਵਾਪਸ ਲੈ ਲਉ। ਅਸੀਂ ਤੁਹਾਡਾ ਸਰਟੀਫਿਕਟ ਹੁਣੇ ਹੀ ਬਣਾ ਦਿੰਦੇ ਹਾਂ।'

'ਮੇਰੇ ਦੂਜੇ ਬੱਚੇ ਦੇ ਸਰਟੀਫਿਕੇਟ ਵਿੱਚ ਵੀ ਨਾਂ ਦੀ ਗ਼ਲਤੀ ਹੈ।' ਉਸ ਨੇ ਅਖਿਆ।

'ਉਹ ਵੀ ਠੀਕ ਕਰ ਦਿੰਦੇ ਹਾਂ। ਬੱਸ ਕੇਸ ਵਾਪਸ ਲੈ ਲਉ,' ਦਫ਼ਤਰ ਦੇ ਕਰਮਚਾਰੀ ਨੇ ਆਖਿਆ।

'ਮੈਂ ਵਕੀਲ ਨੂੰ ਪੰਦਰਾਂ ਹਜ਼ਾਰ ਦੇਣੇ ਹਨ। ਉਹ ਮੈਨੂੰ ਦੇ ਦਿਉ। ਮੈਂ ਕੇਸ ਵਾਪਸ ਲੈ ਲਵਾਂਗਾ।' 'ਇਹ ਤਾਂ ਬਹੁਤ ਜ਼ਿਆਦਾ ਹੈ। ਤੁਸੀਂ ਜਾਇਉ ਨਾ, ਸਾਨੂੰ ਸਲਾਹ ਕਰ ਲੈਣ ਦਿਉ,' ਕੁਛ ਚਿਰ ਬਾਅਦ ਇੱਕ ਕਰਮਚਾਰੀ ਨੇ ਆ ਕੇ ਆਖਿਆ, 'ਅਸੀਂ ਤੈਨੂੰ ਪੰਜ ਹਜ਼ਾਰ ਦਿਆਂਗੇ। ਇਹ ਪੈਸੇ ਵਕੀਲ ਨੂੰ ਦੇ ਦੇ, ਦੋਵੇਂ ਸਰਟੀਫਿਕੇਟ ਵੀ ਬਣਾ ਦਿਆਂਗੇ, ਬੱਸ ਕੇਸ ਵਾਪਸ ਲੈ ਲੈ।'

'ਠੀਕ ਹੈ, ਵਕੀਲ ਨਾਲ ਸਲਾਹ ਕਰ ਕੇ ਦੱਸਦਾ ਹਾਂ।' ਉਹ ਫਿਰ ਵਕੀਲ ਕੋਲ ਗਿਆ, ਸਾਰੀ ਕਹਾਣੀ ਬਿਆਨ ਕੀਤੀ। ਵਕੀਲ ਨੇ ਆਖਿਆ, 'ਮੇਰਾ ਕੰਮ ਤੈਨੂੰ ਸਹੀ ਸਰਟੀਫਿਕੇਟ ਲੈ ਕੇ ਦੇਣਾ ਸੀ। ਉਹ ਤੈਨੂੰ ਦਫ਼ਤਰ ਦੇਣ ਲਈ ਤਿਆਰ ਹੈ। ਜਿੱਥੋਂ ਤੱਕ ਮੇਰੀ ਫੀਸ ਦਾ ਸਵਾਲ ਹੈ, ਜਿਹੜੇ ਪੰਜ ਹਜ਼ਾਰ ਤੈਨੂੰ ਦਫ਼ਤਰ ਦੇਣ ਲਈ ਤਿਆਰ ਹੈ, ਉਹ ਲਿਆ ਕੇ ਮੈਨੂੰ ਦੇ ਦੇ। ਤੇਰਾ ਮੇਰਾ ਹਿਸਾਬ ਕਿਤਾਬ ਖ਼ਤਮ। ਮੈਂ ਅਗਲੀ ਪੇਸ਼ੀ ਕੇਸ ਵਾਪਸ ਲੈ ਲਵਾਂਗਾ। ਵੈਸੇ ਮਾਰੇ ਨਾਲੋਂ ਭਜਾਇਆ ਚੰਗਾ ਹੁੰਦਾ ਹੈ।'

ਹੁਣ ਸਰਟੀਫਿਕੇਟ ਲੈਣ ਵਾਲਾ ਵਿਅਕਤੀ, ਦਫ਼ਤਰ ਦਾ ਸਟਾਫ ਅਤੇ ਵਕੀਲ ਸਾਰੇ ਖ਼ੁਸ਼ ਸਨ। ਠੀਕ ਹੈ, ਗ਼ਲਤੀ ਹੋਈ। ਇਹ ਗਲਤੀ ਸਰਟੀਫਿਕੇਟ ਜਾਰੀ ਕਰਨ ਵਾਲਾ ਦਫ਼ਤਰ ਸੁਧਾਰ ਸਕਦਾ ਸੀ, ਪਰ ਦਫ਼ਤਰੀ ਕਰਮਚਾਰੀ ਲਾਲਚ ਵਿੱਚ ਆ ਗਿਆ। ਮਸਲਾ ਕਚਹਿਰੀ ਜਾ ਕੇ ਹੱਲ ਹੋਇਆ ਮੈਨੂੰ ਇਹ ਪਤਾ ਨਹੀਂ ਕਿ ਵਿਕਸਿਤ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਹੈ ਜਾਂ ਨਹੀਂ, ਪਰ ਜੇਕਰ ਹੁੰਦਾ ਵੀ ਹੋਵੇ ਤਾਂ ਇਹ ਆਮ ਆਦਮੀ ਨੂੰ ਪ੍ਰਭਾਵਿਤ ਨਹੀਂ ਕਰਦਾ। ਉਸ ਦੇ ਕੰਮ ਨਿਰਵਿਘਨ ਅਤੇ ਬਿਨਾਂ ਰਿਸ਼ਵਤ ਤੋਂ ਹੁੰਦੇ ਹਨ। ਗ਼ਲਤੀ ਉੱਥੇ ਵੀ ਹੁੰਦੀ ਹੈ, ਪਰ ਸੁਧਾਰੀ ਜਾਂਦੀ ਹੈ। ਜਿਸ ਪੱਧਰ 'ਤੇ ਗ਼ਲਤੀ ਹੁੰਦੀ ਹੈ, ਉੱਥੇ ਹੀ ਸੁਧਾਰ ਲਈ ਜਾਂਦੀ ਹੈ।

ਇੱਕ ਦਿਨ ਮੇਰਾ ਬੇਟਾ ਮੇਰੇ ਪੋਤਰੇ ਦਾ ਪਾਸਪੋਰਟ ਬਣਾਉਣ ਲਈ ਫੋਟੋ ਖਿਚਾਉਣ ਲਈ ਵੇਅਰਹਾਊਸ ਗਿਆ। ਸਵੇਰੇ 10 ਵਜੇ ਗੱਡੀ ਪਾਰਕਿੰਗ 'ਤੇ ਲਗਾਈ। ਫਰੀ ਪਾਰਕਿੰਗ ਦੀ ਮਿਆਦ ਇੱਕ ਘੰਟਾ ਸੀ। ਭਾਵ ਜੇਕਰ ਗੱਡੀ ਲਗਾਤਾਰ ਇੱਕ ਘੰਟੇ ਤੋਂ ਵੱਧ ਸਮਾਂ ਲੱਗੀ ਤਾਂ ਜੁਰਮਾਨਾ ਦੇਣਾ ਪੈਣਾ ਸੀ। ਅੰਦਰ ਜਾ ਕੇ ਪਤਾ ਕੀਤਾ, ਪਰ ਉੱਥੇ ਇਹ ਸਹੂਲਤ ਮੌਜੂਦ ਨਹੀਂ ਸੀ। ਪੰਦਰਾਂ ਕੁ ਮਿੰਟਾਂ ਬਾਅਦ ਵਾਪਸ ਆ ਗਏ ਅਤੇ ਲਗਭਗ ਪੰਦਰਾਂ ਕੁ ਮਿੰਟਾਂ ਵਿੱਚ ਮੈਰੀ ਵੈਲ (ਮਾਲ) ਵਿੱਚ ਪਹੁੰਚ ਗਏ। ਫੋਟੋ ਦੀ ਕਾਰਵਾਈ ਪੂਰੀ ਹੁੰਦਿਆਂ ਲਗਭਗ ਅੱਧਾ ਘੰਟਾ ਲੱਗ ਗਿਆ। ਬਿਲ ਦਿੱਤਾ, ਰਸੀਦ ਤੇ ਪੈਸੇ ਦੇਣ ਦਾ ਸਮਾਂ ਗਿਆਰਾਂ ਵਜੇ ਸੀ। ਹੁਣ ਫਿਰ ਦੁਬਾਰਾ ਕੁਝ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਕਰਾਉਣ ਲਈ ਵੇਅਰ ਹਾਊਸ (ਮਾਲ) ਪਹੁੰਚ ਗਏ। ਸਾਰਾ ਕੰਮ ਪੂਰਾ ਕਰਦਿਆਂ ਅੱਧਾ ਘੰਟਾ ਲੱਗ ਗਿਆ। ਵਾਪਸ ਆਏ ਤਾਂ ਸੱਤਰ ਡਾਲਰ ਦੀ ਪਨੈਲਟੀ ਟਿਕਟ ਕਾਰ 'ਤੇ ਲੱਗੀ ਹੋਈ ਸੀ। ਇਸ ਦੀ ਅਦਾਇਗੀ ਵੀਹ ਦਿਨਾਂ ਦੇ ਅੰਦਰ ਅੰਦਰ ਕਰਨੀ ਸੀ, ਪਰ ਇਸ ਦੇ ਵਿਰੁੱਧ ਅਪੀਲ ਕੀਤੀ ਜਾ ਸਕਦੀ ਸੀ। ਘਰ ਆ ਕੇ ਇੱਕ ਪੱਤਰ ਲਿਖਿਆ ਗਿਆ ਜਿਸ ਵਿੱਚ ਸਾਰੀ ਸਥਿਤੀ ਸ਼ਪਸ਼ਟ ਕੀਤੀ ਗਈ ਕਿ ਕਾਰ ਵੇਅਰ ਹਾਊਸ 'ਤੇ ਇੱਕ ਵਾਰ ਨਹੀਂ, ਦੋ ਵਾਰ ਲਗਾਈ ਸੀ ਅਤੇ ਦੋਵੇਂ ਵਾਰੀ ਪਾਰਕਿੰਗ ਦਾ ਸਮਾਂ ਇੱਕ ਘੰਟੇ ਤੋਂ ਵੱਧ ਨਹੀਂ ਸੀ। ਨਾਲ ਮੈਰੀ ਵੈਲ ਮਾਲ ਵੱਲੋਂ ਜਾਰੀ ਕੀਤੀ ਬਿੱਲ ਦੀ ਰਸੀਦ ਜਿਸ 'ਤੇ ਸਮਾਂ ਲਿਖਿਆ ਸੀ, ਉਹ ਲਗਾ ਦਿੱਤੀ। ਤਿੰਨ ਦਿਨਾਂ ਬਾਅਦ ਪੱਤਰ ਦਾ ਜਵਾਬ ਆ ਗਿਆ ਜਿਸ ਵਿੱਚ ਸਬੰਧਿਤ ਅਧਿਕਾਰੀ ਨੇ ਮੁਆਫ਼ੀ ਮੰਗੀ ਅਤੇ ਪਨੈਲਟੀ ਖ਼ਤਮ ਕਰ ਦਿੱਤੀ।

ਬੱਸ ਇਹੋ ਹੀ ਫ਼ਰਕ ਹੈ ਉਨ੍ਹਾਂ ਦਾ ਅਤੇ ਸਾਡਾ। ਅਸੀਂ ਗ਼ਲਤੀ ਕਰਦੇ ਹਾਂ, ਫਿਰ ਗਲਤੀ 'ਤੇ ਗਲਤੀ ਕਰਦੇ ਹਾਂ, ਪਰ ਉਸ ਨੂੰ ਸੁਧਾਰਦੇ ਨਹੀਂ। ਉਹ ਗ਼ਲਤੀ ਮੰਨਦੇ ਹਨ ਅਤੇ ਸੁਧਾਰਦੇ ਵੀ ਹਨ।"

"ਹੁਣ ਕਿੱਥੇ ਹੋ?"

"ਹੁਣ ਨਿਊਜ਼ੀਲੈਂਡ ਹਾਂ ਬੇਟੇ ਕੋਲ। ਇੱਥੇ ਵੀ ਖ਼ੁਸ਼ਖਬਰੀ ਹੈ। ਮੈਂ ਦਾਦਾ ਬਣ ਗਿਆ ਹਾਂ। ਪੋਤਰਾ ਹੋਇਆ ਹੈ।"

"ਵਾਹ, ਤੁਸੀਂ ਬੜੇ ਕਰਮਾਂ ਵਾਲੇ ਹੋ। ਦੋ ਦੋ ਖ਼ੁਸ਼ੀਆਂ। ਤੁਸੀਂ ਮੋਤੀ ਪੁੰਨ ਕੀਤੇ ਹੋਣੇ ਹਨ।"

"ਇਹ ਤਾਂ ਕੁਦਰਤ ਦਾ ਨਿਯਮ ਹੈ। ਇਸ ਵਿੱਚ ਕਰਮਾਂ ਦੀ ਕੀ ਗੱਲ ਹੋਈ। ਜਿਹੜੇ ਦੇਸ਼ਾਂ ਵਿੱਚ ਬੱਚੇ ਰਹਿ ਰਹੇ ਹਨ, ਉੱਥੇ ਇਹ ਸੋਚ ਨਹੀਂ ਹੈ। ਤੈਨੂੰ ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਇੱਥੋਂ ਦੇ ਡਾਕਟਰ, ਮਾਂ ਪਿਉ ਨੂੰ ਦੱਸ ਦਿੰਦੇ ਹਨ ਕਿ ਆਉਣ ਵਾਲਾ ਬੱਚਾ ਲੜਕਾ ਹੈ ਜਾਂ ਲੜਕੀ ਕਿਉਂਕਿ ਇਹ ਬੱਚੀਆਂ ਨੂੰ ਕੁੱਖ ਵਿੱਚ ਨਹੀਂ ਮਾਰਦੇ। ਇੱਕ ਦਿਨ ਮੈਂ ਹਸਪਤਾਲ ਗਿਆ। ਵੇਟਿੰਗ ਰੂਮ ਵਿੱਚ ਮਿਲਣ ਦਾ ਇੰਤਜ਼ਾਰ ਕਰ ਰਿਹਾ ਸੀ ਕਿ ਇੱਕ ਗੋਰੀ, ਆਪਣੇ ਦੋ ਕੁ ਸਾਲ ਦੇ ਬੇਟੇ ਨੂੰ ਲੈ ਕੇ ਆਈ ਅਤੇ ਆ ਕੇ ਕੁਰਸੀ 'ਤੇ ਬੈਠ ਗਈ। ਵੇਟਿੰਗ ਰੂਮ ਵਿੱਚ ਫਰੀ ਕੌਫੀ/ਚਾਹ ਦਾ ਇੰਤਜ਼ਾਮ ਹੁੰਦਾ ਹੈ। ਪੜ੍ਹਨ ਲਈ ਰਸਾਲੇ ਆਦਿ ਮੌਜੂਦ ਹੁੰਦੇ ਹਨ। ਉਹ ਰਸਾਲਾ ਪੜ੍ਹਨ ਲੱਗ ਪਈ। ਉਸ ਦਾ ਬੱਚਾ, ਮੇਰੇ ਕੋਲ ਆ ਗਿਆ। ਮੈਂ ਵੀ ਉਸ ਨਾਲ ਬੱਚਿਆਂ ਵਰਗੀਆਂ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਮੇਰੇ ਨਾਲ ਖੇਡਣ ਲੱਗ ਪਿਆ। ਬੱਚੇ ਦੇ ਜ਼ਰੀਏ ਮੈਂ ਉਸ ਨਾਲ ਗੱਲੀਂ ਲੱਗ ਗਿਆ। ਤੈਨੂੰ ਪਤਾ ਹੈ, ਇਹ ਮੇਰੀ ਭੈੜੀ ਆਦਤ ਹੈ ਕਿ ਮੈਂ ਹਰ ਇੱਕ ਨਾਲ ਗੱਲੀਂ ਲੱਗ ਜਾਂਦਾ ਹਾਂ। ਉਸ ਨੇ ਪੁੱਛਿਆ ਕਿ ਤੁਹਾਨੂੰ ਪਤਾ ਹੈ ਕਿ ਤੁਹਾਡਾ ਬੇਬੀ ਲੜਕਾ ਹੈ ਜਾਂ ਲੜਕੀ। ਮੈਂ ਦੱਸਿਆ ਕਿ ਮੈਨੂੰ ਪਤਾ ਹੈ। ਮੈਂ ਉਸ ਨੂੰ ਦੱਸਿਆ ਕਿ ਸਾਡੇ ਦੇਸ਼ ਵਿੱਚ ਬੱਚੇ ਦੇ ਲਿੰਗ ਬਾਰੇ ਦੱਸਣਾ ਅਪਰਾਧ ਹੈ। ਡਾਕਟਰ ਨੂੰ ਅਜਿਹਾ ਕਰਨ 'ਤੇ ਸਜ਼ਾ ਅਤੇ ਜੁਰਮਾਨਾ ਕਰਨ ਦਾ ਕਾਨੂੰਨ ਹੈ।

'ਪਰ ਅਜਿਹਾ ਕਿਉਂ?' ਉਸ ਨੇ ਪੁੱਛਿਆ।

'ਇਸ ਕਰਕੇ ਕਿ ਅਸੀਂ ਕੁੱਖ ਵਿੱਚ ਹੀ ਬੱਚੀਆਂ ਦਾ ਕਤਲ ਕਰ ਦਿੰਦੇ ਹਾਂ।'

'ਓ ਹੌਰੀਬਲ (ਭਿਆਨਕ), ਸ਼ੇਮ ਸ਼ੇਮ ਸ਼ੇਮ (ਸ਼ਰਮ ਆਉਣੀ ਚਾਹੀਦੀ ਹੈ),' ਉਸ ਨੇ ਆਖਿਆ। ਉਸ ਨੇ ਆਪਣਾ ਸਿਰ ਆਪਣੇ ਗੋਡਿਆਂ ਵਿੱਚ ਰੱਖ ਲਿਆ। ਕੁਦਰਤੀ ਮੇਰੇ ਮਿਲਣ ਦਾ ਸਮਾਂ ਹੋ ਗਿਆ। ਮੈਂ ਉੱਥੋਂ ਉੱਠ ਪਿਆ। ਮੈਂ ਵੀ ਕਈ ਦਿਨ ਅਸਹਿਜ ਹੀ ਰਿਹਾ।

ਅੱਛਾ ਮਿੱਤਰਾ, ਤੇਰੇ ਮੁਤਾਬਿਕ ਜਿਨ੍ਹਾਂ ਘਰਾਂ ਵਿੱਚ ਲੜਕੇ ਜਨਮ ਲੈਂਦੇ ਹਨ, ਉਹ ਘਰ ਕਰਮਾਂ ਵਾਲੇ ਹੁੰਦੇ ਹਨ। ਜੇਕਰ ਇਹ ਸੱਚ ਹੈ ਤਾਂ ਇਹ ਦੱਸ ਕਿ ਜਦੋਂ ਇਹ ਲੜਕੇ ਵੱਡੇ ਹੋ ਕੇ ਆਪਣੇ ਬਜ਼ੁਰਗ ਮਾਪਿਆਂ ਨੂੰ ਘਰੋਂ ਬੇਘਰ ਕਰਕੇ ਬਿਰਧ ਆਸ਼ਰਮਾਂ ਵਿੱਚ ਛੱਡ ਆਉਂਦੇ ਹਨ ਤਾਂ ਉਦੋਂ ਮਾਂ ਪਿਉ ਦੇ ਕਰਮ ਕਿੱਥੇ ਜਾਂਦੇ ਹਨ?"

"ਅੱਛਾ, ਮੈਂ ਤੇਰਾ ਬਹੁਤ ਸਮਾਂ ਲੈ ਲਿਆ ਹੈ। ਬਾਕੀ ਗੱਲਾਂ ਫਿਰ ਕਰਾਂਗੇ," ਇਹ ਕਹਿ ਕੇ ਉਸ ਨੇ ਫੋਨ ਬੰਦ ਕਰ ਦਿੱਤਾ।

ਮੇਰਾ ਇਹ ਦੋਸਤ ਅਧਿਆਪਕ ਰਿਟਾਇਰ ਹੋਇਆ ਹੈ।

---

ਮਿੰਨੀ ਕਹਾਣੀ

## ਦੋ ਲੱਤਾਂ ਵਾਲਾ ਕੁੱਤਾ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਉਸ ਕੁੱਤੇ ਦੀ ਹਾਲਤ ਸੱਚਮੁੱਚ ਹੀ ਬੜੀ ਤਰਸਯੋਗ ਸੀ। ਕੁਝ ਕੁ ਦਿਨ ਪਹਿਲਾਂ ਉਸ ਦੀਆਂ ਪਿਛਲੀਆਂ ਦੋ ਲੱਤਾਂ ਕਿਸੇ ਸੜਕ ਹਾਦਸੇ ਵਿੱਚ ਇੰਨੀ ਬੁਰੀ ਤਰ੍ਹਾਂ ਕੁਚਲੀਆਂ ਗਈਆਂ ਸਨ ਕਿ ਪੂਰੀ ਤਰ੍ਹਾਂ ਬੇਜਾਨ ਹੋ ਗਈਆਂ ਸਨ। ਆਪਣੀਆਂ ਉਨ੍ਹਾਂ ਬੇਜਾਨ ਲੱਤਾਂ ਨੂੰ ਘੜੀਸਦਾ ਹੋਇਆ, ਰੋਟੀ-ਟੁੱਕ ਦੀ ਤਲਾਸ਼ 'ਚ ਉਹ ਦਰ-ਬ-ਦਰ ਭਟਕਦਾ ਰਹਿੰਦਾ ਸੀ ਤੇ ਕਦੇ-ਕਦੇ ਥੱਕ ਹਾਰ ਕੇ ਭੁੱਖਾ ਹੀ ਕਿਸੇ ਕੋਨੇ 'ਚ ਪਿਆ ਰਹਿੰਦਾ ਸੀ।

ਬਿਸ਼ਨ ਸਿੰਘ ਪਿਛਲੇ ਦਸ ਦਿਨਾਂ ਤੋਂ ਵੇਖ ਰਿਹਾ ਸੀ ਕਿ ਉਸ ਬੇਵੱਸ ਤੇ ਲਾਚਾਰ ਜਿਹੇ ਜੀਵ ਨੂੰ ਤੁਰਨ ਵਿੱਚ ਬੇਹੱਦ ਮੁਸ਼ਕਿਲ ਹੁੰਦੀ ਸੀ। ਉਹ ਜਿਸ ਕਿਸੇ ਦੇ ਵੀ ਘਰ ਅੱਗੇ ਜਾ ਬੈਠਦਾ, ਉਸ ਘਰ ਦੇ ਲੋਕ ਉਸ ਨੂੰ ਦੁਰਕਾਰ ਕੇ ਅਗਾਂਹ ਕੱਢ ਦਿੰਦੇ ਸਨ। ਹਰੇਕ ਸ਼ਖ਼ਸ ਉਸ ਤੋਂ ਪਰ੍ਹੇ ਹੋ ਕੇ ਲੰਘਣ ਦੀ ਕੋਸ਼ਿਸ਼ ਕਰਦਾ ਸੀ ਤੇ ਕੋਈ ਪੱਥਰ ਦਿਲ ਤਾਂ "ਪਤਾ ਨਹੀਂ ਕਦੋਂ ਮਰੂ" ਆਖਦਾ ਹੋਇਆ ਪੰਜ-ਸੱਤ ਗਾਲ੍ਹਾਂ ਵੀ ਕੱਢ ਜਾਂਦਾ ਸੀ ਮੁਹੱਲੇ ਦੇ ਸਾਰੇ ਬੱਚਿਆਂ ਨੇ ਉਸ ਨੂੰ 'ਦੋ ਲੱਤਾਂ ਵਾਲਾ ਕੁੱਤਾ' ਆਖਣਾ ਸ਼ੁਰੂ ਕਰ ਦਿੱਤਾ ਸੀ। ਹੁਣ ਤਾਂ ਮੁਹੱਲੇ ਦਾ ਹਰ ਵਿਅਕਤੀ ਉਸ ਨੂੰ ਇਸੇ ਨਾਂ ਨਾਲ ਜਾਣਦਾ ਸੀ। ਉਸ ਬੇਜ਼ੁਬਾਨ ਜੀਵ ਪ੍ਰਤੀ ਵਰਤੇ ਜਾਂਦੇ ਲੋਕਾਂ ਦੇ ਇਹ ਬੋਲ ਸੁਣ ਕੇ ਬਿਸ਼ਨ ਸਿੰਘ ਦੇ ਮਨ 'ਚ ਟੀਸ ਜਿਹੀ ਉੱਠਦੀ ਸੀ। ਉਹ ਰੋਕਣ ਦੀ ਬਥੇਰੀ ਕੋਸ਼ਿਸ ਕਰਦਾ, ਪਰ ਫਿਰ ਵੀ ਹੰਝੂ ਉਸ ਦੀਆਂ ਅੱਖਾਂ ਦੀਆਂ ਬਰੂਹਾਂ 'ਚ ਆ ਹੀ ਜਾਂਦੇ ਤੇ ਨਾ ਚਾਹੁੰਦਿਆਂ ਵੀ ਉਹ ਅਤੀਤ ਅਤੇ ਵਰਤਮਾਨ ਦੀ ਚੱਕੀ ਦੇ ਦੋਵਾਂ ਪੁੜਾਂ ਵਿਚਾਲੇ ਜਾ ਵੜਦਾ।

ਆਪਣੀ ਪਤਨੀ ਬਸੰਤ ਕੌਰ ਦੀ ਅਚਨਚੇਤੀ ਮੌਤ ਤੋਂ ਬਾਅਦ ਬਿਸ਼ਨ ਸਿੰਘ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਆਪਣੇ ਤਨ ਦੀਆਂ ਬੋਟੀਆਂ ਕੱਟ-ਕੱਟ ਕੇ ਪਾਲਿਆ ਸੀ। ਉਹ ਤਿੰਨੇ ਜਣੇ ਹੁਣ ਚੰਗੀਆਂ ਨੌਕਰੀਆਂ 'ਤੇ ਸਨ ਤੇ ਉਨ੍ਹਾਂ ਦੀਆਂ ਵਹੁਟੀਆਂ ਵੀ ਪੜ੍ਹੀਆਂ-ਲਿਖੀਆਂ ਅਤੇ ਸਰਕਾਰੀ ਨੌਕਰੀ ਵਾਲੀਆਂ ਸਨ। ਰੁਪਿਆ-ਪੈਸਾ ਘਰ ਵਿੱਚ ਬਥੇਰਾ ਸੀ, ਪਰ ਘਰ ਵਿੱਚ ਬਿਸ਼ਨ ਸਿੰਘ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਸੀ। ਉਸ ਦੇ ਨੂੰਹ-ਪੁੱਤਰ ਉਸ ਦੀ ਰਤੀ ਭਰ ਵੀ ਪਰਵਾਹ ਨਹੀਂ ਕਰਦੇ ਸਨ। ਜੀਅ ਕਰਦਾ ਤਾਂ ਕੋਈ ਨੂੰਹ ਰੋਟੀ ਪੁੱਛ ਲੈਂਦੀ, ਨਹੀਂ ਤਾਂ ਵਿਚਾਰਾ ਪਾਣੀ ਪੀ ਕੇ ਹੀ ਸੌਂ ਜਾਂਦਾ।

ਅਸਲ 'ਚ ਬਿਸ਼ਨ ਸਿੰਘ ਕੋਲ ਡੇਢ ਕੁ ਕਿੱਲਾ ਪੈਲੀ ਬਚੀ ਸੀ। ਉਸ ਦੀਆਂ ਨੂੰਹਾਂ ਚਾਹੁੰਦੀਆਂ ਸਨ ਕਿ ਉਹ ਸਾਰੀ ਪੈਲੀ ਪੁੱਤਾਂ ਦੇ ਨਾਂ ਕਰ ਦੇਵੇ। ਨੂੰਹਾਂ ਨੇ ਵੱਸ ਨਾ ਚਲਦਾ ਵੇਖ ਕੇ ਆਪਣੇ ਪਤੀਆਂ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਤੇ ਉਹ ਮਿੱਟੀ ਦੇ ਮਾਧੋ ਆਪਣੇ ਬਾਪ ਦੇ ਅਹਿਸਾਨਾਂ ਨੂੰ ਭੁਲਾ ਕੇ ਉਸ ਨੂੰ ਚੰਗਾ-ਮੰਦਾ ਬੋਲਣ ਲੱਗ ਪਏ। ਰੋਟੀ-ਟੁੱਕ ਤੋਂ ਔਖੀਆਂ ਨੂੰਹਾਂ ਨੇ ਆਖ਼ਰ ਇੱਕ ਦਿਨ ਫ਼ੈਸਲਾ ਸੁਣਾ ਦਿੱਤਾ ਕਿ ਹਰ ਇੱਕ ਮਹੀਨੇ ਬਾਅਦ ਬਿਸ਼ਨ ਸਿੰਘ ਨੂੰ ਰੋਟੀ ਪਹਿਲੀ, ਦੂਜੀ ਤੇ ਫਿਰ ਤੀਜੀ ਨੂੰਹ ਦੇ ਘਰੋਂ ਖਾਣੀ ਪਏਗੀ ਕਿਉਂਕਿ ਇੱਕੋ ਨੂੰਹ ਸਾਰਾ ਸਾਲ ਉਸ ਨੂੰ 'ਤੋਸਾ ਖੁਆਵੇ', ਇਹ ਉਨ੍ਹਾਂ ਨੂੰ ਪੁੱਗਦਾ ਨਹੀਂ ਸੀ।

ਦਿਲ 'ਤੇ ਪੱਥਰ ਰੱਖ ਕੇ ਬਿਸ਼ਨ ਸਿੰਘ ਨੇ ਆਪਣੇ ਨੂੰਹਾਂ ਪੁੱਤਾਂ ਦਾ ਫ਼ੈਸਲਾ ਮੰਨ ਤਾਂ ਲਿਆ ਸੀ, ਪਰ ਹੁਣ ਜਦੋਂ ਹਰ ਮਹੀਨੇ ਦੇ ਅਖ਼ੀਰ 'ਤੇ ਉਹ ਇੱਕ ਪੁੱਤਰ ਦਾ ਘਰ ਛੱਡ ਕੇ ਦੂਜੇ ਪੁੱਤਰ ਦੇ ਘਰ ਰੋਟੀ ਖਾਣ ਲਈ ਜਾਂਦਾ ਤਾਂ ਘਰ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ ਹੀ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਜਾਂਦੀਆਂ ਤੇ ਉਸ ਦੇ ਕੰਨਾਂ ਵਿੱਚ ਬੱਚਿਆਂ ਦੇ ਆਖੇ ਇਹ ਬੋਲ ਵਾਰ-ਵਾਰ ਗੂੰਜਣ ਲੱਗ ਜਾਂਦੇ, "ਦੋ ਲੱਤਾਂ ਵਾਲਾ ਕੁੱਤਾ, ਦੋ ਲੱਤਾਂ ਵਾਲਾ ਕੁੱਤਾ।"

# ਮੇਰੀ ਕਲਮ

## ਡੋਨਾਲਡ ਡੰਕਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308





ਡੋਨਾਲਡ ਦਾ ਡੰਕਾ ਗੂੰਜ ਗਿਆ, ਹੈ ਸਾਰੇ ਪਾਸੇ,
ਸਹੇੜੇਗਾ ਇਹ ਲੋਕਾਂ ਲਈ, ਹੁਣ ਨਵੇਂ ਸਿਆਪੇ।
ਡੋਨਾਲਡ ਦੀ ਹੁਣ ਡੌਲਰ 'ਤੇ, ਹੋ ਗਈ ਸਰਦਾਰੀ,
ਡੋਲ ਜਾਵੇਗੀ ਦੁਨੀਆ ਦੀ, ਹੁਣ ਮਾਇਆ ਸਾਰੀ।
ਗਰਮ ਖਿਆਲੀ ਮੁਜਰਮ, ਮਾਰਦੇ ਨਾਹਰੇ ਮੱਘੇ,
ਆਜ਼ਾਦ ਹੋ ਕੇ ਉਹ ਆਕੜ ਗਏ, ਹੁਣ ਸ਼ਰੀਫ਼ਾਂ ਅੱਗੇ।
ਹਿੰਮਤ ਨਹੀਂ ਹੁਣ ਕਿਸੇ ਦੀ, ਜੋ ਗੱਲ ਨਾ ਮੰਨੇ,
ਲੀਡਰ ਦੁਨੀਆਂ ਦੇ ਕੰਬਦੇ, ਕਈ ਮੰਨੇ ਪ੍ਰਮੰਨੇ।
ਸੁਪਨੇ ਪਸਤ ਸਭ ਹੋ ਗਏ, ਸ਼ਰਨਾਰਥੀਆਂ ਦੇ,
ਰਸਤੇ ਸੀਲ ਨੇ ਹੁਣ ਜਾਅਲੀ, ਵਿਦਿਆਰਥੀਆਂ ਦੇ।
ਸਰਹੱਦਾਂ ਉੱਤੇ ਹਾਹਾਕਾਰ, ਹੈ ਸਾਰੇ ਪਾਸੇ,
ਮਾਰ ਦੁਹੱਥੜ ਕਰਨ ਡੰਕੀ, ਟਰੰਪ ਦੇ ਸਿਆਪੇ।
ਕਾਹਲੀ ਦੇ ਵਿੱਚ ਪੈਦਾ, ਹੋ ਗਏ ਹਜ਼ਾਰਾਂ ਬੱਚੇ,
ਨਹੀਂ ਯਕੀਨ ਕਿਸੇ ਨੂੰ, ਟਰੰਪ ਕੱਢੇ ਜਾਂ ਰੱਖੇ।
ਮੰਗਲ ਗ੍ਰਹਿ ਤੇ ਝੁੱਲੇਗਾ, ਅਮਰੀਕਾ ਦਾ ਝੰਡਾ,
ਅਮਰੀਕਾ ਸਾਰਾ ਹੋ ਜਾਵੇਗਾ, ਹੁਣ ਸੋਨੇ ਰੰਗਾ।
ਡੋਨਾਲਡ ਟਰੰਪ ਚਲਾਵੇਗਾ, ਹੁਣ ਆਪਣਾ ਸਿੱਕਾ,
ਢਾਵੇਗਾ ਉਹ ਜ਼ੋਰ ਨਾਲ, ਆਪਣਾ ਹਰ ਅੜਿੱਕਾ।
ਮਸਕ ਵੀ ਆਪਣੀ ਚਾਲ ਚੱਲ ਗਿਆ, ਲਾ ਕੇ ਮਸਕਾ,
ਅਮੀਰ ਹੋਰ ਹੋ ਗਿਆ ਦੁੱਗਣਾ, ਕਰਕੇ ਸੌਦਾ ਸਸਤਾ।

## .ਗਜ਼ਲ

ਮਹਿੰਦਰ ਸਿੰਘ ਮਾਨ



ਜੋ ਤੂੰ ਕੀਤਾ ਮੇਰੇ ਨਾਲ,
ਕਰ ਨ੍ਹੀ ਸਕਦਾ ਤੇਰੇ ਨਾਲ।
ਇਹ ਮੈਨੂੰ ਹੀ ਖਾ ਨਾ ਜਾਵੇ,
ਤਾਂ ਹੀ ਲੜਦਾਂ ਨ੍ਹੇਰੇ ਨਾਲ।
ਪਹਿਲਾਂ 'ਕੱਲੇ ਤੁਰਨਾ ਪੈਂਦਾ,
ਫ਼ਿਰ ਰਲ ਜਾਣ ਬਥੇਰੇ ਨਾਲ।
ਯਾਰਾਂ ਛੱਡੀ ਕਸਰ ਕੋਈ ਨਾ,
ਸੱਟਾਂ ਜਰੀਆਂ ਜੇਰੇ ਨਾਲ।
ਬਾਬੇ ਨੇ ਅਕਲ ਆਪਣੀ ਨਾਲ,
ਲੋਕੀਂ ਜੋੜੇ ਡੇਰੇ ਨਾਲ।
ਮਾਂ ਦੇ ਮੂੰਹ 'ਤੇ ਰੌਣਕ ਆਈ,
ਪੁੱਤ ਦੇ ਇੱਕੋ ਫ਼ੇਰੇ ਨਾਲ।
ਦਿਲ ਮਿਲਦਾ ਹੁੰਦਾ ਇੱਕ ਨਾਲ,
ਬੰਦੇ ਤੁਰਨ ਬਥੇਰੇ ਨਾਲ।
ਤੇਰੇ ਦਰ 'ਤੇ ਆਇਆ 'ਮਾਨ',
ਛੱਡ ਕੇ ਰੋਸਾ ਤੇਰੇ ਨਾਲ।

## ਮਾਂ

ਗੁਰਜੀਤ ਟਹਿਣਾ



ਮਾਂ ਹਮੇਸ਼ਾ ਮੇਰਾ ਫ਼ਿਕਰ ਕਰਦੀ ਰਹਿੰਦੀ,
ਕਹਿੰਦੀ ਸੈਂ ਆਪਣਾ ਖਿਆਲ ਰੱਖਿਆ ਕਰ!
ਵੇਖੀਂ ਕਿਤੇ ਠੰਢ ਨਾ ਲੱਗਜੇ"
ਅਕਸਰ ਸਮਝਾਉਂਦੀ
ਰੋਟੀ ਟਿਕ ਕੇ ਖਾਈਦੀ ਐ,
ਖਾਣ ਵੇਲੇ ਭੱਜੂੰ-ਭੱਜੂੰ ਨੀਂ ਕਰੀਦਾ ਹੁੰਦਾ
ਅਜੇ ਜ਼ਿਆਦਾ ਠੰਡ ਤਾਂ ਨਹੀਂ ਪਰ
ਪਤਾ ਨਹੀਂ ਕਿਉਂ ?
ਮੈਂ ਤੇਰੇ ਹੱਥੀਂ ਉਣੀ ਕੋਟੀ ਪਾ ਬਹਿੰਦਾ ਹਾਂ,
ਤੇਰੀ ਗੋਦ ਦਾ ਨਿੱਘ ਮਹਿਸੂਸਦਾ ਹਾਂ
ਹਾਂ ਸੱਚ
ਹੁਣ ਮੈਂ ਆਰਾਮ ਨਾਲ ਬਹਿ ਕੇ ਰੋਟੀ ਖਾਂਦਾ ਹਾਂ,
ਨਿੱਕੀ-ਨਿੱਕੀ ਬੁਰਕੀ ਕਰ,
ਚੰਗੀ ਤਰ੍ਹਾਂ ਚਿੱਥ ਚੱਬ ਕੇ,
ਪਰ ਹੁਣ ਰੋਟੀ ਦਾ ਉਹ ਸਵਾਦ ਨੀਂ ਆਉਂਦਾ,
ਤੇਰੇ ਹੱਥ ਦੀ ਰੋਟੀ ਜਿੰਨਾ।
ਮਾਂ ਤੂੰ ਦੂਰ ਹੋ ਕੇ ਵੀ ਮੇਰੇ ਕੋਲ ਏਂ
ਦਿਲ ਦੇ ਧੁਰ ਅੰਦਰ
ਐਨ ਨਾਲ ਕਰਕੇ ਨੇੜੇ-ਨੇੜੇ,
ਆਲੇ-ਦੁਆਲੇ,
ਚਾਰੇ ਪਾਸੇ ਬ੍ਰਹਿਮੰਡ ਤੀਕ

## ਉਮੀਦ ਤੇਰੇ ਆਉਣ ਦੀ

ਸਰਦੂਲ ਸਿੰਘ ਔਜਲਾ

ਰੱਖੀ ਬੈਠੇ ਦਿਲ 'ਚ ਉਮੀਦ ਤੇਰੇ ਆਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਆਵੇਗਾ ਤਾਂ ਜ਼ਿੰਦਗੀ ਬਹਾਰ ਬਣ ਜਾਵੇਗੀ
ਲਿੱਸੇ ਜਿਹੇ ਚਿਹਰੇ 'ਤੇ ਜਵਾਨੀ ਫ਼ੇਰਾ ਪਾਵੇਗੀ
ਤਾਂਘ ਬੜੀ ਗਾਨੇ ਬੰਨ੍ਹ ਗੁੱਟਾਂ ਨੂੰ ਸਜਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਵੇਖੀਂ ਕਿਤੇ ਸਾਡੀਆਂ ਉਮੀਦਾਂ ਟੁੱਟ ਜਾਣ ਨਾ,
ਸੱਧਰਾਂ ਕੁਆਰੀਆਂ ਦੇ ਸਾਹ ਰੁਕ ਜਾਣ ਨਾ,
ਜ਼ਿੰਦਗੀ ਦਾ ਗੀਤ ਸੁਰ ਤਾਲ ਵਿੱਚ ਗਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ
ਲਾਰਿਆਂ ਦੇ ਵਿੱਚ ਕਿਤੇ ਜਿੰਦ ਮੁੱਕ ਜਾਵੇ ਨਾ
ਚਾਵਾਂ ਅਤੇ ਰੀਝਾਂ ਦਾ ਬਗੀਚਾ ਸੁੱਕ ਜਾਵੇ ਨਾ
ਵਸਲਾਂ ਦਾ ਪਾਣੀ ਰੂਹ ਪਿਆਸੀ ਤਾਈਂ ਪਾਉਣ ਦੀ
ਰੀਝ ਬੜੀ ਰਾਹਵਾਂ ਵਿੱਚ ਅੱਖੀਆਂ ਵਿਛਾਉਣ ਦੀ

## ਖ਼ੂਨਦਾਨ ਕਰੋ ਦੋਸਤੋ

ਰਾਬਿੰਦਰ ਸਿੰਘ ਰੱਬੀ

ਹੋਵੇ ਦੁਰਘਟਨਾ ਜਾਂ ਲੋੜ ਛੇਤੀ ਪੈ ਜਾਵੇ।
ਹੁੰਦਾ ਜੇ ਇਲਾਜ ਹੋਵੇ, ਅਧਵਾਟੇ ਰਹਿ ਜਾਵੇ।
ਚੀਜ਼ ਇਹੋ ਜਿਹੀ ਬਣਾਈ, ਨਾ ਹੀ ਸਕੇ ਕੋਈ ਬਣਾ,
ਅਤੇ ਨਾ ਹੀ ਇਹ ਹੁੰਦੀ ਕਦੀ ਪੈਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।
ਲੱਗਦੀ ਬਿਮਾਰੀ ਨਾ, ਘਾਟ ਨਾ ਕੋਈ ਹੁੰਦੀ ਏ।
ਜ਼ਿੰਦਗੀ 'ਚ ਖੇੜਾ ਆਉਂਦਾ, ਜਿਹੜੀ ਪਹਿਲਾਂ ਰੋਂਦੀ ਏ।
ਕਿੰਨੇ ਲੋਕ ਨੇ ਅਭਾਗੇ, ਜਦੋਂ ਪੈ ਜਾਏ ਵੇਲਾ,
ਫ਼ੇਰ ਆਪਣੇ ਨਾਲ ਕਰਦੇ ਨੇ ਵਾਇਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।
ਜਾਤ, ਰੰਗ, ਨਸਲ ਨਾ ਧਰਮ ਦਾ ਰੌਲਾ।
ਅਮੀਰ ਤੇ ਗ਼ਰੀਬ, ਗੋਰਾ, ਕਾਲਾ, ਭਾਰਾ, ਹੌਲਾ।
ਨਰ ਹੋਵੇ ਨਾਰੀ, ਕੋਈ ਭੇਦ ਨਾ ਹੀ ਰੱਖੇ,
'ਕੱਠੇ ਹੁੰਦੇ, ਜਿਹੜੇ ਪਹਿਲਾਂ ਸੀ ਅਲਹਿਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।
ਰੱਬੀ ਰੰਗ ਵਿੱਚ ਗਾਉਣ ਜਦੋਂ ਲੋਕ ਸਾਰੇ।
ਕੋਈ ਨਾ ਵਡੇਰਾ, ਘੁੰਮ ਲਏ ਪਾਸੇ ਚਾਰੇ।
ਲੋੜ ਸਭ ਨੂੰ ਹੈ ਪੈਂਦੀ, ਅਣਹੋਣੀ ਘਟ ਜਾਵੇ,
ਫ਼ਿਰ ਧਰਿਆ ਹੀ ਰਹਿ ਜਾਵੇ ਕਾਇਦਾ।
ਖ਼ੂਨਦਾਨ ਕਰੋ ਦੋਸਤੋ, ਤਾਂ ਜੋ ਲੋੜਵੰਦਾਂ ਨੂੰ ਮਿਲੇ ਫ਼ਾਇਦਾ।

## ਸੁਣੀ ਜਦ ਹਕੀਕਤ

ਸਰਿਤਾ ਤੇਜੀ



ਉਹ ਅੱਖ ਦੇ ਇਸ਼ਾਰੇ ਚ ਸਭ ਕਹਿ ਗਿਆ
ਮਿਰਾ ਦਿਲ ਲਬਾਂ ਤੇ ਅਟਕ ਰਹਿ ਗਿਆ।
ਕਹਾਣੀ ਨਾ ਉਹ ਦਰਦ ਦੀ ਕਹਿ ਸਕੇ
ਚਿਰੋਕਾ ਹੁੰਗਾਰੇ ਮੈਂ ਭਰ ਰਹਿ ਗਿਆ।
ਭਰੇ ਨੈਣ ਤੈਥੋਂ ਛੁਪਾਏ ਜਦੋਂ
ਜੁਦਾ ਹਰ ਕਿਸੇ ਤੋਂ ਮੈਂ ਹੋ ਬਹਿ ਗਿਆ।
ਨਜ਼ਰ ਫ਼ੇਰ ਉਸ ਵੇਖਿਆ ਨਾ ਕਦੇ
ਉਸਰ ਕੇ ਵਫ਼ਾ ਦਾ ਮਹਲ ਢਹਿ ਗਿਆ।
ਜੁੜੇ ਰਿਜ਼ਕ ਦੇਸ ਆਪਣੇ ਨਾ ਜਦੋਂ
ਤਦੇ ਉਹ ਹਕੂਮਤ ਦੇ ਸੰਗ ਖਹਿ ਗਿਆ।
ਨਾ ਮੁੜਿਆ ਕਦੇ ਰੋਕ ਲਾਈ ਬੜੀ
ਜੋ ਪਾਣੀ ਪੁਲਾਂ ਹੇਠ ਦੀ ਵਹਿ ਗਿਆ।
ਕਿਵੇਂ ਜਾ ਹਵਾ ਵਿੱਚ ਗੁੱਡੀ ਚੜ੍ਹੀ
ਸੁਣੀ ਜਦ ਹਕੀਕਤ ਨਸ਼ਾ ਲਹਿ ਗਿਆ।

## ਮਾਂ ਬੋਲੀ ਪੰਜਾਬੀ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ



ਮੈਂ ਹਾਂ ਪੁੱਤ ਪੰਜਾਬ ਦਾ ਤੇ ਮਾਂ ਬੋਲੀ ਪੰਜਾਬੀ
ਐਪਰ ਮੈਂ ਹਾਂ ਭੁੱਲਿਆ ਫਿਰਦਾ, ਛੱਡ ਕੇ ਸ਼ਾਨ ਨਵਾਬੀ।
ਆਇਆ ਸੀ ਇੱਕ ਬਾਬਾ ਨਾਨਕ, ਗਾਉਂਦਾ ਮਿੱਠੀ ਬਾਣੀ
ਨਾਲ ਉਦ੍ਹੇ ਸੀ ਮਿੱਤਰ-ਸਾਥੀ, ਕੱਢੇ ਸੁਰ ਰਬਾਬੀ।
ਭੱਟਾਂ, ਭਗਤਾਂ, ਗੁਰੂਆਂ ਇਸ ਨੂੰ ਦਿੱਤਾ ਮਾਣ ਸੀ ਡਾਹਢਾ
ਕਿੱਸਾਕਾਰਾਂ, ਕਵੀਆਂ ਇਸ ਨੂੰ ਦਿੱਤੀ ਹੋਰ ਰੋਆਬੀ।
ਹਿੰਦੀ, ਉੜੀਆ, ਸਿੰਧੀ ਬੋਲੀ, ਕੀ ਕੰਨੜ, ਬੰਗਾਲੀ
ਮਹਿਕਾਂ ਭਰਿਆ ਬਾਗ਼ ਬਗੀਚਾ, ਇਹ ਹੈ ਫੁੱਲ ਗ਼ੁਲਾਬੀ।
ਆ ਗਈ ਪੀੜ੍ਹੀ ਗਿਟਮਿਟ ਕਰਦੀ, ਮਾਂ ਬੋਲੀ ਦੁਰਕਾਰੇ
ਭੁੱਲ ਗਈ ਲੱਗਦੈ, ਮਾਂ ਬੋਲੀ ਹੈ ਹੁੰਦੀ ਜੀਵਨ ਚਾਬੀ।
ਆ ਜਾਓ ਭੈਣੋ ਵੀਰੋ ਸਾਰੇ, ਰਲ ਮਿਲ ਮਤਾ ਪਕਾਈਏ
ਮਾਂ ਬੋਲੀ ਦੇ ਸਿਰ ਮੁੜ ਧਰੀਏ ਸਾਲੂ ਓਹੀ ਉਨਾਬੀ।
ਮਾਂ ਬੋਲੀ ਦਾ ਦੇਣ ਭਲਾ ਹੈ ਕਿੱਥੇ ਦਿੱਤਾ ਜਾਂਦਾ ?
ਪਹਿਲੇ ਸਾਹ ਤੋਂ ਆਖ਼ਰੀ ਸਾਹ ਤੱਕ ਇਹੋ ਜੀਵਨ-ਆਬੀ।
ਕਹਿਣ ਨੂੰ ਇਸਦੇ ਰੂਪ ਅਨੇਕਾਂ ਪਰ ਹੈ ਮਾਖ਼ਿਉਂ ਮਿੱਠੀ
ਪੋਠੋਹਾਰੀ, ਮਲਵਈ, ਪੁਆਧੀ, ਮਾਝੀ ਅਤੇ ਦੁਆਬੀ।
ਜੁਗ ਜੁਗ ਜੀਵੇ ਮਾਂ ਬੋਲੀ ਇਹ, ਗੁਰੂਆਂ ਪੀਰਾਂ ਜਾਈ
ਇਸਦੇ ਮੁੱਖ 'ਤੇ ਨੂਰ ਅੱਲ੍ਹਾ ਦਾ, ਇਸ ਦੇ ਚੋਜ਼ ਖ਼ਿਤਾਬੀ।

## ਦਰਦ ਪੰਜਾਬ ਦਾ

ਚਰਨ ਸਿੰਘ ਮਾਹੀ



ਹੁੰਦਾ ਮੁਰਝਾਇਆ ਜਿਵੇਂ ਫ਼ੁੱਲ ਕੋਈ ਗੁਲਾਬ ਦਾ।
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਬਾਗ ਦਿਆਂ ਮਾਲੀਆਂ ਨੇ ਬਾਗ਼ ਨੂੰ ਉਜਾੜਿਆ
ਕਲੀਆਂ ਮਾਸੂਮਾਂ ਤਾਈਂ ਪੈਰਾਂ 'ਚ ਲਤਾੜਿਆ
ਫ਼ੁੱਲ ਮੁਰਝਾ ਗਿਆ ਏ ਸੱਜਰੇ ਗੁਲਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਦੁੱਧ ਦਹੀਂ ਵਾਲੇ ਇੱਥੇ ਵਗਦੇ ਪਏ ਖਾਲ ਸੀ
ਜੀਵਨ ਸੁਖੀ ਸੀ ਲੋਕ ਬੜੇ ਖੁਸ਼ਹਾਲ ਸੀ
ਲਹੂ ਨਾਲ ਲਾਲ ਹੋਇਆ ਰੰਗ ਇਹਦੇ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਹਿੰਦੂ ਮੁਸਲਮਾਨ ਇੱਥੇ ਸਿੱਖ ਤੇ ਇਸਾਈ ਸੀ
ਧਰਮਾਂ ਦਾ ਸਾਂਝਾ, ਨਾ ਕੋਈ ਦਿਲ 'ਚ ਬੁਰਾਈ ਸੀ
ਪੈ ਗਿਆ ਪੁਆੜਾ ਇੱਥੇ ਧਰਮਾਂ ਦੀ ਆੜ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਲੱਗਦਾ ਏ ਨਜ਼ਰ ਕਿਸੇ ਚੰਦਰੇ ਦੀ ਲੱਗ ਗਈ
ਜ਼ੁਲਮਾਂ ਦੀ ਅੱਗ ਬੜੇ ਜ਼ੋਰ ਨਾਲ ਮਘ ਗਈ
ਬੁਝਦੀ ਨਾ ਅੱਗ ਲਾਇਆ ਜ਼ੋਰ ਬੇਹਿਸਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਆਉ ਸਾਰੇ ਰਲਮਿਲ ਖ਼ੈਰ ਇਹਦੀ ਮੰਗੀਏ
ਸੱਚੇ ਰੱਬ ਕੋਲੋਂ ਆਪਾਂ ਮੰਗਦੇ ਨਾ ਸੰਗੀਏ
ਮੁੜ ਆਵੇ ਨੂਰ 'ਮਾਹੀ' ਚਿਹਰਿਆਂ ਦੀ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।

## ਮਹਿਲਾ ਅੰਡਰ-19 ਵਿਸ਼ਵ ਕੱਪ

# ਭਾਰਤ ਦੀਆਂ ਧੀਆਂ ਲਗਾਤਾਰ ਦੂਜੀ ਵਾਰ ਬਣੀਆਂ ਵਿਸ਼ਵ ਚੈਂਪੀਅਨ

## ਫ਼ਾਈਨਲ ਵਿੱਚ ਦੱਖਣੀ ਅਫਰੀਕਾ ਨੂੰ ਨੌਂ ਵਿਕਟਾਂ ਨਾਲ ਹਰਾਇਆ




ਭਾਰਤੀ ਮਹਿਲਾ ਅੰਡਰ-19 ਟੀਮ ਨੇ ਦੱਖਣੀ ਅਫਰੀਕਾ ਨੂੰ ਹਰਾ ਕੇ ਲਗਾਤਾਰ ਦੂਜੀ ਵਾਰ ਅੰਡਰ-19 ਮਹਿਲਾ ਟੀ-20 ਵਿਸ਼ਵ ਕੱਪ ਦਾ ਖਿਤਾਬ ਜਿੱਤ ਲਿਆ ਹੈ। ਫਾਈਨਲ ਮੈਚ ਵਿੱਚ ਭਾਰਤੀ ਮਹਿਲਾ ਟੀਮ ਦੀਆਂ ਗੇਂਦਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸ ਦੇ ਪ੍ਰਦਰਸ਼ਨ ਕਾਰਨ ਦੱਖਣੀ ਅਫਰੀਕਾ ਦੀ ਟੀਮ 82 ਦੌੜਾਂ 'ਤੇ ਸਿਮਟ ਗਈ।

ਟਾਸ ਜਿੱਤ ਕੇ ਦੱਖਣੀ ਅਫਰੀਕਾ ਨੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ ਪਰ ਇਹ ਫੈਸਲਾ ਉਨ੍ਹਾਂ ਦੇ ਹੱਕ ਵਿੱਚ ਨਹੀਂ ਗਿਆ। ਦੱਖਣੀ ਅਫ਼ਰੀਕਾ ਦੀ ਟੀਮ ਨੇ ਮੈਚ ਵਿੱਚ ਨਿਰਧਾਰਤ 20 ਓਵਰਾਂ ਵਿੱਚ 82 ਦੌੜਾਂ ਬਣਾਈਆਂ। ਜਵਾਬ 'ਚ ਭਾਰਤੀ ਮਹਿਲਾ ਟੀਮ ਨੇ ਸਿਰਫ 11.2 ਓਵਰਾਂ 'ਚ ਹੀ ਟੀਚਾ ਹਾਸਲ ਕਰ ਕੇ ਖਿਤਾਬ ਜਿੱਤ ਲਿਆ। ਨਿੱਕੀ ਦੀ ਅਗਵਾਈ ਵਾਲੀ ਟੀਮ ਨੇ ਸਾਰੇ ਵਿਭਾਗਾਂ ਵਿੱਚ ਵਧੀਆ ਪ੍ਰਦਰਸ਼ਨ ਕੀਤਾ।

ਦਰਅਸਲ, ਭਾਰਤੀ ਮਹਿਲਾ ਟੀਮ ਨੇ ਸੈਮੀਫਾਈਨਲ 'ਚ ਵੈਸਟਇੰਡੀਜ਼ (9 ਵਿਕਟਾਂ), ਮਲੇਸ਼ੀਆ (10 ਵਿਕਟਾਂ), ਸ਼੍ਰੀਲੰਕਾ (60 ਦੌੜਾਂ), ਬੰਗਲਾਦੇਸ਼ (8 ਵਿਕਟਾਂ), ਸਕਾਟਲੈਂਡ (150 ਦੌੜਾਂ) ਅਤੇ ਇੰਗਲੈਂਡ (9 ਵਿਕਟਾਂ) ਨੂੰ ਹਰਾਇਆ। ਇਸ ਜਿੱਤ ਤੋਂ ਬਾਅਦ ਭਾਰਤੀ ਮਹਿਲਾ ਟੀਮ ਨੇ ਫਾਈਨਲ 'ਚ ਪ੍ਰਵੇਸ਼ ਕਰ ਲਿਆ। ਫਾਈਨਲ ਮੈਚ ਵਿੱਚ ਭਾਰਤੀ ਮਹਿਲਾ ਟੀਮ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ।

ਭਾਰਤੀ ਮਹਿਲਾ ਟੀਮ ਦੀ ਸਲਾਮੀ ਬੱਲੇਬਾਜ਼ ਗੋਂਗੜੀ ਤ੍ਰਿਸ਼ਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸ ਨੇ ਮੈਚ ਵਿੱਚ 33 ਦੌੜਾਂ ਬਣਾ ਕੇ ਇੱਕ ਵੱਡਾ ਰਿਕਾਰਡ ਵੀ ਆਪਣੇ ਨਾਂਅ ਕਰ ਲਿਆ। ਉਹ ਮਹਿਲਾ ਅੰਡਰ-19 ਟੀ-20 ਵਿਸ਼ਵ ਕੱਪ ਦੇ ਇੱਕ ਸਿੰਗਲ ਐਡੀਸ਼ਨ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੀ ਖਿਡਾਰਨ ਬਣ ਗਈ। ਇਸ ਦੌਰਾਨ ਉਸਨੇ ਸ਼ਵੇਤਾ ਸਹਿਰਾਵਤ ਦਾ ਰਿਕਾਰਡ ਤੋੜ ਦਿੱਤਾ, ਜੋ ਉਸਨੇ ਸਾਲ 2023 ਵਿੱਚ ਅੰਡਰ-19 ਟੀ-20 ਵਿਸ਼ਵ ਕੱਪ ਵਿੱਚ ਬਣਾਇਆ ਸੀ। ਇਸ ਦੌਰਾਨ ਉਸ ਨੇ 7 ਪਾਰੀਆਂ 'ਚ 99 ਦੀ ਔਸਤ ਨਾਲ 297 ਦੌੜਾਂ ਬਣਾਈਆਂ।

ਆਈਸੀਸੀ ਅੰਡਰ-19 ਮਹਿਲਾ ਟੀ-20 ਵਿਸ਼ਵ ਕੱਪ ਸਾਲ 2023 ਵਿੱਚ ਸ਼ੁਰੂ ਹੋਇਆ ਸੀ ਅਤੇ ਟੀਮ ਇੰਡੀਆ ਨੇ ਪਹਿਲੇ ਹੀ ਐਡੀਸ਼ਨ ਵਿੱਚ ਖ਼ਿਤਾਬ ਜਿੱਤਿਆ ਸੀ। ਉਸ ਸਮੇਂ ਭਾਰਤੀ ਟੀਮ ਦੀ ਕਪਤਾਨ ਸ਼ੈਫਾਲੀ ਵਰਮਾ ਸੀ ਅਤੇ ਭਾਰਤੀ ਮਹਿਲਾ ਟੀਮ ਨੇ ਇੰਗਲੈਂਡ ਨੂੰ 7 ਵਿਕਟਾਂ ਨਾਲ ਹਰਾਇਆ ਸੀ। ਹੁਣ ਦੋ ਸਾਲ ਬਾਅਦ ਟੀਮ ਇੰਡੀਆ 2025 ਅੰਡਰ-19 ਟੀ-20 ਵਿਸ਼ਵ ਕੱਪ 'ਚ ਨਿੱਕੀ ਪ੍ਰਸਾਦ ਦੀ ਕਪਤਾਨੀ 'ਚ ਦੂਜੀ ਵਾਰ ਵਿਸ਼ਵ ਚੈਂਪੀਅਨ ਬਣੀ ਹੈ।

ਭਾਰਤੀ ਗੇਂਦਬਾਜ਼ਾਂ ਨੇ ਆਈ.ਸੀ.ਸੀ. ਅੰਡਰ-19 ਮਹਿਲਾ ਟੀ-20 ਵਿਸ਼ਵ ਕੱਪ 2025 ਦੇ ਫਾਈਨਲ ਮੈਚ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਮੈਚ 'ਚ ਟਾਸ ਜਿੱਤ ਕੇ ਦੱਖਣੀ ਅਫਰੀਕਾ ਦੀ ਟੀਮ ਨੇ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਇਸ ਤਰ੍ਹਾਂ ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਦੱਖਣੀ ਅਫਰੀਕੀ ਟੀਮ ਸ਼ੁਰੂ ਤੋਂ ਹੀ ਬਿਖਰਦੀ ਨਜ਼ਰ ਆਈ। ਭਾਰਤੀ ਮਹਿਲਾ ਗੇਂਦਬਾਜ਼ਾਂ ਨੇ ਅਫਰੀਕੀ ਬੱਲੇਬਾਜ਼ਾਂ 'ਤੇ ਤਬਾਹੀ ਮਚਾਈ ਅਤੇ ਗੋਂਗੜੀ ਨੇ ਸਭ ਤੋਂ ਵੱਧ ਤਿੰਨ ਵਿਕਟਾਂ ਲਈਆਂ। ਉਨ੍ਹਾਂ ਤੋਂ ਇਲਾਵਾ ਆਯੂਸ਼ੀ-ਵੈਸ਼ਨਵੀ ਅਤੇ ਪਾਰੁਣਿਕਾ ਨੂੰ ਦੋ-ਦੋ ਸਫ਼ਲਤਾ ਮਿਲੀ। ਸ਼ਬਨਮ ਨੇ ਇਕ ਵਿਕਟ ਲਈ।

ਇਸ ਤਰ੍ਹਾਂ ਦੱਖਣੀ ਅਫ਼ਰੀਕਾ ਦੀ ਟੀਮ ਸਿਰਫ਼ 82 ਦੌੜਾਂ ਹੀ ਬਣਾ ਸਕੀ। 83 ਦੌੜਾਂ ਦਾ ਪਿੱਛਾ ਕਰਨ ਉਤਰੀ ਭਾਰਤੀ ਮਹਿਲਾ ਟੀਮ ਨੇ ਗੋਂਗਦਾ ਤ੍ਰਿਸ਼ਾ (44) ਅਤੇ ਸਾਨਿਕਾ (26) ਦੀਆਂ ਦੌੜਾਂ ਦੀ ਮਦਦ ਨਾਲ 11.2 ਓਵਰਾਂ ਵਿੱਚ ਟੀਚਾ ਹਾਸਲ ਕਰ ਲਿਆ।

# ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦਾ ਸੁਨੇਹਾ ਦਿੰਦਿਆਂ ਕਿਲ੍ਹਾ ਰਾਏਪੁਰ ਖੇਡਾਂ ਸਮਾਪਤ



ਲੁਧਿਆਣਾ/ਏ.ਟੀ.ਨਿਊਜ਼: ਮਿੰਨੀ ਪੇਂਡੂ ਉਲੰਪਿਕ ਖੇਡਾਂ ਵਜੋਂ ਮਸ਼ਹੂਰ ਕਿਲ੍ਹਾ ਰਾਏਪੁਰ ਦੀਆਂ ਤਿੰਨ ਦਿਨਾਂ ਖੇਡਾਂ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦਾ ਸੁਨੇਹਾ ਦਿੰਦੀਆਂ ਸਮਾਪਤ ਹੋ ਗਈਆਂ। ਇਨ੍ਹਾਂ ਖੇਡਾਂ ਦੌਰਾਨ ਵੱਖ-ਵੱਖ ਰੌਚਕ ਮੁਕਾਬਲੇ ਕਰਵਾਏ ਗਏ। ਐਥਲੈਟਿਕ ਲੜਕਿਆਂ ਦੀ 200 ਮੀਟਰ ਦੌੜ ਵਿੱਚੋਂ ਮੋਗਾ ਦਾ ਜਸ਼ਨਪ੍ਰੀਤ ਅਤੇ ਲੜਕੀਆਂ ਵਿੱਚੋਂ ਦਿੱਲੀ ਦੀ ਸਿਮਰਨਦੀਪ ਕੌਰ ਜੇਤੂ ਰਹੀ। 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ 100 ਮੀਟਰ ਦੌੜ ਬਿੱਕਰ ਸਿੰਘ ਨੇ ਜਿੱਤੀ। ਪੰਜਾਬ ਸਰਕਾਰ ਵੱਲੋਂ ਕਰਵਾਈਆਂ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਦੇ ਆਖ਼ਰੀ ਦਿਨ ਜਿੱਥੇ ਪੁਰਾਤਨ ਖੇਡਾਂ ਕਰਵਾਈਆਂ ਗਈਆਂ, ਉੱਥੇ ਅਥਲੈਟਿਕ, ਹਾਕੀ, ਵਾਲੀਬਾਲ ਸ਼ੂਟਿੰਗ ਦੇ ਫਸਵੇਂ ਮੁਕਾਬਲੇ ਦੇਖਣ ਨੂੰ ਮਿਲੇ। ਖੇਡਾਂ ਦੇ ਆਖ਼ਰੀ ਦਿਨ ਲੜਕਿਆਂ ਦੇ ਹਾਕੀ ਮੁਕਾਬਲਿਆਂ ਦੇ ਫਾਈਨਲ ਮੈਚ ਵਿੱਚ ਸ਼ਾਹਬਾਦ ਮਾਰਕੰਡਾ ਦੀ ਟੀਮ ਨੇ ਜਰਖੜ ਅਕੈਡਮੀ ਨੂੰ 4-2 ਅੰਕਾਂ ਨਾਲ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਲੜਕੀਆਂ ਦੀ ਕਬੱਡੀ ਸਰਕਲ ਵਿੱਚ ਏਕਨੂਰ ਕਲੱਬ ਫ਼ਰੀਦਕੋਟ ਨੇ ਪਹਿਲਾ ਤੇ ਜਗਤਪੁਰਾ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਵਾਲੀਬਾਲ ਸ਼ੂਟਿੰਗ ਵਿੱਚ ਬਾਸੀਆ ਬੇਟ ਨੇ ਪਹਿਲਾ ਅਤੇ ਅਹਿਮਦਗੜ੍ਹ ਦੀ ਟੀਮ ਨੇ (ਬਾਕੀ ਸਫ਼ਾ 31 'ਤੇ)

# ਸ਼੍ਰੋਮਣੀ ਕਮੇਟੀ ਦੀ ਕਬੱਡੀ ਟੀਮ ਦਾ ਐਲਾਨ




ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਬੱਡੀ ਟੀਮ ਦਾ ਆਉਣ ਵਾਲੇ ਸੈਸ਼ਨ 2025 ਲਈ ਐਲਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਅਮਰਜੀਤ ਸਿੰਘ ਭਲਾਈਪੁਰ ਤੇ ਸਕੱਤਰ ਖੇਡ ਤੇਜਿੰਦਰ ਸਿੰਘ ਪੱਡਾ ਨੇ ਟੀਮ ਐਲਾਨ ਕਰਦਿਆਂ ਖਿਡਾਰੀਆਂ ਦੀਆਂ ਨਵੀਆਂ ਜਰਸੀਆਂ ਜਾਰੀ ਕੀਤੀਆਂ। ਸ੍ਰੀ ਮੰਨਣ ਨੇ ਕਿਹਾ ਕਿ ਨਵੀਂ ਟੀਮ ਮੇਜਰ ਸਿੰਘ ਸਹੇੜੀ ਕੋਚ ਦੀ ਨਿਗਰਾਨੀ ਹੇਠ ਮੇਜਰ ਲੀਗ ਕਬੱਡੀ ਫੈਡਰੇਸ਼ਨ 'ਚ ਖੇਡੇਗੀ। ਇਸ ਟੀਮ ਵਿੱਚ ਭੁਪਿੰਦਰ ਸਿੰਘ ਭਿੰਦਾ ਮੂਲੇਵਾਲ ਨੂੰ ਕਪਤਾਨ ਅਤੇ ਕੁਲਦੀਪ ਸਿੰਘ ਸ਼ਿਕਾਰ ਮਾਛੀਆਂ ਤੇ ਜਰਮਨਜੀਤ ਸਿੰਘ ਬੱਲਪੁਰੀਆਂ ਨੂੰ ਉਪ ਕਪਤਾਨ ਬਣਾਇਆ ਗਿਆ ਹੈ। ਇਸੇ ਤਰ੍ਹਾਂ ਟੀਮ 'ਚ ਅੰਮ੍ਰਿਤਪਾਲ ਸਿੰਘ ਲੰਬੜ ਮੱਲੀਆਂ, ਮਨਪ੍ਰੀਤ ਸਿੰਘ ਟਰਪੱਲਾ, ਸ਼ਨੀਪ੍ਰਤਾਪ ਸਿੰਘ ਡੇਰਾ ਬਾਬਾ ਨਾਨਕ, ਬਲਰਾਜ ਸਿੰਘ ਬੱਲਾ ਕਠਿਆਲਾ, ਲਵਜੀਤ ਸਿੰਘ ਕੁਹਾਲਾ, ਸੁਖਰਾਜ ਸਿੰਘ ਰਤਨਗੜ੍ਹ, ਜਸਪਿੰਦਰ ਸਿੰਘ ਜੱਸ, ਕਰਮਜੀਤ ਸਿੰਘ ਲਸਾੜਾ, ਧਰਮਪਾਲ ਸਿੰਘ ਅਵਾਨ, ਕੁਲਜੀਤ ਸਿੰਘ ਘਰਾਚੋਂ, ਗੁਰਪ੍ਰੀਤ ਸਿੰਘ ਮੰਗੂ, ਗੁਰਪ੍ਰੀਤ ਸਿੰਘ ਮੰਡੀਆਂ, ਕੰਮਲਜੀਤ ਸਿੰਘ ਲੰਬੜ, ਗਗਨਦੀਪ ਸਿੰਘ ਡੇਰਾ ਬਾਬਾ ਨਾਨਕ, ਲਵਪ੍ਰੀਤ ਸਿੰਘ ਗਗੂ, ਹਰਮਨਪ੍ਰੀਤ ਸਿੰਘ ਰੋਡੇ ਤੇ ਬਲਰਾਜ ਸਿੰਘ ਬੱਲਾ ਖੇਡਣਗੇ। ਉਨ੍ਹਾਂ ਨੌਜਵਾਨਾ ਨੂੰ ਖੇਡਾਂ ਨਾਲ ਜੁੜਨ ਲਈ ਪ੍ਰੇਰਿਆ।

# ਹੁਣ ਤੱਕ 350 ਤੋਂ ਵੱਧ ਤਗਮੇ ਜਿੱਤ ਚੁੱਕਾ ਹੈ 73 ਸਾਲਾਂ ਦਾ 'ਨੌਜਵਾਨ' ਬਲਵੰਤ ਸਿੰਘ



ਪੰਜਾਬ 'ਚ ਵਗ ਰਹੇ ਛੇਵੇਂ ਨਸ਼ਿਆਂ ਦੇ ਦਰਿਆ 'ਚ ਡੁੱਬਦੇ ਜਾ ਰਹੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ ਬਟਾਲਾ ਦੇ ਨਜ਼ਦੀਕੀ ਪਿੰਡ ਤਲਵੰਡੀ ਝੀਰਾਂ ਦਾ 73 ਸਾਲਾਂ ਦਾ 'ਨੌਜਵਾਨ' ਬਲਵੰਤ ਸਿੰਘ । ਬਲਵੰਤ ਸਿੰਘ ਪੁੱਤਰ ਅਜੀਤ ਸਿੰਘ ਪੇਸ਼ੇ ਵਜੋਂ ਮਿਹਨਤ ਮਜ਼ਦੂਰੀ ਕਰਦਾ ਹੈ ਪਰ ਦੌੜਾਂ ਨਾਲ ਅਥਾਹ ਪਿਆਰ ਹੋਣ ਕਾਰਨ ਹੁਣ ਤੱਕ 350 ਤੋਂ ਵੱਧ ਤਗਮੇ ਜਿੱਤ ਚੁੱਕਾ ਹੈ। ਦੌੜਾਂ ਦੌਰਾਨ ਆਪਣੀ ਵੱਖਰੀ ਪਛਾਣ ਬਣਾ ਚੁੱਕੇ ਬਲਵੰਤ ਸਿੰਘ ਨੂੰ ਉਹਨਾਂ ਦੇ ਸਹਿਯੋਗੀਆਂ ਵੱਲੋਂ ਹਰ ਪੱਖੋਂ ਸਹਿਯੋਗ ਦਿੱਤਾ ਜਾਂਦਾ ਹੈ, ਜਿਸ ਸਦਕਾ ਉਹ ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਹੁੰਦੀਆਂ ਮੈਰਾਥਾਨ ਦੌੜਾਂ 'ਚ ਆਪਣਾ ਨਾਂ ਚਮਕਾ ਚੁੱਕਾ ਹੈ। ਆਪਣੀਆਂ ਪ੍ਰਾਪਤੀਆਂ ਸਾਂਝੀਆਂ ਕਰਦਿਆਂ ਬਲਵੰਤ ਸਿੰਘ ਨੇ ਦੱਸਿਆ ਕਿ ਉਸ ਦੇ ਪਿਓ-ਦਾਦੇ ਵੀ ਕਬੱਡੀ ਤੇ ਹੋਰ ਖੇਡਾਂ ਖੇਡਦੇ ਹੁੰਦੇ ਸਨ। ਉਸ ਨੇ ਦੱਸਿਆ ਕਿ ਉਸ ਦਾ ਪਿਤਾ ਅਜੀਤ ਸਿੰਘ ਕਬੱਡੀ ਦਾ ਵਧੀਆ ਖਿਡਾਰੀ ਸੀ, ਜਿਸ ਤੋਂ ਪ੍ਰੇਰਨਾ ਲੈ ਕੇ ਉਸ ਨੇ ਵੀ ਪਹਿਲਾਂ ਕਬੱਡੀ ਖੇਡਣੀ ਸ਼ੁਰੂ ਕੀਤੀ ਅਤੇ ਕਰੀਬ 25 ਸਾਲ ਉਹ ਕਬੱਡੀ ਖੇਡਦਾ ਰਿਹਾ ਤੇ ਆਸ-ਪਾਸ ਦੇ ਪਿੰਡਾਂ 'ਚ ਉਸ ਦਾ ਨਾਂ ਬੋਲਦਾ ਹੈ। ਬਲਵੰਤ ਸਿੰਘ ਨੇ ਦੱਸਿਆ ਕਿ ਕਬੱਡੀ ਦੇ ਨਾਲ-ਨਾਲ ਹੀ ਉਸ ਦੇ ਅੰਦਰ ਦੌੜਾਂ ਲਗਾਉਣ ਦਾ ਚਾਅ ਜਾਗ ਪਿਆ । ਉਸ ਨੇ ਦੱਸਿਆ ਕਿ ਦੌੜਾਂ 'ਚ ਅਜਿਹੀ ਪ੍ਰੀਤ ਲੱਗੀ ਕਿ ਪਹਿਲਾਂ ਉਸ ਨੇ ਮੀਟਰਾਂ 'ਚ ਦੌੜ ਸ਼ੁਰੂ ਕੀਤੀ ਅਤੇ ਉਸ ਤੋਂ ਬਾਅਦ ਕਿਲੋਮੀਟਰਾਂ 'ਚ ਦੌੜਨਾ ਸ਼ੁਰੂ ਕਰ ਦਿੱਤਾ। ਉਸ ਨੇ ਦੱਸਿਆ ਕਿ ਉਹ 20 ਤੋਂ 25 ਕਿਲੋਮੀਟਰ ਮੈਰਾਥਨ ਦੌੜਾਂ 'ਚ ਅਹਿਮ ਪ੍ਰਾਪਤੀਆਂ ਕਰ ਚੁੱਕਾ ਹੈ ਅਤੇ 45 ਕਿਲੋਮੀਟਰ ਮੈਰਾਥਨ ਦੌੜਾਂ 'ਚ ਵੀ ਉਸ ਨੇ ਪੰਜ-ਪੰਜ ਸੋਨ ਤਗਮੇ ਇੱਕੋ ਵਾਰੀ ਜਿੱਤੇ ਹਨ। ਉਸ ਨੇ ਦੱਸਿਆ ਕਿ ਦੌੜਾਂ ਦੀ ਖੇਡ ਲਈ ਉਸ ਨੂੰ ਆਪਣੇ ਪਰਿਵਾਰ ਦਾ ਪੂਰਾ ਸਹਿਯੋਗ ਮਿਲਦਾ ਹੈ ਅਤੇ 73 ਸਾਲ ਦੀ ਉਮਰ 'ਚ ਵੀ ਉਹ ਆਪਣੇ ਆਪ ਨੂੰ ਨੌਜਵਾਨ ਸਮਝਦਾ ਹੈ ।ਬਲਵੰਤ ਸਿੰਘ ਨੇ ਦੱਸਿਆ ਕਿ ਉਹ ਬਿਲਕੁੱਲ ਸਾਦਾ ਖਾਣਾ ਖਾਂਦਾ ਹੈ ਪਰ ਉਸ ਦੀ ਸਿਹਤ ਦਾ ਰਾਜ਼ ਇਹ ਹੈ ਕਿ ਉਹ ਹਰ ਰੋਜ਼ ਆਪਣੀ ਜੀਵ ਪਾਲਕਾ ਲਈ ਕੁਹਾੜਾ ਚਲਾਉਂਦਾ ਹੈ। ਉਸ ਨੇ ਦੱਸਿਆ ਕਿ ਉਹ ਪੇਸ਼ੇ ਵਜੋਂ ਲੱਕੜਾਂ ਕੱਟਣ ਦਾ ਕੰਮ ਕਰਦਾ ਹੈ ਅਤੇ ਆਪਣੀ ਮਿਹਨਤ ਮਜ਼ਦੂਰੀ ਦੇ ਨਾਲ-ਨਾਲ ਦੌੜਾਂ ਨਾਲ ਉਸ ਦਾ ਅਥਾਹ ਪਿਆਰ ਹੈ।

**ਤੜਕਸਾਰ ਚਾਰ ਵਜੇ ਤੋਂ ਲੈ ਕੇ 8 ਵਜੇ ਤੱਕ ਰੋਜ਼ ਦੌੜਦਾ ਹਾਂ**

ਬਲਵੰਤ ਸਿੰਘ ਨੇ ਦੱਸਿਆ ਕਿ ਉਹ ਹਰ ਰੋਜ਼ ਤੜਕਸਾਰ 4 ਵਜੇ ਉੱਠ ਕੇ ਗਰਾਊਂਡ 'ਚ ਚਲਾ ਜਾਂਦਾ ਹੈ ਅਤੇ 4 ਵਜੇ ਤੋਂ ਲੈ ਕੇ 8 ਵਜੇ ਤੱਕ ਸਰੀਰ ਨੂੰ ਪੂਰੀ ਤਰ੍ਹਾਂ ਗਰਮ ਕਰਦਾ ਹੈ। ਉਸ ਨੇ ਦੱਸਿਆ ਕਿ ਉਹ ਹਰ ਰੋਜ਼ 15 ਤੋਂ 20 ਕਿਲੋਮੀਟਰ ਦੌੜਦਾ ਹੈ ਅਤੇ ਜਦ ਉਹ 42 ਕਿਲੋਮੀਟਰ ਦੌੜ ਦੇ ਮੁਕਾਬਲੇ ਲਈ ਭਾਗ ਲੈਣ ਜਾਂਦਾ ਹੈ ਤਾਂ ਉਸ ਤੋਂ ਪਹਿਲਾਂ ਉਹ 45 ਕਿਲੋਮੀਟਰ ਤੱਕ ਦੌੜ ਦੌੜਦਾ ਹੈ।

350 ਤੋਂ ਵੱਧ ਤਗਮੇ ਜਿੱਤੇ

ਬਲਵੰਤ ਸਿੰਘ ਨੇ ਆਪਣੀਆਂ ਪ੍ਰਾਪਤੀਆਂ ਬਾਰੇ ਜ਼ਿਕਰ ਕਰਦਿਆਂ ਦੱਸਿਆ ਕਿ ਕਬੱਡੀ ਤੋਂ ਬਾਅਦ ਦੌੜਾਂ 'ਚ ਉਸ ਨੇ ਆਪਣਾ ਪੂਰਾ ਧਿਆਨ ਦਿੱਤਾ ਹੋਇਆ ਹੈ ਅਤੇ ਹੁਣ ਤੱਕ ਵੱਖ-ਵੱਖ ਥਾਵਾਂ ਤੋਂ 350 ਤੋਂ ਵਧੇਰੇ ਸੋਨ, ਚਾਂਦੀ ਅਤੇ ਕਾਂਸੀ ਦੇ ਤਮਗੇ ਜਿੱਤ ਚੁੱਕਾ ਹੈ। ਉਸ ਨੇ ਦੱਸਿਆ ਕਿ ਉਹ ਦਿੱਲੀ, ਮੁੰਬਈ, ਕਲਕੱਤਾ, ਅਹਿਮਦਾਬਾਦ, ਗੁਜਰਾਤ , ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਰਾਜਾਂ 'ਚ ਵੀ ਮੈਰਾਥਨ ਦੌੜਾ ਖੇਡ ਚੁੱਕਾ ਤੇ ਪਹਿਲੇ ਸਥਾਨ 'ਤੇ ਰਹਿੰਦਾ ਰਿਹਾ ਹੈ। ਉਸ ਨੇ ਦੱਸਿਆ ਕਿ ਜਿੱਤੇ ਹੋਏ ਤਮਗੇ ਅਤੇ ਸਨਮਾਨ ਚਿੰਨ੍ਹ ਦੇਖ ਕੇ ਉਹ ਆਪਣੇ ਆਪ ਨੂੰ ਕਿਸੇ ਹੀਰੋ ਤੋਂ ਘੱਟ ਨਹੀਂ ਸਮਝਦਾ।

**ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਨੂੰ ਅਪਣਾਉਣ**

ਬਲਵੰਤ ਸਿੰਘ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਨੂੰ ਅਪਣਾਉਣ। ਉਸ ਨੇ ਕਿਹਾ ਕਿ ਖੇਡਾਂ ਚ ਭਵਿੱਖ ਉਜਵਲ ਹੈ ਅਤੇ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਦੇਸ਼ ਸੇਵਾ ਕਰਨ ਦਾ ਵੀ ਮੌਕਾ ਮਿਲਦਾ ਹੈ। ਉਸ ਨੇ ਅਜੋਕੇ ਸਮੇਂ 'ਚ ਨਸ਼ਿਆਂ 'ਚ ਗਲਤਾਨ ਨੌਜਵਾਨ ਪੀੜ੍ਹੀ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੂੰ ਨੌਜਵਾਨਾਂ ਨੂੰ ਨਸ਼ਿਆਂ 'ਚੋਂ ਬਾਹਰ ਕੱਢਣ ਲਈ ਵੱਡਾ ਉਪਰਾਲਾ ਕਰਨਾ ਚਾਹੀਦਾ ਹੈ।

# ਕਜਰਾਰੇ ਨੈਣਾਂ ਵਾਲੀ ਮੋਨਾਲਿਸਾ ਨੂੰ ਮਿਲੀ ਵੱਡੀ ਫ਼ਿਲਮ

ਅੱਜ ਦੇ ਦੌਰ ਵਿੱਚ ਜੇ ਕੋਈ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਜਾਂਦਾ ਹੈ ਤਾਂ ਉਸ ਦੀ ਕਿਸਮਤ ਚਮਕਣ ਨੂੰ ਦੇਰ ਨਹੀਂ ਲੱਗਦੀ। ਅਜਿਹਾ ਹੀ ਕੁਝ ਪ੍ਰਯਾਗਰਾਜ ਵਿੱਚ ਆਯੋਜਿਤ ਮਹਾਕੁੰਭ ਮੇਲੇ ਦੀ ਮੋਨਾਲਿਸਾ ਭੋਸਲੇ ਨਾਲ ਹੋਇਆ ਹੈ।

ਮਹਾਕੁੰਭ ਮੇਲੇ ਵਿੱਚ ਫ਼ੁੱਲ ਵੇਚਣ ਵਾਲੀ ਮੋਨਾਲਿਸਾ ਦੇ ਕਜਰਾਰੇ ਨੈਣਾਂ ਦੀਆਂ ਫ਼ੋਟੋਆਂ ਤੇ ਵੀਡੀਓ ਇੰਟਰਨੈੱਟ ’ਤੇ ਵਾਇਰਲ ਹੋਈਆਂ ਸਨ।

ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਸ਼ਹਿਰ ਵਿੱਚ ਇਸ ਸਮੇਂ ਮਹਾਕੁੰਭ ਮੇਲਾ ਚਲ ਰਿਹਾ ਹੈ। ਇਸ ਮੇਲੇ ਵਿੱਚ ਕੁਝ ਦਿਨ ਪਹਿਲਾਂ ਮੋਨਾਲਿਸਾ ਫ਼ੁੱਲ ਵੇਚਣ ਆਈ ਸੀ ਪਰ ਆਪਣੀ ਖ਼ੂਬਸੂਰਤੀ ਤੇ ਝੀਲ ਵਰਗੀਆਂ ਅੱਖਾਂ ਨਾਲ ਉਸ ਨੇ ਕਾਫ਼ੀ ਸੁਰਖ਼ੀਆਂ ਬਟੋਰੀਆਂ।

ਹੁਣ ਉਸ ਨੂੰ ਬਾਲੀਵੁੱਡ ਫ਼ਿਲਮ ਨਿਰਦੇਸ਼ਕ ਸਨੋਜ ਮਿਸ਼ਰਾ ਨੇ ਆਪਣੀ ਆਉਣ ਵਾਲੀ ਫ਼ਿਲਮ ‘ਦਿ ਡਾਇਰੀ ਆਫ਼ ਮਨੀਪੁਰ’ ਆਫ਼ਰ ਕੀਤੀ ਹੈ, ਜਿਸ ਦੀ ਜਾਣਕਾਰੀ ਉਸ ਨੇ ਆਪਣੇ ਆਫ਼ੀਸ਼ਲ ਇੰਸਟਾਗ੍ਰਾਮ ਹੈਂਡਲ ’ਤੇ ਦਿੱਤੀ। ਸਨੋਜ ਮਿਸ਼ਰਾ ਦੀ ਗੱਲ ਸੁਣ ਕੇ ਮੋਨਾਲਿਸਾ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ ਤੇ ਉਸ ਨੇ ਡਾਇਰੈਕਟਰ ਦਾ ਧੰਨਵਾਦ ਕੀਤਾ। ਇਸ ਦੇ ਨਾਲ ਹੀ ਦੇਖਣਾ ਇਹ ਹੋਵੇਗਾ ਕਿ ‘ਦਿ ਡਾਇਰੀ ਆਫ਼ ਮਨੀਪੁਰ’ ਵਿੱਚ ਮੋਨਾਲਿਸਾ ਭੋਸਲੇ ਕਿਸ ਤਰ੍ਹਾਂ ਦੀ ਅਦਾਕਾਰੀ ਦਾ ਜਾਦੂ ਚਲਾਉਂਦੀ ਹੈ। ਇਸ ਫ਼ਿਲਮ ਵਿੱਚ ਮੋਨਾਲਿਸਾ ਨਾਲ ਅਦਾਕਾਰ ਰਾਜਕੁਮਾਰ ਰਾਓ ਦਾ ਵੱਡੇ ਭਰਾ ਅਮਿਤ ਰਾਓ ਵੀ ਨਜ਼ਰ ਆਵੇਗਾ।



ਦਰਅਸਲ ਸਨੋਜ ਮਿਸ਼ਰਾ ਸਿਨੇਮਾ ਜਗਤ ਦੇ ਮਸ਼ਹੂਰ ਫ਼ਿਲਮਮੇਕਰਾਂ ਵਿੱਚੋਂ ਇੱਕ ਹੈ। ਜ਼ਿਕਰਯੋਗ ਹੈ ਕਿ ਬੀਤੇ ਸਾਲ ਆਈ ‘ਦਿ ਡਾਇਰੀ ਆਫ਼ ਬੰਗਾਲ’ ਜ਼ਰੀਏ ਸਨੋਜ ਦਾ ਨਾਂ ਲਾਈਮਲਾਈਟ ਵਿੱਚ ਆਇਆ ਸੀ ਤੇ ਇਸ ਫ਼ਿਲਮ ਜ਼ਰੀਏ ਉਸ ਨੇ ਕਾਫ਼ੀ ਪ੍ਰਸਿੱਧੀ ਹਾਸਲ ਕੀਤੀ।



# ਕੁਦਰਤ ਨਾਲ ਬਹੁਤ ਪਿਆਰ ਹੈ ਦਿਲਜੀਤ ਦੋਸਾਂਝ ਨੂੰ



ਮੁੰਬਈ/ਏ.ਟੀ.ਨਿਊਜ਼: ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਇਸ ਵੇਲੇ ਆਪਣਾ ਕੁਝ ਸਮਾਂ ਸ਼ਾਂਤੀ ਨਾਲ ਬਤੀਤ ਕਰ ਰਿਹਾ ਹੈ। ਪੰਜਾਬੀ ਗਾਇਕ ਤੇ ਅਦਾਕਾਰ ਦੇ ਦਿਲ-ਲੁਮਿਨਾਟੀ ਟੂਰ ਨੂੰ ਦੇਸ਼ ਤੇ ਵਿਦੇਸ਼ ਵਿੱਚ ਹੁੰਗਾਰਾ ਮਿਲਿਆ ਸੀ। ਦਿਲਜੀਤ ਨੇ ਇੰਸਟਾਗ੍ਰਾਮ ’ਤੇ ਕੁਦਰਤ ਦਾ ਆਨੰਦ ਮਾਣਦੇ ਦੀ ਵੀਡੀਓ ਸ਼ੇਅਰ ਕੀਤੀ ਹੈ। ਉਸ ਨੇ ਵੀਡੀਓ ’ਤੇ ਲਿਖਿਆ, ‘ਜੰਗਲ ਮੇਂ ਮੰਗਲ।’ ਇਸ ਤੋਂ ਪਹਿਲਾਂ ਦਿਲਜੀਤ ਨੇ ਆਪਣੀ ਆਉਣ ਵਾਲੀ ਫ਼ਿਲਮ ‘ਪੰਜਾਬ ‘95’ ਦੀ ਪਹਿਲੀ ਝਲਕ ਸਾਂਝੀ ਕੀਤੀ ਸੀ। ਉਸ ਨੇ ਆਪਣੇ ਇੰਸਟਾਗ੍ਰਾਮ ’ਤੇ ਇਸ ਫ਼ਿਲਮ ਦੀਆਂ ਤਸਵੀਰਾਂ ਦੀ ਲੜੀ ਸਾਂਝੀ ਕੀਤੀ, ਜਿਸ ਵਿੱਚ ਉਸ ਦੇ ਫ਼ਿਲਮ ਵਿੱਚ ਨਿਭਾਏ ਕਿਰਦਾਰ ਬਾਰੇ ਜਾਣਕਾਰੀ ਮਿਲਦੀ ਹੈ। ਉਸ ਨੇ ਇਸ ਦੀ ਕੈਪਸ਼ਨ ਵਿੱਚ ਲਿਖਿਆ, ‘ਮੈਂ ਕਾਲੇ ਦੌਰ ਨੂੰ ਚੁਣੌਤੀ ਦਿੰਦਾ ਹਾਂ।’ਪੰਜਾਬ 95’ ਫ਼ਿਲਮ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ ’ਤੇ ਆਧਾਰਿਤ ਹੈ। ਪੰਜਾਬ ਵਿੱਚ ਖਾੜਕੂਵਾਦ ਦੇ ਦੌਰ ਵਿੱਚ ਉਹ ਪੰਜਾਬ ਦੇ ਅੰਮ੍ਰਿਤਸਰ ਸ਼ਹਿਰ ਵਿੱਚ ਬੈਂਕ ਦਾ ਡਾਇਰੈਕਟਰ ਸੀ। ਅਪਰੇਸ਼ਨ ਬਲਿਊ ਸਟਾਰ, ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਬਾਅਦ ਪੁਲਿਸ ਨੂੰ ਕਿਸੇ ਵੀ ਕਾਰਨ ਮਸ਼ਕੂਕਾਂ ਨੂੰ ਹਿਰਾਸਤ ਵਿੱਚ ਲੈਣ ਦਾ ਅਧਿਕਾਰ ਦਿੱਤਾ ਗਿਆ ਸੀ। ਉਸ ਵੇਲੇ ਪੁਲਿਸ ਨੇ ਕਈ ਫ਼ਰਜ਼ੀ ਮੁਕਾਬਲੇ ਬਣਾ ਕੇ ਨਿਰਦੋਸ਼ਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ ਤੇ ਇਨ੍ਹਾਂ ਕਤਲਾਂ ਨੂੰ ਲੁਕਾਉਣ ਲਈ ਵੱਡੀ ਗਿਣਤੀ ਲਾਸ਼ਾਂ ਨੂੰ ਸਾੜ ਦਿੱਤਾ ਸੀ। ਖਾਲੜਾ ਇੱਕ ਸਮੇਂ ਵਿੱਚ ਚਾਰ ਵੱਡੇ ਕੇਸਾਂ ਦੀ ਜਾਂਚ ਕਰ ਰਿਹਾ ਸੀ, ਜੋ ਇਨ੍ਹਾਂ ਘਟਨਾਵਾਂ ਦੇ ਸਬੂਤ ਅਤੇ ਗਵਾਹ ਇਕੱਠੇ ਕਰਦਾ ਰਿਹਾ। ਇਸ ਫ਼ਿਲਮ ’ਚ ਇਹ ਸਭ ਕੁਝ ਬਿਆਨਦੀ ਹੈ। ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ ਇਨ ਇੰਡੀਆ ਨੇ ਫ਼ਿਲਮ ਵਿੱਚ 120 ਕੱਟ ਲਾਉਣ ਦਾ ਪ੍ਰਸਤਾਵ ਦਿੱਤਾ ਪਰ ਫ਼ਿਲਮ ਵਿੱਚ ਕੀ ਕੱਟਿਆ ਗਿਆ ਹੈ ਤੇ ਕੀ ਦਿਖਾਇਆ ਜਾਵੇਗਾ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲੀ।

ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਸੋਸ਼ਲ ਮੀਡੀਆ ’ਤੇ ਜੁੜੇ ਆਪਣੇ ਪ੍ਰਸ਼ੰਸਕਾਂ ਨੂੰ ਹਰ ਪਲ ਦੀ ਤਾਜ਼ਾ ਜਾਣਕਾਰੀ ਦਿੰਦੇ ਰਹਿੰਦੇ ਹਨ। ਹਾਲ ਹੀ ਵਿੱਚ ਗਾਇਕ ਨੇ ਇੰਸਟਾਗ੍ਰਾਮ ਸਟੋਰੀ ਸਾਂਝੀ ਕੀਤੀ ਜਿਸ ਵਿੱਚ ਉਨ੍ਹਾਂ ਦੱਸਿਆ ਕਿ ਉਹ ਚਾਹ ਨਾਲ ਆਟੇ ਵਾਲੇ ਬਿਸਕੁਟ ਖਾਣ ਤੋਂ ਖੁੰਝ ਗਿਆ। ਵੀਡੀਓ ਵਿੱਚ ਦਿਲਜੀਤ ਦੋਸਾਂਝ ਨੂੰ ਇੱਕ ਟਿੱਪਣੀ ਪੜ੍ਹਦਿਆਂ ਦੇਖਿਆ ਜਾ ਸਕਦਾ ਹੈ ਜਿੱਥੇ ਇੱਕ ਪ੍ਰਸ਼ੰਸਕ ਉਸ ਨੂੰ ਚਾਹ ਤੇ ਆਟੇ ਵਾਲੇ ਬਿਸਕੁਟ ਖਾਣ ਦਾ ਸੱਦਾ ਦਿੰਦਾ ਹੈ। ਇਸ ਦੇ ਜਵਾਬ ਵਿੱਚ ਦਿਲਜੀਤ ਨੇ ਕਿਹਾ,‘ਇਸ ਨੇ ਉਸ ਨੂੰ ਪੁਰਾਣੇ ਦਿਨਾਂ ਦੀ ਯਾਦ ਦਿਵਾ ਦਿੱਤੀ ਜਦੋਂ ਉਹ ਹੱਥਾਂ ਨਾਲ ਬਣੇ ਆਟੇ ਵਾਲੇ ਬਿਸਕੁਟਾਂ ਨਾਲ ਚਾਹ ਦਾ ਆਨੰਦ ਮਾਣਦਾ ਸੀ।’ ਉਸ ਨੇ ਖੁਲਾਸਾ ਕੀਤਾ ਕਿ ਇਹ ਬਿਸਕੁਟ ਹਾਲੇ ਵੀ ਉਸ ਦੀ ਨਾਨੀ ਦੇ ਘਰ ਮਿਲਦੇ ਹਨ। ਦੂਜੇ ਪਾਸੇ ਦਿਲਜੀਤ ਦੋਸਾਂਝ ਬਹੁਤ ਹੀ ਉਡੀਕੀ ਜਾ ਰਹੀ ਸੀਕੁਅਲ ‘ਬਾਰਡਰ 2’ ਵਿੱਚ ਕੰਮ ਕਰੇਗਾ। ਅਨੁਰਾਗ ਸਿੰਘ ਦੇ ਨਿਰਦੇਸ਼ਨ ਹੇਠ ਤਿਆਰ ਹੋ ਰਹੇ ਇਸ ਪ੍ਰਾਜੈਕਟ ਵਿੱਚ ਸੰਨੀ ਦਿਓਲ, ਦਿਲਜੀਤ ਦੋਸਾਂਝ, ਅਹਾਨ ਸ਼ੈੱਟੀ ਅਤੇ ਵਰੁਣ ਧਵਨ ਮੁੱਖ ਕਿਰਦਾਰ ਨਿਭਾਉਣਗੇ। ਇਹ ਫ਼ਿਲਮ 1999 ਦੇ ਕਾਰਗਿਲ ਦੀ ਜੰਗ ’ਤੇ ਆਧਾਰਿਤ ਜਾਪਦੀ ਹੈ ਜਿਸ ਦੌਰਾਨ ਪਾਕਿਸਤਾਨੀ ਫ਼ੌਜ ਨੇ ਕੰਟਰੋਲ ਰੇਖਾ (ਐੱਲਓਸੀ) ਪਾਰ ਕਰਕੇ ਭਾਰਤੀ ਖੇਤਰ ’ਤੇ ਕਬਜ਼ਾ ਕਰ ਲਿਆ ਸੀ।

# ਪ੍ਰਸਿੱਧ ਰੈਪਰ ਨੇ ਗੁਰੂ ਘਰ ਲਈਆਂ ਲਾਵਾਂ

ਮਸ਼ਹੂਰ ਰੈਪਰ ਦਿਲੀਨ ਨਾਇਰ ਉਰਫ਼ ਰਫ਼ਤਾਰ ਇਨ੍ਹੀਂ ਦਿਨੀਂ ਸੁਰਖੀਆਂ ਵਿਚ ਬਣੇ ਹੋਏ ਹਨ। ਰੈਪਰ ਨੇ ਪਿਛਲੇ ਦਿਨੀਂ ਫ਼ੈਸ਼ਨ ਸਟਾਈਲਿਸਟ ਅਤੇ ਅਦਾਕਾਰਾ ਮਨਰਾਜ ਜਵਾਂਡਾ ਨਾਲ ਵਿਆਹ ਕਰਵਾਇਆ।

ਇਹ ਸਮਾਰੋਹ ਪਰਿਵਾਰ ਅਤੇ ਨਜ਼ਦੀਕੀ ਦੋਸਤਾਂ ਦੀ ਮੌਜੂਦਗੀ ਵਿੱਚ ਦੱਖਣੀ ਭਾਰਤੀ ਪਰੰਪਰਾਗਤ ਰੀਤੀ-ਰਿਵਾਜਾਂ ਅਨੁਸਾਰ ਕੀਤਾ ਗਿਆ।



ਵਿਆਹ ਦੀ ਪਹਿਲੀ ਤਸਵੀਰ ਸੋਸ਼ਲ ਮੀਡੀਆ ’ਤੇ ਸਾਹਮਣੇ ਆਈ ਹੈ, ਜਿਸ ਵਿੱਚ ਰਫ਼ਤਾਰ ਅਤੇ ਮਨਰਾਜ ਇੱਕ ਦੂਜੇ ਨੂੰ ਪਿਆਰ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਹਨ।

ਉਥੇ ਹੀ ਰੈਪਰ ਨੇ ਮਨਰਾਜ ਨਾਲ ਸਿੱਖ ਰੀਤੀ ਰਿਵਾਜਾਂ ਨਾਲ ਵੀ ਵਿਆਹ ਕਰਵਾਇਆ ਹੈ। ਉਸ ਨੇ ਗੁਰੂ ਘਰ ’ਚ ਮਨਰਾਜ ਨਾਲ ਲਾਵਾਂ ਲਈਆਂ। ਇਸ ਦੌਰਾਨ ਦੀਆਂ ਕਈ ਤਸਵੀਰਾਂ ਸਾਹਮਣੇ ਆਈਆਂ ਹਨ, ਜੋ ਸੋਸ਼ਲ ਮੀਡੀਆ ’ਤੇ ਵੀ ਕਾਫ਼ੀ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਤਸਵੀਰਾਂ ’ਚ ਮਨਰਾਜ ਲਾਲ ਜੋੜੇ ’ਚ ਨਜ਼ਰ ਆ ਰਹੀ ਹੈ ਅਤੇ ਰਫ਼ਤਾਰ ਨੇ ਕਰੀਮ ਰੰਗ ਦੀ ਸ਼ੇਰਵਾਨੀ ਪਹਿਨੀ ਹੈ, ਜਿਸ ਨਾਲ ਉਸ ਨੇ ਵੀ ਲਾਲ ਰੰਗ ਦੀ ਪੱਗ ਬੰਨ੍ਹੀ ਹੈ।

**ਮਨਰਾਜ ਜਵਾਂਡਾ ਕੌਣ ਹੈ ?**

ਰਿਪੋਰਟਾਂ ਅਨੁਸਾਰ, ਮਨਰਾਜ ਜਵਾਂਡਾ ਕੋਲਕਾਤਾ ਤੋਂ ਹੈ ਅਤੇ ਫ਼ੈਸ਼ਨ ਅਤੇ ਫ਼ਿਟਨੈੱਸ ਦੀ ਦੁਨੀਆ ਨਾਲ ਜੁੜਿਆ ਹੋਇਆ ਹੈ। ਗ੍ਰੈਜੂਏਸ਼ਨ ਤੋਂ ਬਾਅਦ, ਉਹ ਮੁੰਬਈ ਚਲੀ ਗਈ। ਮਨਰਾਜ ਨੇ ਰਫ਼ਤਾਰ ਨਾਲ ਕਈ ਸੰਗੀਤ ਵੀਡੀਓਜ਼ ’ਚ ਕੰਮ ਕੀਤਾ ਹੈ।

ਉਸ ਨੇ ਕਈ ਰਿਐਲਿਟੀ ਸ਼ੋਅ, ਸੰਗੀਤ ਵੀਡੀਓ ਅਤੇ ਟੀ.ਵੀ. ਇਸ਼ਤਿਹਾਰਾਂ ’ਚ ਇੱਕ ਸਟਾਈਲਿਸਟ ਵਜੋਂ ਵੀ ਕੰਮ ਕੀਤਾ ਹੈ। ਹੁਣ ਸਿਰਫ਼ ਇਹੀ ਦੋਵੇਂ ਹੀ ਦੱਸ ਸਕਦੇ ਹਨ ਕਿ ਉਨ੍ਹਾਂ ਦੀ ਪ੍ਰੇਮ ਕਹਾਣੀ ਕਦੋਂ ਅਤੇ ਕਿਵੇਂ ਸ਼ੁਰੂ ਹੋਈ। ਇਸ ਵੇਲੇ ਪ੍ਰਸ਼ੰਸਕ ਬਹੁਤ ਖ਼ੁਸ਼ ਹਨ ਅਤੇ ਜੋੜੇ ਨੂੰ ਉਨ੍ਹਾਂ ਦੇ ਵਿਆਹ ਦੀਆਂ ਵਧਾਈਆਂ ਦੇ ਰਹੇ ਹਨ।

# ਭਾਰਤੀ ਮੂਲ ਦੀ ਅਮਰੀਕੀ ਗਾਇਕਾ ਚੰਦਰਿਕਾ ਟੰਡਨ ਨੇ ਜਿੱਤਿਆ ਗ੍ਰੈਮੀ ਐਵਾਰਡ

ਭਾਰਤੀ-ਅਮਰੀਕੀ ਗਾਇਕਾ ਚੰਦਰਿਕਾ ਟੰਡਨ ਇਸ ਸਮੇਂ ਸੁਰਖੀਆਂ ਵਿੱਚ ਹੈ। ਚੰਦਰਿਕਾ ਨੇ ਦੁਨੀਆਂ ਦਾ ਸਰਵੋਤਮ ਐਵਾਰਡ ਗ੍ਰੈਮੀ ਐਵਾਰਡ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਚੰਦਰਿਕਾ ਟੰਡਨ ਨੇ ਦੱਖਣੀ ਅਫ਼ਰੀਕਾ ਦੇ ਬਾਂਸੁਰੀ ਵਾਦਕ ਵਾਊਟਰ ਕੇਲਰਮੈਨ ਅਤੇ ਜਪਾਨ ਤੋਂ ਲਿਜ਼ਟ ਇਰੂ ਮਾਤਸੁਮੋਟੋ ਨਾਲ ਐਲਬਮ ਤ੍ਰਿਵੇਣੀ ’ਤੇ ਕੰਮ ਕੀਤਾ ਸੀ, ਜਿਸ ਦੀ ਗੂੰਜ ਹੁਣ ਪੂਰੀ ਦੁਨੀਆਂ ਵਿੱਚ ਸੁਣਾਈ ਦੇ ਰਹੀ ਹੈ। ਗ੍ਰੈਮੀ ਐਵਾਰਡਜ਼ ਪਿਛਲੇ ਦਿਨੀਂ ਲਾਸ ਏਂਜਲਸ ਵਿੱਚ ਕਰਵਾਏ ਗਏ ਸਨ। ਚੰਦਰਿਕਾ ਟੰਡਨ ਇਸ ਸਮਾਰੋਹ ’ਚ ਭਾਰਤੀ ਪਰੰਪਰਾਗਤ ਪਹਿਰਾਵੇ ਵਾਲੇ ਸਿਲਕ ਸਲਵਾਰ ਸੂਟ ’ਚ ਨਜ਼ਰ ਆਈ। ਉਸਨੇ ਇਸਨੂੰ ਇੱਕ ਨੇਕਪੀਸ ਨਾਲ ਪੂਰਾ ਕੀਤਾ। ਉਹ ਭਾਰਤੀ ਮੂਲ ਦੇ ਪ੍ਰਤਿਭਾਸ਼ਾਲੀ ਭਾਗੀਦਾਰਾਂ ਵਿੱਚੋਂ ਸੀ ਜਿਨ੍ਹਾਂ ਨੂੰ ਇਸ ਵਾਰ ਨੌਮੀਨੇਸ਼ਨ ਮਿਲੀ।



ਚੰਦਰਿਕਾ ਟੰਡਨ, ਵਾਊਟਰ ਕੇਲਰਮੈਨ ਅਤੇ ਏਰੂ ਮਾਤਸੁਮੋਟੋ ਨੂੰ ਆਪਣੇ ਵਰਗਾਂ ਵਿੱਚ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਪੁਰਸਕਾਰ ਜਿੱਤਣ ਤੋਂ ਬਾਅਦ ਚੰਦਰਿਕਾ ਨੇ ਕਿਹਾ, ਇਸ ਸ਼੍ਰੇਣੀ ’ਚ ਸਾਰੇ ਸ਼ਾਨਦਾਰ ਲੋਕ ਸ਼ਾਮਲ ਸਨ। ਅਸੀਂ ਇਹ ਪੁਰਸਕਾਰ ਜਿੱਤਿਆ, ਜੋ ਸਾਡੇ ਲਈ ਬਹੁਤ ਖਾਸ ਹੈ। ਜਿੱਤਣ ਤੋਂ ਬਾਅਦ ਚੰਗਾ ਮਹਿਸੂਸ ਹੋ ਰਿਹਾ ਹੈ। ਸੰਗੀਤ ਨਿਰਮਾਤਾਵਾਂ ਦਾ ਤਹਿ ਦਿਲੋਂ ਧੰਨਵਾਦ।

## ਟਰੰਪ ਦੀਆਂ ਨੀਤੀਆਂ ਨੇ

ਪੰਜਾਬੀ ਦੀ ਇੱਕ ਕਹਾਵਤ ਹੈ ਕਿ 'ਚੰਦਰਾ ਗੁਆਂਢ ਨਾ ਹੋਵੇ ਤੇ ਲਾਈਲੱਗ ਨਾ ਹੋਵੇ ਘਰਵਾਲਾ'।ਇਸ ਕਹਾਵਤ ਅਨੁਸਾਰ ਕੈਨੇਡਾ ਤੇ ਮੈਕਸੀਕੋ ਦਾ ਗੁਆਂਢ ਹਾਲ ਦੀ ਘੜੀ ਚੰਦਰਾ ਹੀ ਸਾਬਤ ਹੋ ਰਿਹਾ ਹੈ ਕਿਉਂਕਿ ਟਰੰਪ ਕਹਿੰਦਾ ਹੈ ਕਿ ਕੈਨੇਡਾ ਤੇ ਮੈਕਸੀਕੋ ਅਮਰੀਕਾ ਦੀ ਉਦਾਰਤਾ ਦਾ ਲਾਭ ਉਠਾ ਰਹੇ ਹਨ ਤੇ ਗ਼ੈਰ ਕਾਨੂੰਨੀ ਘੁਸਪੈਠ ਕਰਵਾ ਰਹੇ ਨੇ। ਧਮਕੀ ਇਹਨਾਂ ਗੁਆਂਢੀ ਦੇਸ਼ਾਂ ਨੂੰ ਵੀ 25 ਫ਼ੀਸਦੀ ਟੈਰਿਫ਼ ਲਗਾਉਣ ਦੀ ਦੇ ਦਿੱਤੀ ਗਈ ਹੈ।ਹਾਲਾਂ ਕਿ ਦੋਵਾਂ ਦੇਸ਼ਾਂ ਦੇ ਨਾਲ ਅਮਰੀਕਾ ਦਾ ਵਪਾਰ ਇੱਕ ਟ੍ਰਿਲੀਅਨ ਡਾਲਰ ਹੈ।ਅਮਰੀਕਾ ਦੇ ਵਿੱਚ ਸਬਜ਼ੀ ਤੇ ਫ਼ਲਾਂ ਦੀ ਅੱਧੀ ਸਪਲਾਈ ਇਹਨਾਂ ਦੋ ਦੇਸ਼ਾਂ ਵਿਚੋਂ ਆਉਂਦੀ ਹੈ। ਟਰੰਪ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਪ੍ਰਾਂਤ ਬਣਾਉਣਾ ਚਾਹੁੰਦਾ ਹੈ ਜਦੋਂ ਕਿ ਕੈਨੇਡਾ ਨੇ ਇਸ ਮੰਗ ਨੂੰ ਠੋਕਰ ਮਾਰੀ ਹੈ।ਉਂਝ ਅਮਰੀਕਾ ਦੇ ਰਾਸ਼ਟਰਪਤੀ ਇਹ ਮੰਗ ਕਿਉਂ ਕਰ ਰਹੇ ਨੇ ? ਕਿਉਂਕਿ ਕੂਟਨੀਤੀ ਪਰਦੇ ਦੇ ਪਿੱਛੇ ਹੁੰਦੀ ਹੈ ਪਰ ਟਰੰਪ ਦਾ ਲਾਊਡ ਸਪੀਕਰ ਲੈ ਕੇ ਢਿੰਡੋਰਾ ਪਿੱਟਦਾ ਫ਼ਿਰਦਾ ਹੈ। ਟਰੰਪ ਦਾ ਨਾਅਰਾ ਹੈ 'ਮੇਕ ਅਮਰੀਕਾ ਗ੍ਰੇਟ'।ਕੀ ਇਹ ਆਪਣੇ ਦੋਸਤਾਂ ਨੂੰ ਨਾਰਾਜ਼ ਕੀਤੇ ਬਿਨਾਂ ਸੰਭਵ ਹੋ ਸਕੇਗਾ ? ਜੇਕਰ ਅਮਰੀਕਾ ਨੂੰ ਟਰੰਪ ਸਰਕਾਰ ਗ੍ਰੇਟ ਬਣਾਉਣਾ ਚਾਹੁੰਦੀ ਹੈ ਤਾਂ ਜਲਵਾਯੂ ਤੇ ਸਿਹਤ ਵਰਗੇ ਮਹੱਤਵਪੂਰਨ ਮਾਮਲਿਆਂ 'ਤੇ ਦੁਨੀਆਂ ਦੀ ਅਗਵਾਈ ਕਰਨੀ ਚਾਹੀਦੀ ਹੈ, ਪਰ ਟਰੰਪ ਇਹੋ ਜਿਹੀਆਂ ਗੱਲਾਂ ਨੂੰ ਕੀ ਸਮਝਦਾ ਹੈ ? ਅਜੇ ਤੱਕ ਇਹ ਨਹੀਂ ਦੱਸਿਆ ਕਿ ਅਮਰੀਕਾ ਦੇ ਅੰਦਰ ਜਿਹੜੀਆਂ ਚੁਨੌਤੀਆਂ ਨੇ, ਉਹਨਾਂ ਦਾ ਉਹ ਸਾਹਮਣਾ ਕਿਵੇਂ ਕਰੇਗਾ ? ਭਾਵੇਂ ਕਿ ਦੁਨੀਆਂ ਦੇ ਹਰ ਕੋਨੇ ਦੇ ਵਿੱਚ ਗੋਲ਼ੀਬਾਰੀ ਦੀਆਂ ਘਟਨਾਵਾਂ ਹੁੰਦੀਆਂ ਨੇ, ਪਰ ਅਮਰੀਕਾ ਦੇ ਵਿੱਚ ਹਰ ਹਫ਼ਤੇ ਗੋਲ਼ੀਬਾਰੀ ਦੇ ਵਿੱਚ ਕਈ ਲੋਕ ਮਾਰੇ ਜਾਂਦੇ ਹਨ। ਸਕੂਲ, ਕਾਲਜ, ਹਸਪਤਾਲ ਆਦਿ ਸਭ ਥਾਂਵਾਂ 'ਤੇ ਹਮਲੇ ਹੋ ਚੁੱਕੇ ਹਨ।ਦੋ ਸਾਲਾਂ ਦੇ ਵਿੱਚ ਗੰਨ ਦੇ ਨਾਲ 50 ਹਜ਼ਾਰ ਲੋਕ ਮਾਰੇ ਜਾ ਚੁੱਕੇ ਨੇ।ਕੀ ਇਹ ਅਸ਼ਾਂਤ ਸਮਾਜ ਦੇ ਲੱਛਣ ਨਹੀਂ ਹਨ ? ਲੰਘੇ ਕੁਝ ਹਫ਼ਤਿਆਂ ਦੇ ਵਿੱਚ ਅਸੀਂ ਲਾਸ ਏਂਜਲਸ ਨੂੰ ਅੱਧਾ ਸੜਦਾ ਹੋਇਆ ਵੇਖਿਆ, ਜਿਸ ਦੇ ਵਿੱਚ ਲੋਕਾਂ ਦੀ ਉਮਰ ਭਰ ਦੀ ਕਮਾਈ ਸਕਿੰਟਾਂ ਦੇ ਵਿੱਚ ਸਵਾਹ ਹੋ ਗਈ। ਇਹ ਕਿਹੋ ਜਿਹੀ ਸੁਪਰ ਪਾਵਰ ਹੋਈ ਕਿ ਜਿਸ ਸ਼ਹਿਰ ਦੇ ਵਿੱਚ ਹਾਲੀਵੁੱਡ ਹੈ, ਉਹੀ ਸੜ ਕੇ ਸਵਾਹ ਹੋ ਗਿਆ। ਸਹੀ ਸ਼ਬਦਾਂ ਦੇ ਵਿੱਚ ਅਮਰੀਕਾ ਉਦੋਂ ਹੀ ਗ੍ਰੇਟ ਬਣੇਗਾ, ਜਦੋਂ ਉਹ ਅੰਦਰੋਂ ਸ਼ਾਂਤ ਹੋਵੇਗਾ।ਅਮਰੀਕਾ ਹੀ ਨਹੀਂ ਭਾਵੇਂ ਕੋਈ ਵੀ ਦੇਸ਼ ਹੋਵੇ।ਪਰ ਇਸ ਚੀਜ਼ ਵੱਲ ਕੋਈ ਧਿਆਨ ਨਹੀਂ ਦਿੰਦਾ।ਅਮਰੀਕਾ ਦੇ ਵਿੱਚ ਸਮਾਜਿਕ ਗੈਰ ਬਰਾਬਰੀ ਬਹੁਤ ਵੱਡੀ ਸਮੱਸਿਆ ਹੈ ਪਰ ਰਾਸ਼ਟਰਪਤੀ ਦਾ ਸਾਰਾ ਧਿਆਨ ਦੋ ਗੱਲਾਂ ਵੱਲ ਹੈ ਟੈਰਿਫ਼ ਵਧਾਉਣਾ ਤੇ ਗ਼ੈਰਕਾਨੂੰਨੀ ਪਰਵਾਸ ਰੋਕਣਾ।ਗ਼ੈਰਕਾਨੂੰਨੀ ਪਰਵਾਸੀਆਂ, ਜਿਨ੍ਹਾਂ ਨੂੰ ਟਰੰਪ ਸਰਕਾਰ ਖ਼ਤਰਾ ਦਸ ਰਹੀ ਹੈ, ਇਹ ਕਿੰਨੇ ਨੇ ?, ਇਸ ਦਾ ਪੂਰਾ ਅੰਕੜਾ ਨਹੀਂ ਹੈ।ਉਂਝ 1 ਕਰੋੜ ਦੇ ਲਗਭਗ ਸਮਝਿਆ ਜਾਂਦਾ ਹੈ ਪਰ ਟਰੰਪ ਮੰਨਦਾ ਹੈ ਕਿ 2 ਕਰੋੜ ਗ਼ੈਰ ਕਾਨੂੰਨੀ ਪਰਵਾਸੀ ਅਮਰੀਕਾ ਦੇ ਵਿੱਚ ਰਹਿ ਰਹੇ ਹਨ। ਟਰੰਪ ਦੀ ਇਸ ਨੀਤੀ ਦਾ ਵਿਰੋਧ ਹੋ ਰਿਹਾ ਹੈ ਕਿਉਂਕਿ ਜਿੰਨ੍ਹਾਂ ਨੂੰ ਇਹ ਗ਼ੈਰ ਕਾਨੂੰਨੀ ਕਹਿ ਰਹੇ ਨੇ, ਉਨ੍ਹਾਂ ਤੋਂ ਬਿਨਾਂ ਅਮਰੀਕਾ ਚੱਲਣਾ ਸੰਭਵ ਨਹੀਂ ਹੈ। ਘੱਟ ਤਨਖ਼ਾਹਾਂ ਲੈਂਦੇ ਨੇ ਤੇ ਖੇਤਾਂ, ਕਾਰਖ਼ਾਨਿਆਂ, ਹੋਟਲਾਂ, ਦੁਕਾਨਾਂ, ਰੈਸਟੋਰੈਂਟਾਂ ਦੇ ਵਿੱਚ ਕੰਮ ਕਰਦੇ ਹਨ।ਕੀ ਦੂਜਿਆਂ ਦੀ ਜ਼ਿੰਦਗੀ ਦਾ ਪਹੀਆ ਹੌਲੀ ਕਰਨ ਵਾਲਿਆਂ ਦਾ ਆਪਣਾ ਪਹੀਆ ਵੀ ਤਾਂ ਡਗਮਗਾ ਸਕਦਾ ਹੈ ? ਪਰ ਭਾਰਤ ਸਰਕਾਰ ਦੇ ਲਈ ਇਹ ਘਰ ਵਾਪਸੀ ਇੱਕ ਕੌੜਾ ਘੁੱਟ ਹੋਵੇਗਾ, ਜੋ ਉਹਨਾਂ ਨੂੰ ਅੰਦਰ ਲੰਘਾਉਣਾ ਪਵੇਗਾ।

## ਅਮਰੀਕੀ ਜਹਾਜ਼ ਡਿਪੋਰਟ ਕੀਤੇ ਭਾਰਤੀਆਂ

ਸੂਤਰਾਂ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਦੀਆਂ ਟੀਮਾਂ ਪਹਿਲਾਂ ਹੀ ਅੰਮ੍ਰਿਤਸਰ ਏਅਰਪੋਰਟ 'ਤੇ ਪਹੁੰਚ ਚੁੱਕੀਆਂ ਹਨ।

ਇਸ ਫ਼ਲਾਈਟ ਵਿੱਚ ਕੁੱਲ 205 ਭਾਰਤੀ ਸਵਾਰ ਸਨ।ਇਨ੍ਹਾਂ ਵਿਚੋਂ 104 ਲੋਕਾਂ ਦੇ ਵੇਰਵੇ ਸਾਹਮਣੇ ਆਏ ਹਨ। ਇਸ ਵਿੱਚ ਗੁਜਰਾਤ, ਹਰਿਆਣਾ ਅਤੇ ਪੰਜਾਬ ਦੇ ਸਭ ਤੋਂ ਵੱਧ ਨਾਗਰਿਕ ਮੌਜੂਦ ਹਨ।104 ਲੋਕਾਂ ਦੀ ਪਹਿਲੀ ਲਿਸਟ ਵਿੱਚ 33 ਲੋਕ ਗੁਜਰਾਤ, 33 ਹਰਿਆਣਾ, 31 ਪੰਜਾਬ ਨਾਲ ਸਬੰਧਤ ਹਨ। ਇਸ ਦੇ ਨਾਲ ਹੀ ਲਿਸਟ ਵਿੱਚ 3 ਮਹਾਰਾਸ਼ਟਰ ਦੇ, 3 ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਲੋਕਾਂ ਦੇ ਨਾਂ ਵੀ ਸ਼ਾਮਲ ਹਨ।ਸੂਤਰਾਂ ਮੁਤਾਬਕ ਇਨ੍ਹਾਂ ਵਿੱਚ 13 ਨਾਬਾਲਗ ਵੀ ਸ਼ਾਮਲ ਹਨ, ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਗਏ ਸਨ।

ਲਿਸਟ ਵਿੱਚ ਸ਼ਾਮਲ ਪੰਜਾਬੀਆਂ ਦੀ ਗੱਲ ਕਰੀਏ ਤਾਂ ਇਸ ਵਿੱਚ ਸੂਬੇ ਦੇ ਵੱਖ-ਵੱਖ ਇਲਾਕਿਆਂ ਨਾਲ ਸਬੰਧਤ ਲੋਕ ਸ਼ਾਮਲ ਹਨ, ਪਰ ਜ਼ਿਆਦਾਤਰ ਲੋਕ ਦੋਆਬੇ ਨਾਲ ਸਬੰਧਤ ਹਨ।ਲਿਸਟ ਵਿੱਚ 4 ਲੋਕ ਜਲੰਧਰ ਨਾਲ ਸਬੰਧਤ ਦੱਸੇ ਜਾ ਰਹੇ ਹਨ। ਇਸ ਦੇ ਨਾਲ ਹੀ ਭੁਲੱਥ, ਕਪੂਰਥਲਾ, ਪਟਿਆਲਾ, ਅੰਮ੍ਰਿਤਸਰ, ਜਗਰਾਓਂ ਤੇ ਹੋਰ ਇਲਾਕਿਆਂ ਦੇ ਲੋਕ ਵੀ ਜਹਾਜ਼ ਵਿੱਚ ਸ਼ਾਮਲ ਹਨ। ਇਨ੍ਹਾਂ ਵਿਚ ਤਿੰਨ ਕੁੜੀਆਂ ਵੀ ਸ਼ਾਮਲ ਹਨ।ਇਹ ਤਿੰਨੋ ਅੰਮ੍ਰਿਤਸਰ, ਜਗਰਾਓਂ ਅਤੇ ਭੁਲੱਥ ਨਾਲ ਸਬੰਧਤ ਹਨ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਤਿੰਨਾਂ ਦੀ ਉਮਰ ਹੀ 30 ਸਾਲ ਤੋਂ ਘੱਟ ਹੈ।ਭੁਲੱਥ ਦਾ ਹੀ 10 ਸਾਲ ਦਾ ਬੱਚਾ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਕਪੂਰਥਲਾ ਦੇ 6, ਅੰਮ੍ਰਿਤਸਰ 5, ਜਲੰਧਰ ਤੇ ਪਟਿਆਲਾ ਦੇ 4-4 ਤੇ ਹੁਸ਼ਿਆਰਪੁਰ ਦੇ 2 ਲੋਕ ਸ਼ਾਮਲ ਹਨ।

***

## ਟਰੰਪ ਕਾਰਨ ਦੁਨੀਆਂ ਵਿੱਚ ਸ਼ੁਰੂ ਹੋਇਆ

ਆਯਾਤ ਕੀਤੇ ਸਾਮਾਨ ਦੀ ਕੀਮਤ ਵਧਾਉਣ ਦਾ ਉਦੇਸ਼ ਖਪਤਕਾਰਾਂ ਨੂੰ ਸਸਤੇ ਘਰੇਲੂ ਉਤਪਾਦ ਖਰੀਦਣ ਲਈ ਉਤਸ਼ਾਹਿਤ ਕਰਨਾ ਹੈ, ਇਸ ਤਰ੍ਹਾਂ ਉਨ੍ਹਾਂ ਦੀ ਆਪਣੀ ਆਰਥਿਕਤਾ ਨੂੰ ਹੁਲਾਰਾ ਦੇਣਾ ਹੈ ਤਾਂ ਜੋ ਵਿਕਾਸ ਨੂੰ ਪ੍ਰਮੋਟ ਕੀਤਾ ਜਾ ਸਕੇ।

**ਅਮਰੀਕਾ ਲਈ ਮਹਿੰਗਾ ਸਾਬਤ ਹੋਵੇਗਾ ਟਰੰਪ ਦਾ ਫ਼ੈਸਲਾ**

ਟਰੰਪ ਇਨ੍ਹਾਂ ਨੂੰ ਅਮਰੀਕੀ ਅਰਥਵਿਵਸਥਾ ਨੂੰ ਹੁਲਾਰਾ ਦੇਣ, ਨੌਕਰੀਆਂ ਬਚਾਉਣ ਅਤੇ ਟੈਕਸ ਮਾਲੀਆ ਵਧਾਉਣ ਦੇ ਤਰੀਕੇ ਵਜੋਂ ਦੇਖਦੇ ਹਨ।ਇਹ ਸਪੱਸ਼ਟ ਹੈ ਕਿ ਟਰੰਪ ਨੇ ਇੱਕ ਅਜਿਹਾ ਮੁੱਦਾ ਉਠਾਇਆ ਹੈ ਜੋ ਅਮਰੀਕਾ ਲਈ ਘੱਟ ਮਹਿੰਗਾ ਸਾਬਤ ਨਹੀਂ ਹੋਵੇਗਾ। ਟਰੰਪ ਦੇ ਇਸ ਫ਼ੈਸਲੇ ਨੇ ਮੈਕਸੀਕੋ ਅਤੇ ਕੈਨੇਡਾ ਨਾਲ ਆਰਥਿਕ ਰੁਕਾਵਟ ਦਾ ਖ਼ਤਰਾ ਵਧਾ ਦਿੱਤਾ ਹੈ।ਤੁਹਾਨੂੰ ਦੱਸ ਦੇਈਏ ਕਿ ਮੈਕਸੀਕੋ ਅਤੇ ਕੈਨੇਡਾ ਅਮਰੀਕਾ ਦੇ ਦੋ ਸਭ ਤੋਂ ਵੱਡੇ ਵਪਾਰਕ ਭਾਈਵਾਲ ਹਨ।ਜਦੋਂ ਇਨ੍ਹਾਂ ਦੋ ਗੁਆਂਢੀ ਦੇਸ਼ਾਂ ਤੋਂ ਆਉਣ ਵਾਲੇ ਸਾਮਾਨਾਂ 'ਤੇ ਭਾਰੀ ਡਿਊਟੀ ਲਗਾਈ ਜਾਂਦੀ ਹੈ, ਤਾਂ ਇਹ ਅਮਰੀਕਾ ਵਿੱਚ ਮਹਿੰਗਾਈ ਦੀ ਸਥਿਤੀ ਨੂੰ ਕਾਫ਼ੀ ਵਿਗਾੜ ਸਕਦਾ ਹੈ। ਇਸ ਗੱਲ ਦਾ ਸੰਕੇਤ ਖੁਦ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਨੇ ਦਿੱਤਾ ਹੈ। ਟਰੂਡੋ ਨੇ ਮੰਨਿਆ ਕਿ ਅਗਲੇ ਕੁਝ ਹਫ਼ਤੇ ਕੈਨੇਡੀਅਨਾਂ ਅਤੇ ਅਮਰੀਕੀਆਂ ਲਈ ਮੁਸ਼ਕਿਲ ਹੋਣਗੇ।

ਮਾਹਿਰਾਂ ਦਾ ਮੰਨਣਾ ਹੈ ਕਿ ਵਪਾਰ ਯੁੱਧ ਨਾਲ ਅਮਰੀਕਾ ਦੀ ਵਿਕਾਸ ਦਰ ਹੌਲੀ ਹੋਣ ਅਤੇ ਮਹਿੰਗਾਈ ਵਧਣ ਦੀ ਸੰਭਾਵਨਾ ਹੈ।

ਇੱਕ ਰਿਪੋਰਟ ਦੇ ਅਨੁਸਾਰ, ਯੇਲ ਯੂਨੀਵਰਸਿਟੀ ਦੀ ਬਜਟ ਲੈਬ ਨੇ ਅੰਦਾਜ਼ਾ ਲਗਾਇਆ ਹੈ ਕਿ ਨਵੇਂ ਆਯਾਤ ਟੈਕਸਾਂ ਕਾਰਨ ਔਸਤ ਅਮਰੀਕੀ ਪਰਿਵਾਰ ਨੂੰ ਸਾਲਾਨਾ ਆਮਦਨ ਵਿੱਚ 1,170 ਡਾਲਰ ਦਾ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਇਹ ਕਦਮ ਆਰਥਿਕ ਵਿਕਾਸ ਨੂੰ ਹੌਲੀ ਕਰ ਸਕਦਾ ਹੈ ਅਤੇ ਕਰਿਆਨੇ, ਪੈਟਰੋਲ, ਰਿਹਾਇਸ਼ ਅਤੇ ਆਟੋ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਕਰ ਸਕਦਾ ਹੈ।

ਸਵਾਲ ਇਹ ਹੈ ਕਿ ਟਰੰਪ ਇੰਨਾ ਵੱਡਾ ਖਤਰਾ ਮੁੱਲ ਕਿਉਂ ਲੈ ਰਹੇ ਹਨ ? ਆਖ਼ਿਰਕਾਰ ਉਨ੍ਹਾਂ ਦਾ ਮਕਸਦ ਕੀ ਹੈ ?

ਦਰਅਸਲ, ਟਰੰਪ ਦੇ ਟੈਰਿਫ਼ ਇੱਕ ਵਿਆਪਕ ਰਾਜਨੀਤਿਕ ਰਣਨੀਤੀ ਦਾ ਹਿੱਸਾ ਹਨ।ਉਸ ਦਾ ਦੱਸਿਆ ਗਿਆ ਉਦੇਸ਼ ਅਮਰੀਕੀ ਉਦਯੋਗਾਂ ਦੀ ਰੱਖਿਆ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਮੁੱਦਿਆਂ ਨਾਲ ਨਜਿੱਠਣ ਲਈ ਆਪਣੇ ਚੋਣ ਪ੍ਰਚਾਰ ਦੇ ਵਾਅਦਿਆਂ ਨੂੰ ਪੂਰਾ ਕਰਨਾ ਹੈ।ਰਾਸ਼ਟਰਪਤੀ ਲੰਬੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਅਮਰੀਕਾ ਦੀ ਆਰਥਿਕ ਤਾਕਤ ਨੂੰ ਬਹਾਲ ਕਰਨ ਲਈ ਟੈਰਿਫ਼ ਜ਼ਰੂਰੀ ਹਨ। ਟਰੰਪ ਇਸ ਦੀ ਤੁਲਨਾ 19ਵੀਂ ਸਦੀ ਦੇ ਅਖੀਰ ਨਾਲ ਕਰਦੇ ਹਨ, ਜਦੋਂ ਅਮਰੀਕਾ ਮਾਲੀਏ ਲਈ ਟੈਰਿਫ਼ਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਸੀ। ਆਰਥਿਕ ਮਾਹਿਰਾਂ ਨੇ ਟਰੰਪ ਦੀਆਂ ਵਪਾਰ ਨੀਤੀਆਂ ਦੇ ਲੰਬੇ ਸਮੇਂ ਦੇ ਪ੍ਰਭਾਵ ਬਾਰੇ ਸ਼ੱਕ ਪ੍ਰਗਟ ਕੀਤਾ ਹੈ। ਸਾਬਕਾ ਅਮਰੀਕੀ ਵਪਾਰ ਅਧਿਕਾਰੀ ਵਿਲੀਅਮ ਰੇਸ਼ ਸਮੇਤ ਆਲੋਚਕਾਂ ਨੇ ਕੱਚੇ ਮਾਲ 'ਤੇ ਟੈਰਿਫ਼ ਲਗਾਉਣ ਦੇ ਤਰਕ 'ਤੇ ਸਵਾਲ ਉਠਾਏ ਹਨ।ਉਨ੍ਹਾਂ ਦਾ ਤਰਕ ਹੈ ਕਿ ਆਯਾਤ ਕੀਤੀਆਂ ਵਸਤਾਂ ਦੀ ਕੀਮਤ ਵਧਾਉਣ ਨਾਲ ਅਮਰੀਕੀ ਨਿਰਮਾਤਾ ਘੱਟ ਮੁਕਾਬਲੇਬਾਜ਼ ਹੋ ਸਕਦੇ ਹਨ।ਹੁਣ ਟਰੰਪ ਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ। ਉਸਨੂੰ ਮਹਿੰਗਾਈ ਨੂੰ ਕੰਟਰੋਲ ਕਰਨ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ।

***

## ਅਮਰੀਕਾ ਦੇ 25 ਫ਼ੀਸਦੀ ਟੈਰਿਫ ਖ਼ਿਲਾ.ਫ

ਪਰਫਿਊਮ, ਕੱਪੜੇ, ਜੁੱਤੀਆਂ, ਘਰੇਲੂ ਸਮਾਨ, ਫਰਨੀਚਰ, ਲੱਕੜ, ਪਲਾਸਟਿਕ ਅਤੇ ਹੋਰ ਸਮਾਨ ਸ਼ਾਮਿਲ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਤਪਤੀ ਡੋਨਾਲਡ ਟਰੰਪ ਨੇ ਕੈਨੇਡਾ, ਮੈਕਸੀਕੋ ਦੇ ਪਦਾਰਥਾਂ 'ਤੇ 25 ਫੀਸਦ ਟੈਰਿਫ ਅਤੇ ਚੀਨ 'ਤੇ 10 ਫੀਸਦੀ ਲੇਵੀ ਲਗਾਉਣ ਦਾ ਫੈਸਲਾ ਕੀਤਾ ਹੈ ਜਿਸ ਸੰਬੰਧੀ ਉਹਨਾਂ ਨੇ ਆਰਡੀਨੈਂਸ ਵੀ ਜਾਰੀ ਕਰ ਦਿੱਤਾ ਹੈ।

ਗਵਾਂਢੀ ਮੁਲਕ ਦੀ ਇਸ ਕਾਰਵਾਈ ਖਿਲਾਫ਼ ਕੈਨੇਡਾ ਦੇ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਅਤੇ ਹੋਰ ਕੈਨੇਡੀਅਨ ਆਗੂਆਂ ਦੇ ਤਿੱਖੇ ਪ੍ਰਤੀਕਰਮ ਆਏ ਹਨ।

ਮਾਹਿਰਾਂ ਅਨੁਸਾਰ ਇਸ ਜੰਗ ਹਾਲੇ ਕੁਝ ਸਮੇਂ ਲਈ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

***

## 51 ਹਜ਼ਾਰ ਕੈਨੇਡੀਅਨ ਡਾਲਰ ਵਾਲੇ ਢਾਹਾਂ

ਸਹਿਯੋਗ ਨਾਲ ਵੈਨਕੂਵਰ, ਕੈਨੇਡਾ ਵਿੱਚ ਸਾਲ 2013 ਵਿੱਚ ਕੀਤੀ ਸੀ। ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਸਥਾਪਿਤ ਹੋਇਆ ਸੀ, ਜਿੱਥੇ ਪੰਜਾਬੀ ਲੋਕਾਂ ਦਾ, ਪੰਜਾਬੀ ਭਾਸ਼ਾ ਦਾ ਅਤੇ ਪੰਜਾਬੀ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਇਸ ਤੋਂ ਇਲਾਵਾ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਜੋ ਇਸ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਥੰਮ ਦਾ ਕੰਮ ਕਰ ਰਹੀ ਹੈ।

***

## ਪੰਜਾਬ ਦੇ ਖੇਤਾਂ ਵਿੱਚ ਹੁਣ

ਪੰਜਾਬ ਵਿੱਚ ਖੇਤੀ ਹੇਠਲਾ ਰਕਬਾ ਲਗਾਤਾਰ ਘਟਣਾ ਕੋਈ ਚੰਗਾ ਸੰਕੇਤ ਨਹੀਂ ਹੈ। ਕਈ ਅਰਥ-ਸ਼ਾਸਤਰੀ ਮੌਜੂਦਾ ਆਰਥਿਕ ਮੰਦੀ ਬਾਰੇ ਪੇਸ਼ੀਨਗੋਈ ਕਰ ਰਹੇ ਹਨ ਕਿ ਇਹ ਆਰਥਿਕ ਮੰਦੀ ਪਹਿਲੀਆਂ ਦੋ ਸੰਸਾਰ ਜੰਗਾਂ ਨਾਲੋਂ ਵੀ ਲੰਮੀ ਅਤੇ ਬਦਤਰ ਹੋਵੇਗੀ। ਇਹ ਲੋਕਾਂ ਨੂੰ ਭਿਆਨਕ ਬੇਰੁਜ਼ਗਾਰੀ, ਮਹਿੰਗਾਈ ਅਤੇ ਭੁੱਖਮਰੀ ਦੀ ਹਾਲਤ ਵਿੱਚ ਸੁੱਟੇਗੀ।ਹੁਣ ਸਾਮਰਾਜੀ ਕੰਪਨੀਆਂ ਦੇ ਦੁਨੀਆਂ ਭਰ ਦੀ ਜ਼ਮੀਨ 'ਤੇ ਕਬਜ਼ੇ ਹੋਣ ਨਾਲ ਖੇਤੀਬਾੜੀ ਕਾਰੋਬਾਰ ਉਪਰ ਹੋਰ ਏਕਾਧਿਕਾਰ ਕਾਇਮ ਹੋ ਜਾਵੇਗਾ। ਇਸ ਨਾਲ ਦੁਨੀਆਂ ਅੰਦਰ ਖਾਧ ਪਦਾਰਥ ਹੋਰ ਮਹਿੰਗੇ ਹੋ ਜਾਣਗੇ ਅਤੇ ਤੀਜੀ ਦੁਨੀਆਂ ਦੇ ਗਰੀਬ ਲੋਕਾਂ ਦਾ ਹੋਰ ਘਾਣ ਹੋਵੇਗਾ। ਦੁਨੀਆਂ ਅੰਦਰ ਆਰਥਿਕ ਸੰਕਟ ਨਾਲ ਕਈ ਦੇਸ਼ਾਂ ਵਿੱਚ ਸ੍ਰੀਲੰਕਾ ਵਰਗੇ ਹਾਲਾਤ ਬਣ ਰਹੇ ਹਨ।ਜੇਕਰ ਖੇਤੀ ਜ਼ਮੀਨ ਉਪਰ ਸ਼ਹਿਰ ਪੈਦਾ ਹੁੰਦੇ ਰਹੇ ਤਾਂ ਪੰਜਾਬ ਨੂੰ ਵੀ ਅੰਨ ਸੰਕਟ ਦਾ ਸਾਹਮਣਾ ਕਰਨਾ ਪਵੇਗਾ।ਸਰਕਾਰਾਂ ਨੂੰ ਸਮੇਂ ਰਹਿੰਦੇ ਇਸ ਪਾਸੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਪਿੰਡ ਨੂੰ ਸਮਰੱਥਾਵਾਨ ਬਣਾਉਣ ਦੀ ਲੋੜ ਹੈ। ਇਸ ਲਈ ਸਭ ਤੋਂ ਵੱਧ ਜ਼ਰੂਰੀ ਕੁਦਰਤੀ ਖੇਤੀ, ਪਸ਼ੂ ਪਾਲਣ, ਸਵੈ-ਰੁਜ਼ਗਾਰ, ਛੋਟੇ ਉਦਯੋਗਾਂ ਅਤੇ ਸੇਵਾ ਖੇਤਰ ਨੂੰ ਉਤਸ਼ਾਹਤ ਕਰਨਾ ਹੈ।ਪੇਂਡੂ ਅਰਥਚਾਰੇ ਨੂੰ ਹੱਥ ਸ਼ਿਲਪ ਕਾਰੀਗਰੀ ਨਾਲ ਜੁੜੇ ਛੋਟੇ ਕੰਮਾਂਕਾਰਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਖੇਤੀ ਅਧਾਰਿਤ ਉਦਯੋਗਾਂ ਨੂੰ ਪਿੰਡਾਂ ਵਿੱਚ ਲਾਉਣਾ ਪਵੇਗਾ ਤਾਂ ਕਿ ਪਿੰਡਾਂ ਵਿੱਚ ਰੁਜ਼ਗਾਰ ਸਿਰਜਣ ਹੋ ਸਕੇ। ਪਿੰਡਾਂ ਵਿੱਚ ਰੁਜ਼ਗਾਰ ਸਿਰਜਿਆ ਜਾਏਗਾ ਤਾਂ ਪਿੰਡਾਂ ਤੋਂ ਪਲਾਇਣ ਰੁਕੇਗਾ। ਪਿੰਡਾਂ ਵਿੱਚ ਸਿੱਖਿਆ, ਸਿਹਤ ਸਹੂਲਤਾਂ ਦਿੱਤੀਆਂ ਜਾਣ, ਚੰਗੇ ਘਰ ਉਸਾਰੇ ਜਾਣ, ਬੁਨਿਆਦੀ ਢਾਂਚਾ ਉਸਾਰਿਆ ਜਾਵੇ ਅਤੇ ਰੁਜ਼ਗਾਰ ਦੇ ਸਾਧਨ ਪਿੰਡਾਂ ਵਿੱਚ ਹੀ ਪੈਦਾ ਕੀਤੇ ਜਾਣ ਤੇ ਪਿੰਡ ਨੂੰ ਆਤਮ ਨਿਰਭਰ ਬਣਾਇਆ ਜਾਏ, ਤਦੇ ਪਿੰਡ ਸਮਰੱਥਾਵਾਨ ਬਣੇਗਾ।ਇਹ ਇਸ ਸਮੇਂ ਦੀ ਲੋੜ ਹੈ।

***

## ਚੰਗੇ ਖਾਣੇ, ਮਹਿੰਗੀਆਂ ਕਾਰਾਂ ਅਤੇ ਮੋਬਾਈਲਾਂ

ਬੇਸ਼ੱਕ, ਇਹ ਖਰਚਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ।ਦੂਜਾ, ਪੰਜਾਬੀ ਖਾਣੇ, ਮਹਿੰਗੀਆਂ ਕਾਰਾਂ ਅਤੇ ਮੋਬਾਈਲਾਂ ਦੇ ਵੀ ਸ਼ੌਕੀਨ ਹਨ, ਜਿਸਦਾ ਪ੍ਰਭਾਵ ਇਸ ਸਰਵੇਖਣ ਵਿੱਚ ਦਿਖਾਈ ਦੇ ਰਿਹਾ ਹੈ। ਪੰਜਾਬ ਵਿੱਚ ਪ੍ਰਤੀ ਵਿਅਕਤੀ ਵਾਹਨ, ਮੋਬਾਈਲ ਆਦਿ ਦੀ ਗਿਣਤੀ ਸਭ ਤੋਂ ਵੱਧ ਹੈ।

ਸਰਵੇਖਣ ਵਿੱਚ ਕਿਹਾ ਗਿਆ ਹੈ ਕਿ 2022-23 ਦੇ ਨਾਲ-ਨਾਲ 2023-24 ਵਿੱਚ 18 ਵੱਡੇ ਰਾਜਾਂ ਵਿੱਚ ਔਸਤ (ਐੱਮਪੀਸੀਈ) ਵਿੱਚ ਸ਼ਹਿਰੀ-ਪੇਂਡੂ ਪਾੜੇ ਵਿੱਚ ਵਿਆਪਕ ਅੰਤਰ ਦਰਜ ਕੀਤਾ ਗਿਆ ਹੈ। ਇਨ੍ਹਾਂ ਪ੍ਰਮੁੱਖ ਰਾਜਾਂ ਵਿੱਚੋਂ, 11 ਵਿੱਚ 2022-23 ਦੇ ਪੱਧਰ ਤੋਂ 2023-24 ਵਿੱਚ ਸ਼ਹਿਰੀ-ਪੇਂਡੂ ਪਾੜੇ ਵਿੱਚ ਕਮੀ ਦੇਖਣ ਨੂੰ ਮਿਲੇਗੀ। 2023-24 ਵਿੱਚ ਸਭ ਤੋਂ ਘੱਟ ਸ਼ਹਿਰੀ-ਪੇਂਡੂ ਪਾੜਾ ਕੇਰਲ ਵਿੱਚ ਦੇਖਿਆ ਗਿਆ ਹੈ (ਲਗਭਗ 18 ਪ੍ਰਤੀਸ਼ਤ) ਅਤੇ ਸਭ ਤੋਂ ਵੱਧ ਝਾਰਖੰਡ ਵਿੱਚ (ਲਗਭਗ 83 ਪ੍ਰਤੀਸ਼ਤ)। ਕੁੱਲ ਖਰਚ ਵਿੱਚ ਵੱਖ-ਵੱਖ ਭੋਜਨ ਅਤੇ ਗੈਰ-ਖੁਰਾਕੀ ਵਸਤੂਆਂ ਦੇ ਸਮੂਹਾਂ ਦੇ ਹਿੱਸੇ ਦੀ ਗੱਲ ਕਰੀਏ ਤਾਂ, 2023-24 ਵਿੱਚ, ਪੇਂਡੂ ਭਾਰਤ ਵਿੱਚ, ਔਸਤ ਪੇਂਡੂ ਭਾਰਤੀ ਪਰਿਵਾਰ ਦੀ ਖਪਤ ਦੇ ਮੁੱਲ ਦਾ ਲਗਭਗ 47 ਪ੍ਰਤੀਸ਼ਤ ਖਾਣ-ਪੀਣ ਦੀਆਂ ਵਸਤੂਆਂ ਸਨ। ਖਾਣ-ਪੀਣ ਵਾਲੀਆਂ ਚੀਜ਼ਾਂ ਵਿੱਚ, ਪੀਣ ਵਾਲੇ ਪਦਾਰਥ, ਸਨੈਕਸ ਅਤੇ ਪ੍ਰੋਸੈਸਡ ਭੋਜਨ ਦਾ ਯੋਗਦਾਨ ਸਭ ਤੋਂ ਵੱਧ (9.84 ਪ੍ਰਤੀਸ਼ਤ) ਰਿਹਾ। ਇਸ ਤੋਂ ਬਾਅਦ, ਦੁੱਧ ਅਤੇ ਦੁੱਧ ਉਤਪਾਦਾਂ ਦਾ ਹਿੱਸਾ 8.44 ਪ੍ਰਤੀਸ਼ਤ ਅਤੇ ਸਬਜ਼ੀਆਂ ਦਾ ਹਿੱਸਾ 6.03 ਪ੍ਰਤੀਸ਼ਤ ਹੈ।ਖਰਚੇ ਵਿੱਚ ਅਨਾਜ ਅਤੇ ਅਨਾਜ ਦੇ ਵਿਕਲਪਾਂ ਦਾ ਯੋਗਦਾਨ ਲਗਭਗ 4.99 ਪ੍ਰਤੀਸ਼ਤ ਸੀ।ਗੈਰ-ਖੁਰਾਕੀ ਵਸਤੂਆਂ ਵਿੱਚ, ਸਭ ਤੋਂ ਵੱਧ ਯੋਗਦਾਨ ਆਵਾਜਾਈ (7.59 ਪ੍ਰਤੀਸ਼ਤ) ਦਾ ਸੀ, ਇਸ ਤੋਂ ਬਾਅਦ ਮੈਡੀਕਲ (6.83 ਪ੍ਰਤੀਸ਼ਤ), ਕੱਪੜੇ, ਬਿਸਤਰੇ ਅਤੇ ਜੁੱਤੀਆਂ (6.63 ਪ੍ਰਤੀਸ਼ਤ) ਅਤੇ ਟਿਕਾਊ ਵਸਤੂਆਂ (6.48 ਪ੍ਰਤੀਸ਼ਤ) ਦਾ ਸੀ।

***

## ਹਿੰਦੂ ਰਾਸ਼ਟਰਵਾਦ ਦਾ ਭੂਤ

**ਖ਼ਾਲਿਸਤਾਨ ਬਾਰੇ ਬ੍ਰਿਟੇਨ ਦਾ ਕੀ ਸਟੈਂਡ ਹੈ ?**

ਥਿੰਕ ਟੈਂਕ ਨੇ ਕਿਹਾ ਕਿ ਗ੍ਰਹਿ ਮੰਤਰਾਲੇ ਦੀ ਸਮੀਖਿਆ ਵਿੱਚ ਪਾਇਆ ਗਿਆ ਕਿ 'ਮੁਸਲਿਮ ਅਤੇ ਹਿੰਦੂ ਦੋਵਾਂ ਭਾਈਚਾਰਿਆਂ ਦੀਆਂ ਪ੍ਰਮੁੱਖ ਆਵਾਜ਼ਾਂ ਨੇ ਸਥਾਨਕ ਭਾਈਚਾਰਿਆਂ ਵਿਚਕਾਰ ਤਣਾਅ ਦਾ ਮੌਕਾਪ੍ਰਸਤੀ ਨਾਲ ਫਾਇਦਾ ਉਠਾਉਣ ਅਤੇ ਨਫ਼ਰਤ ਭੜਕਾਉਣ ਵਿੱਚ ਮੁੱਖ ਭੂਮਿਕਾ ਨਿਭਾਈ।' ਖ਼ਾਲਿਸਤਾਨੀ ਕੱਟੜਵਾਦ ਦੇ ਸੰਬੰਧੀ ਸਮੀਖਿਆ ਵਿੱਚ ਕਿਹਾ ਗਿਆ ਹੈ ਕਿ ਖ਼ਾਲਿਸਤਾਨ ਲਹਿਰ ਖੁਦ ਅਤਿਵਾਦੀ ਨਹੀਂ ਹੈ, ਪਰ ਥਿੰਕ ਟੈਂਕ ਦੇ ਅਨੁਸਾਰ 'ਸਮੱਸਿਆ ਉਦੋਂ ਹੁੰਦੀ ਹੈ ਜਦੋਂ ਇਹ ਆਪਣੇ ਉਦੇਸ਼ ਦੇ ਸਮਰਥਨ ਵਿੱਚ ਹਿੰਸਾ ਦੀ ਵਕਾਲਤ ਕਰਦੀ ਹੈ।'

ਕਹਿਣ ਤੋਂ ਭਾਵ ਯੂ.ਕੇ. ਖ਼ਾਲਿਸਤਾਨੀ ਲਹਿਰ ਨੂੰ ਅੱਤਵਾਦੀ ਲਹਿਰ ਨਹੀਂ ਮੰਨਦਾ, ਪਰ ਹਿੰਦੂ ਰਾਸ਼ਟਰਵਾਦ ਨੂੰ ਆਪਣੇ ਦੇਸ਼ ਲਈ ਖਤਰਾ ਮੰਨਦਾ ਹੈ।

***

## ਅਮਰੀਕਾ ਵਿਖੇ ਫ਼ੜੇ ਗਏ ਏਸ਼ੀਆਈ ਗ਼ੈਰ-ਕਾਨੂੰਨੀ

ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫ਼ੜੇ ਗਏ ਕੁੱਲ 2,901,142 ਲੋਕਾਂ ਵਿੱਚੋਂ, ਭਾਰਤੀ ਨਾਗਰਿਕਤਾ ਵਾਲੇ ਲੋਕ 3.11 ਪ੍ਰਤੀਸ਼ਤ ਸਨ। ਅਮਰੀਕੀ ਅਧਿਕਾਰੀਆਂ ਨੇ 2023 ਵਿੱਚ ਕੁੱਲ 3,210,144 ਲੋਕਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਫ਼ੜਿਆ। 2022 ਵਿੱਚ 2,766,582 ਅਤੇ 2021 ਵਿੱਚ 1,956,519 ਲੋਕ ਫ਼ੜੇ ਗਏ ਸਨ।

17,940 ਭਾਰਤੀਆਂ ਨੂੰ ਦੇਸ਼ ਨਿਕਾਲਾ ਦੇ ਹੁਕਮ ਜਾਰੀ ਕੀਤੇ ਗਏ

ਰਿਪੋਰਟ ਵਿੱਚ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ.) ਨੇ ਕਿਹਾ ਕਿ ਉਸਨੇ 22 ਅਕਤੂਬਰ ਨੂੰ ਇੱਕ ਚਾਰਟਰਡ ਉਡਾਣ ਭਾਰਤ ਭੇਜੀ ਸੀ ਜਿਸ ਵਿੱਚ ਉਨ੍ਹਾਂ ਭਾਰਤੀ ਨਾਗਰਿਕਾਂ ਨੂੰ ਲਿਆਂਦਾ ਗਿਆ ਸੀ ਜੋ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫ਼ੜੇ ਗਏ ਸਨ। ਯੂ.ਐਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫ਼ੋਰਸਮੈਂਟ (ਆਈ.ਸੀ.ਈ.) ਨੇ ਅਮਰੀਕਾ ਵਿੱਚ 17,940 ਭਾਰਤੀਆਂ ਦੀ ਸੂਚੀ ਬਣਾਈ ਹੈ ਜਿਨ੍ਹਾਂ ਨੂੰ ਭਾਰਤ ਭੇਜਣ ਦੇ ਆਦੇਸ਼ ਦਿੱਤੇ ਗਏ ਹਨ।ਇਹ ਲੋਕ ਆਈ.ਸੀ.ਈ. ਹਿਰਾਸਤ ਵਿੱਚ ਨਹੀਂ ਹਨ।

ਇਸ ਦੇ ਨਾਲ ਹੀ, 2024 ਵਿੱਚ ਇਸ ਦੇਸ਼ ਨਿਕਾਲਾ ਮੁਹਿੰਮ ਤਹਿਤ 2,647 ਭਾਰਤੀ ਨਾਗਰਿਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।ਆਈ.ਸੀ.ਈ. ਨੇ ਕਿਹਾ ਕਿ ਉਸਨੇ ਪਿਛਲੇ ਸਾਲ 1,529 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਸੀ।

ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਹੈ ਕਿ ਨਵੀਂ ਦਿੱਲੀ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਦਾ ਵਿਰੋਧ ਕਰਦੀ ਹੈ।ਭਾਰਤ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਭਾਰਤੀਆਂ ਨੂੰ ਵਾਪਸ ਲੈਣ ਲਈ ਤਿਆਰ ਹੈ, ਬਸ਼ਰਤੇ ਉਨ੍ਹਾਂ ਦੀ ਕੌਮੀਅਤ ਦੀ ਪੁਸ਼ਟੀ ਕੀਤੀ ਜਾਵੇ।



## ਕਿਉਂ ਵਿਸਾਰ ਰਹੇ ਹਾਂ

ਇੱਕ ਵਾਰ ਚੰਡੀਗੜ੍ਹ ਦੇ ਕਿਸੇ ਮਹਿੰਗੇ ਕੈਫ਼ੇ ਵਿੱਚ, ਮੈਂ ਇੱਕ ਔਰਤ ਨੂੰ ਇਹ ਕਹਿੰਦਿਆਂ ਸੁਣਿਆ, "ਮੇਰੇ ਹਸਬੈਂਡ ਪੰਜਾਬੀ ਬੋਲਤੇ ਹੈਂ, ਪਰ ਮੈਂ ਹਿੰਦੀ ਬੋਲਤੀ ਹੂੰ, ਇਸੀ ਲੀਏ ਮੇਰੀ ਬੇਟੀ ਭੀ ਹਿੰਦੀ ਬੋਲਤੀ ਹੈ"। ਭਾਵੇਂ ਕੁਲੀਨਾਂ ਨੂੰ ਅਕਸਰ ਅੰਗਰੇਜ਼ੀ ਵਿੱਚ ਗੱਲਬਾਤ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਪਰ ਮੱਧਵਰਗ ਤੇ ਨਿਮਨ ਮੱਧਵਰਗ ਬਹੁਤਾ ਕਰ ਕੇ ਹਿੰਦੀ ਹੀ ਬੋਲਦਾ ਹੈ ਕਿਉਂਕਿ ਅੰਗਰੇਜ਼ੀ ਬੋਲਣੀ ਉਨ੍ਹਾਂ ਨੂੰ ਮੁਸ਼ਕਿਲ ਲੱਗਦੀ ਹੈ।

ਚੰਡੀਗੜ੍ਹ ਤੇ ਜ਼ੀਰਕਪੁਰ 'ਚ, ਜਾਪਦਾ ਹੈ ਕਿ ਗ਼ੈਰ-ਰਸਮੀ ਤੌਰ 'ਤੇ, ਰੱਜੇ-ਪੁੱਜੇ ਇਲਾਕਿਆਂ 'ਚ ਪੰਜਾਬੀ 'ਤੇ ਰੋਕ ਲੱਗੀ ਹੋਈ ਹੈ। ਇੱਥੇ ਜ਼ਿਕਰਯੋਗ ਹੈ ਕਿ ਮਾਲਵੇ ਤੇ ਮਾਝੇ ਵਿੱਚ ਹਿੰਦੀ ਦਾ ਓਨਾ ਬੋਲਬਾਲਾ ਨਹੀਂ ਹੈ ਜਿੰਨਾ ਦੋਆਬੇ 'ਚ ਮਹਿਸੂਸ ਹੁੰਦਾ ਹੈ। ਜਲੰਧਰ ਵਰਗੇ ਸ਼ਹਿਰਾਂ ਵਿੱਚ ਵੀ, ਇਹ ਦੇਖਿਆ ਗਿਆ ਹੈ ਕਿ ਆਮ ਤੌਰ 'ਤੇ ਮਾਵਾਂ ਆਪਣੇ ਬੱਚਿਆਂ ਨਾਲ ਹਿੰਦੀ ਬੋਲਦੀਆਂ ਹਨ।

ਜਿਹੜੀ ਚੀਜ਼ ਨਿਰਾਸ਼ਾਜਨਕ ਹੈ, ਉਹ ਹੈ ਭਾਸ਼ਾ ਤੇ ਅਮੀਰ ਵਿਰਾਸਤ ਦਾ ਨੁਕਸਾਨ ਹੋਣਾ ਤੇ ਮਿਟਦੇ ਜਾਣਾ। ਪੰਜਾਬੀ ਬੁੱਲ੍ਹੇ ਸ਼ਾਹ ਦੀ ਭਾਸ਼ਾ ਹੈ ਜਿਨ੍ਹਾਂ ਰੂਹਾਨੀ ਇਸ਼ਕ ਦਾ ਪਾਠ ਪੜ੍ਹਾਇਆ; ਇਹ ਹੀਰ ਨੂੰ ਅਮਰ ਕਰ ਦੇਣ ਵਾਲੇ ਵਾਰਿਸ ਸ਼ਾਹ ਦੀ ਭਾਸ਼ਾ ਹੈ ਜੋ ਆਪਣੇ ਸਮਿਆਂ ਦੀ ਉੱਘੀ ਨਾਰੀਵਾਦੀ ਹਸਤੀ ਸੀ; ਸੰਤ ਰਾਮ ਉਦਾਸੀ ਦੀ ਵੀ ਜਿਨ੍ਹਾਂ ਜਾਤ-ਪਾਤ ਦੇ ਵਰਗੀਕਰਨ ਨੂੰ ਲਲਕਾਰਿਆ; ਅਤੇ ਸ਼ਿਵ ਕੁਮਾਰ ਬਟਾਲਵੀ ਦੀ ਵੀ ਜੋ ਬੇਸ਼ੱਕ ਵੀਹਵੀਂ ਸਦੀ ਦੇ ਪ੍ਰਸਿੱਧ ਪੰਜਾਬੀ ਕਵੀ ਹਨ। ਫ਼ਿਰ ਵੀ ਬਹੁਤੇ ਪੰਜਾਬੀ ਇਸ ਅਮੀਰੀ ਦੀ ਕਦਰ ਪਾਉਣ 'ਚ ਨਾਕਾਮ ਰਹੇ ਹਨ। ਉਹ ਇੱਕ ਵਿਆਪਕ ਵਿਚਾਰਧਾਰਕ ਯੋਜਨਾ ਦੇ ਸ਼ਿਕਾਰ ਹਨ – ਜਿਸ ਨੂੰ ਮੈਂ "ਹਿੰਦੀ-ਹਿੰਦੂ-ਹਿੰਦੂਤਵ' ਏਜੰਡੇ ਦਾ ਨਾਂ ਦਿਆਂਗੀ – ਜੋ ਭਾਰਤੀ ਹੋਣ ਨੂੰ ਹਿੰਦੀ ਨਾਲ ਜੋੜਦੀ ਹੈ ਜਦੋਂਕਿ ਬਾਕੀ ਖੇਤਰੀ ਭਾਸ਼ਾਵਾਂ ਨੂੰ ਨੀਵਾਂ ਦਿਖਾਉਂਦੀ ਹੈ।

ਅਖ਼ੀਰ 'ਚ ਮੈਂ ਖ਼ੁਦ ਲੋਪ ਹੋਣ ਕੰਢੇ ਪੁੱਜੀ ਅਵਾਰ ਭਾਸ਼ਾ 'ਚ ਲਿਖੇ ਰਸੂਲ ਹਮਜ਼ਾਤੋਵ ਦੇ ਨਾਵਲ ਦੀ ਇੱਕ ਗਹਿਰੀ ਸਤਰ ਦਾ ਜ਼ਿਕਰ ਕਰਨਾ ਚਾਹਾਂਗੀ: "ਜਦੋਂ ਲੋਕ ਆਪਣੀ ਭਾਸ਼ਾ ਨੂੰ ਵਿਸਾਰ ਦਿੰਦੇ ਹਨ ਤਾਂ ਉਹ ਆਪਣੀ ਰੂਹ ਵੀ ਗੁਆ ਬਹਿੰਦੇ ਹਨ।" ਆਪਣੇ ਰਿਸ਼ਤੇਦਾਰਾਂ ਨੂੰ ਅਜਿਹੀ ਜੜ੍ਹਹੀਣ ਜ਼ਿੰਦਗੀ ਜਿਊਂਦੇ ਦੇਖ ਮੇਰੇ ਮਨ 'ਚ ਉਨ੍ਹਾਂ ਪ੍ਰਤੀ ਤਰਸ, ਕ੍ਰੋਧ ਤੇ ਨਿਰਾਸ਼ਾ ਦੇ ਭਾਵ ਪੈਦਾ ਹੁੰਦੇ ਹਨ, ਭਾਵੇਂ ਮੈਂ ਸਮਝਦੀ ਹਾਂ ਕਿ ਉਹ ਇਸ ਖ਼ੋਰੇ ਦੇ ਹੀ ਸ਼ਿਕਾਰ ਹਨ। ਜੇ ਹਾਲਾਤ ਬਦਲ ਗਏ ਤਾਂ ਉਹ ਵੀ ਢਲ ਹੀ ਜਾਣਗੇ। ਹਾਲਾਂਕਿ, ਪੰਜਾਬੀ ਦੀ ਹੋਣੀ ਕੇਵਲ ਨੀਤੀਆਂ ਘੜਨ 'ਤੇ ਨਹੀਂ ਬਲਕਿ ਆਪਣੀ ਅਮੀਰ ਵਿਰਾਸਤ ਨੂੰ ਮੁੜ ਦਿਲੋਂ ਅਪਨਾਉਣ ਤੇ ਇਸ ਦਾ ਜਸ਼ਨ ਮਨਾਉਣ ਦੀ ਸਾਂਝੀ ਵਚਨਬੱਧਤਾ ਉੱਤੇ ਨਿਰਭਰ ਕਰਦੀ ਹੈ।

***

## ਨੱਬੇ ਘੰਟੇ ਕੰਮ ਕਾਮਿਆਂ

ਇਹ ਕਦਮ ਕਾਰਪੋਰੇਟ ਘਰਾਣਿਆਂ ਦੀ ਮੁਨਾਫ਼ਾਖੋਰੀ ਦੀ ਲਾਲਸਾ ਦੀ ਖੁੱਲ੍ਹ ਖੇਡ ਮੁਲਾਜ਼ਮਾਂ ਮਜ਼ਦੂਰਾਂ ਵੱਲੋਂ ਵੀਹਵੀਂ ਸਦੀ ਵਿੱਚ ਸੰਘਰਸ਼ਾਂ ਅਤੇ ਕੁਰਬਾਨੀਆਂ ਨਾਲ ਹਾਸਲ ਅੱਠ ਘੰਟੇ ਕੰਮ ਕਰਨ ਅਤੇ ਬਿਹਤਰ ਕੰਮ ਹਾਲਾਤ ਦੀਆਂ ਹਾਸਲ ਸਹੂਲਤਾਂ ਦੇਣ ਤੋਂ ਮੁਨਕਰ ਹੋਣ ਦਾ ਐਲਾਨ ਹਨ। ਕਾਮਾ ਵਰਗ ਨੂੰ ਇਨ੍ਹਾਂ ਕੋਸ਼ਿਸ਼ਾਂ ਪ੍ਰਤੀ ਚੇਤੰਨ ਹੋਣ ਦੀ ਲੋੜ ਹੈ ਕਿਉਂਕਿ ਹਰ ਨਾਗਰਿਕ ਨੂੰ ਸਨਮਾਨਜਨਕ ਜੀਵਨ ਜਿਊਣ ਦਾ ਹੱਕ ਉਸ ਦੇ ਵਿੱਤੀ ਤੌਰ 'ਤੇ ਮਜ਼ਬੂਤ ਹੋਣ ਨਾਲ ਮਿਲਦਾ ਹੈ ਜੋ ਬਿਹਤਰ ਰੁਜ਼ਗਾਰ ਮੌਕਿਆਂ ਨਾਲ ਹੀ ਹਾਸਲ ਹੋ ਸਕਦਾ ਹੈ।

***

## ਜੇਕਰ ਪੰਜਾਬ ਇਕੱਠਾ ਰਹਿੰਦਾ ਤਾਂ

ਅਸੀਂ ਵੇਖੀਏ ਕਿ ਪਾਕਿਸਤਾਨ ਦੀ ਕੁੱਲ ਆਬਾਦੀ 25 ਕਰੋੜ ਵਿਚੋਂ 17 ਕਰੋੜ 64 ਲੱਖ ਦੀ ਆਬਾਦੀ ਪੰਜਾਬੀ ਬੋਲਣ ਵਾਲੀ ਹੈ, ਜੋ ਪਾਕਿਸਤਾਨੀ ਆਬਾਦੀ ਦਾ 71% ਬਣਦੀ ਹੈ। ਪਾਕਿਸਤਾਨ ਅਸਲ ਵਿੱਚ ਪੰਜਾਬੀਸਤਾਨ ਹੀ ਹੈ, ਕਿਉਂਕਿ ਇੱਥੇ ਪੰਜਾਬੀ ਬੋਲਣ ਵਾਲਿਆਂ ਦੀ ਆਬਾਦੀ ਸਭ ਤੋਂ ਜ਼ਿਆਦਾ ਹੈ। ਬਾਕੀ ਲੋਕ ਤਾਂ ਇੱਥੇ 29% ਹੀ ਹਨ। ਬਾਕੀ ਤਿੰਨੋਂ ਸੂਬਿਆਂ ਦੀ ਸਾਰੀ ਆਬਾਦੀ ਇਕੱਠੀ ਕਰ ਲਈ ਜਾਵੇ ਤੇ ਫ਼ਿਰ ਵੀ ਉਹ ਪੰਜਾਬ ਦੀ ਆਬਾਦੀ ਦਾ ਤੀਜਾ ਹਿੱਸਾ ਵੀ ਨਹੀਂ ਬਣਦੀ। ਇਹੀ ਵਜ੍ਹਾ ਹੈ ਕਿ ਚੋਣਾਂ ਵਿੱਚ ਸਿਆਸੀ ਪਾਰਟੀਆਂ ਪੰਜਾਬ ਨੂੰ ਹੀ ਨਿਸ਼ਾਨਾ ਬਣਾਉਂਦੀਆਂ ਹਨ, ਕਿਉਂਕਿ ਪੰਜਾਬ ਦੀਆਂ ਕੁੱਲ ਸੀਟਾਂ ਦਾ ਕੋਈ 75% ਵੀ ਲੈ ਜਾਏ ਤੇ 25% ਹਾਰ ਵੀ ਜਾਏ ਤਾਂ ਉਹ ਪਾਕਿਸਤਾਨ ਦੀਆਂ ਕੁੱਲ 53% ਸੀਟਾਂ ਲੈ ਜਾਵੇਗਾ। ਉਸ ਪਾਰਟੀ ਦਾ ਆਗੂ ਆਪਣੀ ਹਕੂਮਤ ਆਰਾਮ ਨਾਲ ਬਣਾ ਲਵੇਗਾ ਤੇ ਉਸ ਨੂੰ ਪ੍ਰਧਾਨ ਮੰਤਰੀ ਬਣਨ ਤੋਂ ਕੋਈ ਰੋਕ ਨਹੀਂ ਸਕਦਾ। ਪੰਜਾਬ ਦੀ ਅਹਿਮੀਅਤ ਪਾਕਿਸਤਾਨ ਵਿੱਚ ਇੰਝ ਹੀ ਹੈ ਜਿਵੇਂ ਭਾਰਤ ਵਿੱਚ ਯੂ.ਪੀ. ਦੀ। ਭਾਰਤ ਦਾ ਪ੍ਰਧਾਨ ਮੰਤਰੀ ਤਾਹੀਂ ਬਣਦਾ ਹੈ ਜੇਕਰ ਉਸਨੂੰ ਯੂ.ਪੀ. ਵਿੱਚ ਸਭ ਤੋਂ ਵੱਧ ਸੀਟਾਂ ਮਿਲਣ, ਕਿਉਂਕਿ ਉੱਥੇ ਬਹੁਤ ਜ਼ਿਆਦਾ ਸੀਟਾਂ ਨੇ, ਸ਼ਾਇਦ 80 ਦੇ ਲਗਭਗ ਅਖ਼ੀਰ ਵਿੱਚ ਅਸੀਂ ਇਹ ਗੱਲ ਕਹਿ ਸਕਦੇ ਹਾਂ ਕਿ ਜੇਕਰ ਪੰਜਾਬ ਇਕੱਠਾ ਰਹਿੰਦਾ ਤਾਂ ਹਿੰਦ ਮਹਾਦੀਪ ਵਿੱਚ 30-35 ਕਰੋੜ ਦੀ ਆਬਾਦੀ ਵਾਲੇ ਪੰਜਾਬੀਆਂ ਦੀ ਵਿਸ਼ੇਸ਼ ਅਹਿਮੀਅਤ ਹੋਣੀ ਸੀ।

***

## ਨਸ਼ਿਆਂ ਦੀ ਦਲਦਲ

ਪੰਜਾਬ 'ਚ ਨੌਜਵਾਨਾਂ 'ਚ ਵੱਧ ਰਹੀ ਬੇਰੁਜ਼ਗਾਰੀ, ਖੇਤੀ ਖੇਤਰ 'ਚ ਘੱਟ ਰਹੀ ਆਮਦਨ ਕਾਰਨ ਲੋਕਾਂ 'ਚ ਫੈਲੀ ਨਿਰਾਸ਼ਾ, ਸਾਂਝੇ ਪਰਿਵਾਰਾਂ ਦਾ ਟੁੱਟਣਾ, ਨਸ਼ਿਆਂ ਦਾ ਕਾਰਨ ਬਣ ਰਿਹਾ ਹੈ। ਸਿਆਸਤਦਾਨਾਂ ਵੱਲੋਂ ਗੁੰਡਾ ਅਨਸਰਾਂ ਨੂੰ ਆਪਣੇ ਸਵਾਰਥ ਸਿੱਧੀ ਲਈ ਸ਼ਾਬਾਸ਼ੀ, ਨੌਜਵਾਨਾਂ 'ਚ ਗਲੈਮਰ ਦੀ ਭਾਵਨਾ ਵੀ ਭਰਦੀ ਹੈ, ਉਹ ਪਹਿਲਾਂ ਗੁੰਡਾਂ ਗ੍ਰੋਹਾਂ, ਸਮਾਜ ਵਿਰੋਧੀ ਅਨਸਰਾਂ ਵਿੱਚ ਅਤੇ ਫਿਰ ਨਸ਼ਾ ਤਸਕਰਾਂ ਨਾਲ ਸਾਂਝ ਭਿਆਲੀ ਨਾਲ ਕੰਮ ਕਰਨ 'ਚ ਮਾਣ ਮਹਿਸੂਸ ਕਰਦੇ ਹਨ। ਕਾਰਨ ਭਾਵੇਂ ਹੋਰ ਵੀ ਵਧੇਰੇ ਹੋਣ, ਨੌਜਵਾਨਾਂ ਦਾ ਆਰਥਿਕ ਪੱਖੋਂ ਟੁੱਟਣਾ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹ ਦੀ ਕਮੀ ਉਹਨਾ ਨੂੰ ਔਜੜੇ ਰਾਹੀਂ ਪਾਉਂਦੀ ਹੈ, ਜਿਹੜੀ ਅੰਤ 'ਚ ਉਹਨਾ ਦੇ ਉਜਾੜੇ ਦਾ ਕਾਰਨ ਬਣਦੀ ਹੈ।

ਭਾਵੇਂ ਭਾਰਤ ਵਿੱਚ ਨਸ਼ਾ ਤਸਕਰੀ ਰੋਕਣ ਲਈ ਡਰੱਗ ਕੰਟਰੋਲ ਐਕਟ ਬਣਿਆ ਹੋਇਆ ਹੈ। ਨੈਰੋਕੋਟਿਕਸ ਕੰਟਰੋਲ ਬਿਊਰੋ ਇਸ ਕਾਨੂੰਨ ਨੂੰ ਲਾਗੂ ਕਰਨ ਵਾਲੀ ਪ੍ਰਭਾਵੀ ਸਰਕਾਰੀ ਏਜੰਸੀ ਹੈ ਅਤੇ ਇਸ ਐਕਟ ਅਧੀਨ ਸਜ਼ਾਵਾਂ ਵੀ ਭਰਵੀਆਂ ਹਨ, ਜਿਸ ਵਿੱਚ ਜ਼ੁਰਮਾਨਾ ਅਤੇ 10 ਸਾਲ ਤੋਂ 20 ਸਾਲ ਤੱਕ ਦੀ ਕੈਦ ਵੀ ਸ਼ਾਮਲ ਹੈ ਅਤੇ ਬਾਵਜੂਦ ਸਰਕਾਰ ਦੇ ਇਹਨਾਂ ਐਲਾਨਾਂ ਦੇ ਕਿ ਉਸ ਵੱਲੋਂ ਤਸਕਰੀ ਰੋਕਣ ਲਈ ਹਰ ਸੰਭਵ ਯਤਨ ਹੋਣਗੇ, ਨਸ਼ਾ ਤਸਕਰਾਂ ਦੀਆਂ ਸਰਗਰਮੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅੱਜ ਦੇਸ਼ ਸਾਹਮਣੇ ਵੱਡੀ ਚਣੌਤੀ ਨਸ਼ੇ ਹਨ। ਨੌਜਵਾਨ, ਜਿਹੜੇ ਨਸ਼ਾ ਗ੍ਰਸਤ ਹਨ, ਉਹਨਾਂ ਨੂੰ ਸਰਕਾਰੀ, ਗੈਰ-ਸਰਕਾਰੀ ਯਤਨਾਂ ਨਾਲ ਮੁੱਖ ਧਾਰਾ ਵਿੱਚ ਲਿਆਂਦਾ ਜਾਣਾ ਸਮੇਂ ਦੀ ਲੋੜ ਹੈ। ਨਸ਼ਾ ਤਸਕਰਾਂ ਵਿਰੁੱਧ ਵੱਡੀ ਲਾਮਬੰਦੀ ਕਰਕੇ ਉਹਨਾਂ ਨੂੰ ਸਖ਼ਤ ਸਜ਼ਾ ਦੇਣ , ਨਸ਼ਾ ਬਨਾਉਣ ਵਾਲੀਆਂ ਗੈਰ-ਕਾਨੂੰਨੀ ਫੈਕਟਰੀਆਂ, ਉਹਨਾਂ ਦੇ ਮਾਲਕਾਂ ਨੂੰ ਵੱਡੇ ਦੰਡ ਦੇਣ ਦੀ ਵੀ ਲੋੜ ਹੈ। ਨਸ਼ਾ ਮਾਫੀਆ ਤਿਕੜੀ, ਜਿਸ ਵਿੱਚ ਨਸ਼ਾ ਤਸਕਰ, ਭੈੜੇ ਸਵਾਰਥੀ ਸਿਆਸਤਦਾਨ ਅਤੇ ਸੁਰੱਖਿਆ ਬਲਾਂ 'ਚ ਬੈਠੀਆਂ ਕਾਲੀਆਂ ਭੇਡਾਂ ਸ਼ਾਮਲ ਹਨ, ਦਾ ਚਿਹਰਾ ਨੰਗਾ ਕਰਕੇ, ਉਹਨਾ ਨੂੰ ਨੱਥ ਪਾਉਣ ਤੋਂ ਬਿਨ੍ਹਾਂ ਆਮ ਲੋਕਾਂ ਦੀ ਨਸ਼ਿਆਂ ਪ੍ਰਤੀ ਚਿੰਤਾ-ਮੁਕਤੀ ਸੰਭਵ ਨਹੀਂ ਹੈ।

***

## ਵੱਡਾ ਘੱਲੂਘਾਰਾ ਕੁੱਪ ਰਹੀੜਾ

ਉਸ ਦਾ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਹਾਕਮਾਂ ਦੇ ਜਬਰੀ ਧਰਮ ਪਰਿਵਰਤਨ ਦੇ ਖ਼ੂਨੀ ਇਰਾਦੇ ਹੇਠ ਸਿੰਘਾਂ ਤੇ ਬੜੇ ਜ਼ੁਲਮ ਹੋਏ। ਅੱਗੋਂ ਖ਼ਾਲਸੇ ਨੇ ਵੀ ਅਜਿਹੀ ਸ਼ਿੱਦਤ ਨਾਲ ਅਣਮਨੁੱਖੀ ਤਸ਼ੱਦਦ ਆਪਣੇ ਪਿੰਡੇ ਤੇ ਹੰਢਾ ਕੇ ਧਰਮ ਯੁੱਧ ਵਿਚ ਦ੍ਰਿੜ ਇਰਾਦੇ ਨਾਲ ਜ਼ੁਲਮਾਂ ਦੇ ਥੰਮ ਹਿਲਾ ਦਿੱਤੇ। ਸਿੰਘ ਸਿੰਘਣੀਆਂ ਤੇ ਭੁਝੰਗੀਆਂ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਉਹ ਗਾਉਂਦੇ ਰਹੇ 'ਸਿਰ ਜਾਏ ਤੇ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।' ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਦੁਸ਼ਮਣ ਦਾ ਡਟ ਕੇ ਮੁਕਾਬਲਾ ਕੀਤਾ। ਪੈਰ ਪਿਛਾਂਹ ਨਹੀਂ ਹਟਾਇਆ।

ਅੰਤਿਕਾ : ਦੁਨੀਆ ਦੇ ਲੋਕ ਸੂਰਮਾ ਮਰਦ ਉਸ ਨੂੰ ਆਖਦੇ ਹਨ ਜਿਸ ਦੇ ਮਹੱਲਾਂ ਦੇ ਸਾਹਮਣੇ ਦਮਾਮੇ ਵਜਦੇ ਹਨ। ਜੋ ਮੈਦਾਨਿ-ਜੰਗ ਵਿਚ ਵੈਰੀਆਂ ਦਾ ਮੁਕਾਬਲਾ ਕਰਦਾ ਹੈ। ਸਮੁੱਚੇ ਤੌਰ 'ਤੇ ਸਾਰਾ ਜਗਤ ਹੀ ਇਕ ਰਣਭੂਮੀ ਹੈ। ਇੱਥੇ ਹਰ ਮਨੁੱਖ ਨੂੰ ਵਿਕਾਰ-ਵੈਰੀਆਂ ਨਾਲ ਟਕਰਨਾ ਪੈਂਦਾ ਹੈ। ਅਸਲ ਸੂਰਮਾ ਉਹ ਹੈ ਜੋ ਇਨ੍ਹਾਂ ਵੈਰੀਆਂ ਦੇ ਟਾਕਰੇ ਤੇ ਖੋਲਤਾ ਹੈ ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ, ਜਦੋਂ ਇਹ ਜੰਗ ਜਿੱਤਿਆ ਜਾ ਸਕਦਾ ਹੈ। ਉਹ ਹੈ ਅਸਲ ਸੂਰਮਾ। ਉਸ ਦੇ ਦਸਮ ਦੁਆਰ ਵਿਚ ਧੌਂਸਾ ਵਜਦਾ ਹੈ। ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ ਇਕ ਹੋਰ ਵੀ ਸੂਰਮਾ ਹੈ, ਉਸ ਮਨੁੱਖ ਨੂੰ ਭੀ ਸੂਰਮਾ ਸਮਝਣਾ ਚਾਹੀਦਾ ਹੈ ਜੋ ਗਰੀਬ ਦੀ ਖਾਤਰ ਲੜਦਾ ਹੈ, ਗਰੀਬ ਵਾਸਤੇ ਲੜਦਾ ਲੜਦਾ ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਦੇ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ। ਅੰਗ-1105

***

## ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦਾ ਸੁਨੇਹਾ

ਦੂਜਾ ਸਥਾਨ ਪ੍ਰਾਪਤ ਕੀਤਾ। ਖੋ-ਖੋ ਲੜਕੇ ਅੰਡਰ-19 ਦੇ ਮੁਕਾਬਲੇ ਵਿੱਚ ਖੋ-ਖੋ ਕੋਚਿੰਗ ਸੈਂਟਰ ਜਵਾਹਰ ਨਗਰ ਲੁਧਿਆਣਾ ਨੇ ਪਹਿਲਾ, ਐਸ.ਓ.ਈ. ਜਵਾਹਰ ਨਗਰ ਲੁਧਿਆਣਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਰੱਸਾਕੱਸ਼ੀ ਵਿੱਚ ਖੋਸਾ ਕੋਟਲਾ, ਮੋਗਾ ਨੇ ਪਹਿਲਾ ਜਦਕਿ ਸ਼ਹੀਦ ਸ਼ੰਕਰ, ਜਲੰਧਰ ਦੀ ਟੀਮ ਦੂਜੇ ਥਾਂ ਰਹੀ। ਅਥਲੈਟਿਕਸ ਦੇ ਵੱਖ ਵੱਖ ਮੁਕਾਬਲਿਆਂ ਵਿੱਚ ਲੜਕਿਆਂ ਦੀ 200 ਮੀਟਰ ਦੌੜ ਵਿੱਚੋਂ ਮੋਗਾ ਦਾ ਜਸ਼ਨਪ੍ਰੀਤ ਸਿੰਘ, ਲੜਕੀਆਂ ਵਿੱਚੋਂ ਦਿੱਲੀ ਦੀ ਸਿਮਰਨਦੀਪ ਕੌਰ, ਲੜਕੇ 800 ਮੀਟਰ ਵਿੱਚੋਂ ਸ੍ਰੀ ਮੁਕਤਸਰ ਸਾਹਿਬ ਦਾ ਆਕਾਸ਼ਦੀਪ ਸਿੰਘ ਅਤੇ ਲੜਕੀਆਂ ਵਿੱਚੋਂ ਹੁਸ਼ਿਆਰਪੁਰ ਦੀ ਪੂਜਾ, ਲੜਕਿਆਂ ਦੀ ਉੱਚੀ ਛਾਲ ਵਿੱਚ ਗੁਰਦਾਸਪੁਰ ਦੇ ਰੋਸ਼ਨਪ੍ਰੀਤ ਸਿੰਘ ਅਤੇ ਲੜਕੀਆਂ ਵਿੱਚੋਂ ਤਰਨ ਤਾਰਨ ਦੀ ਰਿੰਪਲ ਕੌਰ ਨੇ ਪਹਿਲੀਆਂ ਪੁਜੀਸ਼ਨਾਂ ਲਈਆਂ। ਇਸੇ ਤਰ੍ਹਾਂ 65 ਸਾਲ ਤੋਂ ਵੱਧ ਉਮਰ ਦੇ ਖਿਡਾਰੀਆਂ ਦੀ 100 ਮੀਟਰ ਦੌੜ ਵਿੱਚ ਮੁਹਾਲੀ ਦੇ ਜੀਤ ਸਿੰਘ, 70 ਸਾਲ ਤੋਂ ਵੱਧ ਮਰਦਾਂ ਦੀ ਦੌੜ ਵਿੱਚ ਹੁਸ਼ਿਆਰਪੁਰ ਦੇ ਸੁਰਿੰਦਰਪਾਲ ਸ਼ਰਮਾ ਤੇ 75 ਸਾਲ ਤੋਂ ਉਪਰ ਵਰਗ 'ਚ ਗੁਰਦਾਸਪੁਰ ਦੇ ਸਰਬਜੀਤ ਸਿੰਘ ਨੇ ਪਹਿਲੇ ਸਥਾਨ ਹਾਸਲ ਕੀਤੇ। ਇਸੇ ਤਰ੍ਹਾਂ 80 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦੀ 100 ਮੀਟਰ ਦੌੜ ਵਿੱਚੋਂ ਫਿਰੋਜ਼ਪੁਰ ਦਾ ਬਿੱਕਰ ਸਿੰਘ ਪਹਿਲੇ, ਬਰਨਾਲਾ ਦਾ ਛੱਜੂ ਰਾਮ ਦੂਜੇ ਅਤੇ ਗੁਰਦਾਸਪੁਰ ਦਾ ਗੁਰਦਿਆਲ ਸਿੰਘ ਤੀਜੇ ਸਥਾਨ 'ਤੇ ਰਿਹਾ।

***

## ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਪੁਸਤਕ

ਡਾ. ਕਪਿਲਾ ਨੇ ਰੂਹਾਨੀ ਰਚਨਾ ਸਾਂਝੀ ਕੀਤੀ। ਬੀਬੀ ਰਾਜਵਿੰਦਰ ਕੌਰ ਢਿੱਲੋਂ ਨੇ ਪੰਜਾਬ 'ਤੇ ਭਾਵਪੂਰਤ ਕਵਿਤਾ ਸੁਣਾਈ। ਬੀਬੀ ਜਸਵਿੰਦਰ ਕੌਰ ਸੰਧੂ ਨੇ ਸਮਾਜਿਕ ਮਾਹੌਲ 'ਤੇ ਸ਼ੇਅਰ ਕਹੇ। ਗੁਰਦੀਪ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਬੀਰ ਰਸੀ ਕਵੀਸ਼ਰੀ ਸੁਣਾਈ ਗਈ। ਮੰਚ ਸੰਚਾਲਨ ਪ੍ਰਸਿੱਧ ਫਨਕਾਰ ਮਾਸਟਰ ਰੈਂਕੋ ਵੱਲੋਂ ਆਪਣੇ ਟੋਟਕਿਆਂ ਨਾਲ ਖੂਬ ਨਿਭਾਇਆ। ਫੋਟੋਗ੍ਰਾਫੀ ਗੁਰਵਿੰਦਰ ਸਿੰਘ ਵੱਲੋਂ ਕੀਤੀ ਗਈ।

ਸਰੋਤਿਆਂ ਵਿੱਚ ਬੀਬੀ ਤ੍ਰਿਪਤ ਕੌਰ, ਬੀਬੀ ਪ੍ਰਮਿੰਦਰ ਕੌਰ, ਡਾ. ਕਿਰਨ ਕਪਿਲਾ, ਕਮਲਜੀਤ ਸਿੰਘ ਅਟਵਾਲ, ਕੇਵਲ ਸਿੰਘ ਲਾਂਬਾ, ਬੀਬੀ ਇੰਦਰਜੀਤ ਕੌਰ, ਬੀਬੀ ਜਗਦੀਸ਼ ਕੌਰ ਰੰਧਾਵਾ ਮੌਜੂਦ ਸਨ।

ਅਵਨਿੰਦਰ ਸਿੰਘ ਵੱਲੋਂ ਪ੍ਰਵਾਨਾ ਬਾਰੇ ਨਿੱਜੀ ਵਿਚਾਰ ਰੱਖਦਿਆਂ ਸਭ ਦਾ ਧੰਨਵਾਦ ਕੀਤਾ ਗਿਆ। ਪ੍ਰੋਗਰਾਮ ਦੀ ਸਫਲਤਾ ਵਿੱਚ ਅੰਗਰੇਜੀ ਬੋਲਣ ਵਾਲੇ ਅਤੇ ਬੱਚਿਆਂ ਵੱਲੋਂ ਕਵਿਤਾਵਾਂ ਪੜਨ ਵਿੱਚ ਸੀ। ਇੱਕ ਯਾਦਗਾਰੀ ਤਸਵੀਰ ਨਾਲ ਪ੍ਰੋਗਰਾਮ ਸੰਪੰਨ ਹੋਇਆ।

****

## ਗਿ. ਹਰਪ੍ਰੀਤ ਸਿੰਘ ਮਾਮਲੇ 'ਚ ਜਾਂਚ

ਇੱਕ ਮਹੀਨੇ ਦੀ ਰੋਕ ਵੱਧ ਗਈ। ਦੱਸਣਯੋਗ ਹੈ ਕਿ 19 ਦਸੰਬਰ 2024 ਤੋਂ ਗਿਆਨੀ ਹਰਪ੍ਰੀਤ ਸਿੰਘ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦੀਆਂ ਸੇਵਾਵਾਂ ਨਿਭਾਉਣ ਲਈ ਲੋਕ ਲਗਾਈ ਗਈ ਹੈ ਅਤੇ ਉਸ ਦਿਨ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਜਥੇਦਾਰ ਦੀਆਂ ਕਾਰਜਕਾਰੀ ਸੇਵਾਵਾਂ ਨਿਭਾ ਰਹੇ ਹਨ। ਯਾਦ ਰਹੇ, ਪਿਛਲੇ ਦਿਨੀ ਪੱਤਰਕਾਰਾਂ ਦੇ ਸਵਾਲ ਦੇ ਜਵਾਬ ਦਿੰਦੇ ਹੋਏ ਗਿਆਨੀ ਹਰਪ੍ਰੀਤ ਸਿੰਘ ਨੇ ਜਾਂਚ ਕਮੇਟੀ 'ਤੇ ਸਵਾਲੀਆ ਚਿੰਨ ਲਗਾਉਂਦਿਆਂ ਕਿਹਾ ਸੀ, "ਇਨ੍ਹਾਂ ਨੇ ਗੰਦ ਘੋਲ ਕੇ ਸਿਰ ਵਿੱਚ ਪਾਉਣੈ, ਜਦੋਂ ਮਰਜ਼ੀ ਪਾ ਲੈਣ"। ਗਿਆਨੀ ਹਰਪ੍ਰੀਤ ਸਿੰਘ ਨੇ ਤਿੰਨ ਮੈਂਬਰੀ ਕਮੇਟੀ 'ਤੇ ਕਈ ਵਾਰ ਸ਼ਬਦੀ ਵਾਰ ਕੀਤੇ ਹਨ, ਜੋ ਸਾਬਤ ਕਰਦਾ ਹੈ ਕਿ ਉਨ੍ਹਾਂ ਨੂੰ ਤਿੰਨ ਮੈਂਬਰੀ ਕਮੇਟੀ ਦੀ ਜਾਂਚ 'ਤੇ ਵਿਸ਼ਵਾਸ ਨਹੀਂ ਹੈ।

***

## ਪੰਜਾਬ ਤੋਂ ਬਾਹਰ ਦੀਆਂ ਜੇਲ੍ਹਾਂ 'ਚੋਂ 46 ਗੈਂਗਸਟਰ

### ਪੰਜਾਬ ਵਿੱਚ ਗੈਂਗਸਟਰਵਾਦ ਬਣਿਆ ਵੱਡਾ ਮਸਲਾ

ਇਹ ਸਾਰੇ ਉਹ ਨੌਜਵਾਨ ਸਨ, ਜਿਹੜੇ ਗੈਂਗਸਟਰ ਬਣ ਕੇ ਵਿਚਰਦੇ ਰਹੇ ਸਨ। ਪੰਜਾਬ ਪੁਲਿਸ ਗੈਂਗਸਟਰ ਖਾੜਕੂਆਂ ਦਾ ਹੀ ਦੂਜਾ ਰੂਪ ਸਮਝਦੀ ਹੈ, ਜਦਕਿ ਇਹ ਸਿਆਸਤਦਾਨਾਂ ਦਾ ਹਥਿਆਰ ਰਹੇ, ਡਰਗ ਸਮਗਲਿੰਗ ਦੇ ਜਿੰਮੇਵਾਰ ਹਨ। ਜਨਤਕ ਥਾਵਾਂ 'ਤੇ ਗੋਲ਼ੀਆਂ ਚਲਾ ਕੇ ਆਮ ਜਨਤਾ ਨੂੰ ਡਰਾਉਣਾ, ਫ਼ਿਰੌਤੀਆਂ ਲੈਣਾ ਇਹਨਾਂ ਦਾ ਕੂੜ ਧੰਦਾ ਹੈ। ਤਿੰਨ ਕੁ ਸਾਲ ਪਹਿਲਾਂ ਦੇ ਅੰਕੜਿਆਂ ਅਨੁਸਾਰ ਪੰਜਾਬ 'ਚ 70 ਦੇ ਲਗਪਗ ਗਿਰੋਹ ਸਰਗਰਮ ਸਨ ਜੋ ਅਗਵਾ, ਕਤਲਾਂ, ਲੁੱਟਾਂ-ਖੋਹਾਂ ਤੇ ਫ਼ਿਰੌਤੀਆਂ ਵਸੂਲਣ ਜਿਹੇ ਅਪਰਾਧਾਂ ਵਿਚ ਸ਼ਾਮਲ ਰਹੇ ਹਨ। ਸੈਂਕੜੇ ਗ੍ਰਿਫ਼ਤਾਰੀਆਂ ਤੋਂ ਬਾਵਜੂਦ ਇਨ੍ਹਾਂ ਵਿਚੋਂ ਬਹੁਤ ਸਾਰੇ ਗੈਂਗ ਹਾਲੇ ਵੀ ਸਰਗਰਮ ਹਨ। ਬਹੁਤ ਸਾਰੇ ਸਮਰੱਥ ਗੈਂਗਸਟਰ ਹੁਣ ਕੈਨੇਡਾ, ਅਮਰੀਕਾ ਤੇ ਹੋਰ ਪੱਛਮੀ ਮੁਲਕਾਂ 'ਚ ਜਾ ਕੇ ਵਸ ਗਏ ਹਨ ਤੇ ਉੱਥੋਂ ਹੀ ਆਪਣੇ ਗਿਰੋਹ ਚਲਾ ਰਹੇ ਹਨ ਤੇ ਭਾਰਤ ਲਈ ਸਿਰਦਰਦੀ ਬਣੇ ਹਨ।

ਇਹ ਸਮਾਜ ਵਿਰੋਧੀ ਅਨਸਰ ਸੋਸ਼ਲ ਮੀਡੀਆ ਦੀ ਡਟ ਕੇ ਦੁਰਵਰਤੋਂ ਕਰ ਰਹੇ ਹਨ। ਉਹ ਸ਼ਰੇਆਮ ਸੁਪਾਰੀ ਲੈ ਕੇ ਕਤਲ ਕਰਵਾਉਂਦੇ ਹਨ।

ਬੀਤੇ ਕੁਝ ਸਮੇਂ ਦੌਰਾਨ ਪੰਜਾਬ 'ਚ ਭਾਵੇਂ ਗੈਂਗਸਟਰਾਂ ਵਿਰੁੱਧ ਵੱਡੀਆਂ ਕਾਰਵਾਈਆਂ ਕੀਤੀਆਂ ਗਈਆਂ ਹਨ ਪਰ ਫ਼ਿਰ ਵੀ ਉਨ੍ਹਾਂ ਦੀਆਂ ਗ਼ੈਰ-ਕਾਨੂੰਨੀ ਗਤੀਵਿਧੀਆਂ ਹਾਲੇ ਵੀ ਜਾਰੀ ਹਨ। ਕੈਨੇਡਾ 'ਚ ਰਹਿੰਦੇ ਗੋਲਡੀ ਬਰਾੜ ਜਿਹੇ ਗੈਂਗਸਟਰ 'ਤੇ ਸਿੱਧੂ ਮੂਸੇਵਾਲਾ ਤੇ ਡੇਰਾ ਸੌਦਾ ਦੇ ਪੈਰੋਕਾਰ ਪ੍ਰਦੀਪ ਸਿੰਘ ਦੇ ਕਤਲਾਂ ਸਮੇਤ 50 ਤੋਂ ਵੱਧ ਹੋਰ ਸੰਗੀਨ ਕਿਸਮ ਦੇ ਅਪਰਾਧਾਂ ਦੇ ਦੋਸ਼ ਹਨ। ਸਾਲ 2019 ਵਿੱਚ ਜਦੋਂ ਉਹ ਸਟੂਡੈਂਟ ਵੀਜ਼ਾ 'ਤੇ ਕੈਨੇਡਾ ਗਿਆ ਸੀ ਤਦ ਉਸ ਖ਼ਿਲਾਫ਼ ਕੋਈ ਵੀ ਮਾਮਲਾ ਨਹੀਂ ਸੀ ਪਰ ਉੱਥੇ ਜਾ ਕੇ ਉਹ ਅਪਰਾਧ ਜਗਤ ਦੇ ਢਹੇ ਚੜ੍ਹ ਗਿਆ। ਲਾਰੈਂਸ ਬਿਸ਼ਨੋਈ ਵੀ ਪੰਜਾਬ ਯੂਨੀਵਰਸਿਟੀ ਵਿਚ ਜਾ ਕੇ ਹੀ ਮਾੜੀ ਸੰਗਤ 'ਚ ਪਿਆ ਸੀ।

ਆਖ਼ਰ ਵਿੱਦਿਆ ਦੇ ਇਨ੍ਹਾਂ ਮੰਦਰਾਂ 'ਚ ਸਮਾਜ ਵਿਰੋਧੀ ਅਨਸਰਾਂ ਦੀ ਛੂਤ ਕਿਉਂ ਤੇ ਕਿਵੇਂ ਫ਼ੈਲਦੀ ਹੈ, ਇਸ ਦੇ ਜ਼ਿੰਮੇਵਾਰ ਸਿਆਸਤਦਾਨ ਤੇ ਭ੍ਰਿਸ਼ਟ ਪੁਲਿਸ ਅਫ਼ਸਰ ਹਨ।

****

## ਕੀ ਫ਼ੈਸਲਾ ਹੋਇਆ 7 ਮੈਂਬਰੀ ਭਰਤੀ ਕਮੇਟੀ

ਅਤੇ ਵਾਰ-ਵਾਰ ਫ਼ੈਸਲੇ ਬਦਲੇ ਗਏ ਜਿਸ ਕਾਰਨ ਟਕਰਾਅ ਦਾ ਸੰਕਟ ਪੈਦਾ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਹਿਲਾਂ ਕੀਤੀ ਭਰਤੀ ਸੱਤ ਮੈਂਬਰੀ ਕਮੇਟੀ ਤੋਂ ਬਿਨਾਂ ਅਰਥਹੀਣ ਹੈ ।

ਮੀਟਿੰਗ ਤੋਂ ਬਾਅਦ ਕਮੇਟੀ ਮੈਂਬਰ ਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਇੱਕ ਨਿੱਜੀ ਚੈਨਲ ਨਾਲ ਗੱਲ ਕਰਦਿਆਂ ਕਿਹਾ ਕਿ ਅਸੀਂ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਮੁਤਾਬਕ ਕੰਮ ਕਰਨ ਲਈ ਤਿਆਰ ਹਾਂ ਤੇ ਹੁਣ ਅਕਾਲੀ ਦਲ ਦੱਸੇ ਕਿ ਕੀ ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮ ਮੁਤਾਬਕ ਭਰਤੀ ਕਰਵਾਉਣਾ ਚਾਹੁੰਦੇ ਹਨ ਕਿ ਨਹੀਂ।

ਇਸ ਸੰਬੰਧੀ ਫ਼ੋਨ 'ਤੇ ਗੱਲ ਕਰਦਿਆਂ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਇਸ ਮੀਟਿੰਗ ਦੀ ਚਰਚਾ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਕੀਤੀ ਗਈ ਹੈ ।ਮੀਟਿੰਗ ਵਿੱਚ ਸਾਰਥਿਕ ਹੱਲ ਨਿਕਲਣ ਦੀ ਆਸ ਬੱਝੀ ਹੈ। ਉਨ੍ਹਾਂ ਪਹਿਲਾਂ ਹੋਈ ਭਰਤੀ ਸੰਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਇਸ ਸੰਬੰਧੀ ਬਲਵਿੰਦਰ ਸਿੰਘ ਭੂੰਦੜ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਹੱਲ ਵੀ ਕੱਢਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਤੋਂ ਇਹ ਲੱਗ ਰਿਹਾ ਹੈ ਕਿ ਜੋ ਅੜਿੱਕਾ ਪੈਦਾ ਹੋਇਆ ਹੈ ਉਹ ਖਤਮ ਜਾਵੇਗਾ, ਬਾਕੀ ਮਸਲਿਆਂ ਦੇ ਸਾਰਥਿਕ ਹੱਲ ਜ਼ਰੂਰ ਨਿਕਲਣਗੇ। ਅਕਾਲੀ ਦਲ ਫਿਰ ਪੰਥ ਦਾ ਵਿਸ਼ਵਾਸ ਜਿੱਤੇਗਾ ਤੇ ਸਿਆਸਤ ਵਿੱਚ ਜੇਤੂ ਹੋਕੇ ਨਿਕਲੇਗਾ।

***

## ਨਾਨਕਸ਼ਾਹੀ ਕੈਲੰਡਰ ਦੇ ਖ਼ਾਤਮੇ ਬਾਬਤ

ਰਿਪੋਰਟ ਤਿਆਰ ਕਰ ਲਈ ਗਈ, ਤਕਰੀਬਨ ਦੋ ਘੰਟੇ ਦਾਸ ਨੇ ਇਸ ਦੇ ਪੈਣ ਵਾਲੇ ਪ੍ਰਭਾਵਾਂ 'ਤੇ ਬੋਲਿਆ ਅਤੇ ਪ੍ਰਧਾਨ ਨੂੰ ਕਿਹਾ ਕਿ ਦੋ ਮੈਂਬਰੀ ਕਮੇਟੀ ਸਾਡੇ ਨਾਲ ਚਰਚਾ ਕਰੇ ਮੱਕੜ ਸਾਹਿਬ ਨੇ ਹਾਜ਼ਿਰ ਮੈਂਬਰਾਂ ਸਾਹਮਣੇ ਪ੍ਰਵਾਨ ਕੀਤਾ ਕਿ ਸਾਨੂੰ ਇਸ ਬਾਰੇ ਕੁੱਝ ਨਹੀਂ ਪਤਾ ਅਸੀਂ ਤਾਂ ਉੱਪਰੋਂ ਆਇਆ ਹੁਕਮ ਵਜਾਉਣਾ ਹੈ ਜਿਸ ਦਾ ਅਸੀਂ ਲਿਖਤੀ ਵਿਰੋਧ ਦਰਜ ਕਰਵਾਇਆ ਅਤੇ ਮੀਟਿੰਗ ਵਿਚੋਂ ਬਾਹਰ ਆ ਗਏ ।ਮੁਕਦੀ ਗੱਲ ਅਕਾਲੀ ਲੀਡਰਸ਼ਿਪ ਦੇ ਕਹਿਣ ਤੇ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮੈਂ ਤਾਂ ਇਹ ਵੀ ਕਿਹਾ ਕਿ ਖਤਮ ਨਾ ਕਰੋ ਸਗੋਂ ਕੈਲੰਡਰ ਦੇ ਹੱਕ ਅਤੇ ਵਿਰੋਧ ਵਿੱਚ ਜੋ ਲੋਕ ਹਨ ਉਨ੍ਹਾਂ ਨੂੰ ਇੱਕਠਿਆਂ ਬਿਠਾਉ ਅਤੇ ਜੇ ਕੋਈ ਊਣਤਾਈ ਹੈ ਉਸ ਨੂੰ ਦੂਰ ਕਰ ਲਿਆ ਜਾਵੇ ਪਰੰਤੂ ਕਿਸੇ ਨਾ ਸੁਣੀ।

***

## 32 ਸਾਲ ਪਹਿਲਾਂ ਹੋਏ ਝੂਠੇ ਪੁਲਿਸ ਮੁਕਾਬਲੇ ਦੇ

32 ਸਾਲਾਂ ਦੇ ਸੰਘਰਸ਼ ਉਪਰੰਤ ਦੋਸ਼ੀਆਂ ਨੂੰ ਬਣਦੀ ਕਾਨੂੰਨੀ ਸਜ਼ਾ ਹੋਈ ਅਤੇ ਦੋਵਾਂ ਮਰਹੂਮ ਸਿੱਖ ਨੌਜਵਾਨਾਂ ਸਮੇਤ ਉਨ੍ਹਾਂ ਦੇ ਪਰਿਵਾਰਾਂ ਨੂੰ ਅਦਾਲਤ ਵੱਲੋਂ ਇਨਸਾਫ਼ ਮਿਲਿਆ। ਇਸ ਮੌਕੇ ਦੋਵਾਂ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਵਿੱਚ ਅਹਿਮ ਕਿਰਦਾਰ ਨਿਭਾਉਣ ਵਾਲੇ ਸੀ. ਬੀ. ਆਈ. ਦੇ ਵਕੀਲ ਅਨਮੋਲ ਨਾਰੰਗ, ਐਡਵੋਕੇਟ ਸਰਬਜੀਤ ਸਿੰਘ ਵੇਰਕਾ, ਐਡਵੋਕੇਟ ਪੁਸ਼ਪਿੰਦਰ ਸਿੰਘ ਤੇ ਐਡਵੋਕੇਟ ਜਗਜੀਤ ਸਿੰਘ ਦਾ ਹਾਜ਼ਰ ਪਰਿਵਾਰਕ ਮੈਂਬਰਾਂ ਵੱਲੋਂ ਧੰਨਵਾਦ ਕੀਤਾ ਗਿਆ।

***

## ਪਰਿਵਾਰ ਨੇ ਕਿਹਾ ਕਿ ਇਨਸਾਫ਼ ਅਧੂਰਾ

ਪੀੜਤ ਪੱਖ ਦੇ ਵਕੀਲ ਜਗਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਫ਼ੌਜ ਵਿੱਚੋਂ ਛੁੱਟੀ ਆਏ ਬਲਦੇਵ ਸਿੰਘ ਨੂੰ 6 ਸਤੰਬਰ, 1992 ਨੂੰ ਪੁਲਿਸ ਨੇ ਚੁੱਕ ਕੇ ਅਤੇ 8-9 ਦਿਨ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ 13 ਸਤੰਬਰ, 1992 ਨੂੰ ਐਨਕਾਊਂਟਰ ਦਰਸਾ ਦਿੱਤਾ ਸੀ।

ਉਨ੍ਹਾਂ ਨੇ ਦੱਸਿਆ, 'ਲਖਵਿੰਦਰ ਸਿੰਘ ਸੁਲਤਾਨਵਿੰਡ ਦਾ ਰਹਿਣ ਵਾਲਾ ਸੀ ਪਰ ਪੁਲਿਸ ਦੇ ਡਰੋਂ ਕਿਰਾਏ ਦੇ ਮਕਾਨ ਵਿੱਚ ਨੰਗਲੀ ਰਹਿੰਦਾ ਸੀ। ਉੱਥੋਂ ਉਸ ਨੂੰ ਥਾਣਾ ਮਜੀਠਾ ਦੀ ਪੁਲਿਸ ਨੇ ਚੁੱਕ ਕੇ, ਦੋਵਾਂ ਦਾ ਇਕੱਠਿਆਂ ਝੂਠਾ ਪੁਲਿਸ ਮੁਕਾਬਲਾ 13 ਸਤੰਬਰ 1992 ਨੂੰ ਬਣਾ ਦਿੱਤਾ ਸੀ।'

ਵਕੀਲ ਮੁਤਾਬਕ, 'ਪੁਲਿਸ ਨੇ ਕਹਾਣੀ ਇਹ ਬਣਾਈ ਸੀ ਕਿ ਬਲਦੇਵ ਸਿੰਘ ਤਤਕਾਲੀ ਬੇਅੰਤ ਸਿੰਘ ਸਰਕਾਰ ਵਿੱਚ ਐੱਮਐੱਲਏ ਦੇ ਬੇਟੇ ਦਾ ਕਾਤਲ ਹੈ। ਇਸ ਕੇਸ ਵਿੱਚ ਉਸ ਨੂੰ ਨਾਮਜ਼ਦ ਕਰ ਕੇ ਜਦੋਂ ਰਿਕਵਰੀ ਵਿਖਾਉਣ ਲਈ ਲੈ ਕੇ ਜਾ ਰਹੇ ਸਨ ਤਾਂ ਅਣਪਛਾਤੇ ਖਾੜਕੂਆਂ ਨੇ ਉਸ 'ਤੇ ਹਮਲਾ ਕਰ ਦਿੱਤਾ।'

ਵਕੀਲ ਜਗਜੀਤ ਸਿੰਘ ਬਾਜਵਾ ਮੁਤਾਬਕ ਪੁਲਿਸ ਦੀ ਸਾਰੀ ਕਹਾਣੀ ਅਦਾਲਤ ਵਿੱਚ ਫ਼ੇਲ੍ਹ ਸਾਬਤ ਹੋ ਗਈ ਅਤੇ ਇਸ ਐਨਕਾਊਂਟਰ ਨੂੰ ਝੂਠਾ ਪਾਇਆ ਗਿਆ। ਤਰੱਕੀਆਂ ਲੈਣ ਲਈ ਪੁਲਿਸ ਵਾਲਿਆਂ ਵੱਲੋਂ ਬੇਗੁਨਾਹ ਬੰਦੇ ਚੁੱਕੇ ਗਏ। ਪਰ ਇਸ ਨੂੰ ਇਨਸਾਫ਼ ਨਹੀਂ ਗਿਣਿਆ ਜਾ ਸਕਦਾ ਕਿਉਂਕਿ ਇਨ੍ਹਾਂ ਬੱਚਿਆਂ ਦੇ ਮਾਪੇ, ਜਿਨ੍ਹਾਂ ਇਹ ਕੇਸ ਫ਼ਾਇਲ ਕੀਤੇ ਸਨ, ਉਹ ਕਈ ਸਾਲ ਪਹਿਲਾਂ ਇਸ ਦੁਨੀਆਂ ਤੋਂ ਚਲੇ ਗਏ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com